ਸ਼ਗਨਾਂ ਦੇ ਗੀਤ

(ਸੁਹਾਗ, ਘੋੜੀਆਂ ਤੇ ਢੋਲਕੀ ਦੇ ਗੀਤ)

ਕੰਵਲਜੀਤ ਸਿੱਧੂ

ਏਸ਼ੀਆ ਵਿਜ਼ਨਜ

© ਲੇਖਕ : ਕੰਵਲਜੀਤ ਸਿੱਧੂ

ਸ਼ਗਨਾ ਦੇ ਗੀਤ

(ਸੁਹਾਗ, ਘੋੜੀਆਂ ਤੇ ਢੋਲਕੀ ਦੇ ਗੀਤ)

ਘਰ 18/353, 2 ਨੰਬਰ ਸੜਕ
ਗਲੀ ਨੰ : 7, ਸਰਦਾਰ ਨਗਰ
ਮੋਗਾ, ਪੰਜਾਬ
ਫੋਨ : 81464 34519

ਟਾਇਟਲ : ਜਨਮੇਜਾ ਜੌਹਲ

ਸਾਲ 2016
ਕੀਮਤ : 300 ਰੁਪੈ ਜਾਂ 30 ਡਾਲਰ

ਪ੍ਰਕਾਸ਼ਕ
ਏਸ਼ੀਆ ਵਿਜ਼ਨਜ
1-732-637-0579
98159-45018

ਸਮਰਪਣ

ਮੇਰੀ ਰੱਬ ਵਰਗੀ ਮਾਂ
ਸਰਦਾਰਨੀ ਪ੍ਰੀਤਮ ਕੌਰ ਗਿੱਲ
ਅਤੇ
ਬਹੁਤ ਹੀ ਪਿਆਰੇ ਭਤੀਜੇ
ਗਗਨਦੀਪ ਗਿੱਲ ਦੇ ਨਾਂ....

ਅਮੜੀ ਦੇ ਵਿਹੜਿਆ ਵੇ ਜ਼ਿੰਦਗੀ ਦੇ ਖੇੜਿਆ ਵੇ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ, ਗੁੱਡੀਆਂ ਪਟੋਲੇ ਮੈਥੋਂ
ਹੋ ਗਏ ਨੇ ਓਹਲੇ ਮੇਰੀ ਅੱਖੀਆਂ 'ਚੋਂ ਡੁੱਲ੍ਹਦੇ ਨੇ ਚਾਅ
ਬਾਬਲੇ ਦੇ ਹਾਰ ਵਿਚੋਂ ਅੰਬੋ ਦੇ ਸ਼ਿੰਗਾਰ ਵਿਚੋਂ
ਮੋਤੀ ਅੱਜ ਦਿੱਤਾ ਏ ਲੁਟਾ
ਉੱਡੀਆਂ ਤਾਂ ਕੁੰਜਾਂ ਨੀ ਭੈਣੋਂ ਉੱਡੀਆਂ ਪਹਾੜ ਨੂੰ
ਹੋਵਣਗੇ ਮੇਲੇ ਨੀ ਸਈਓ ਦਿਨ ਤੇ ਤਿਉਹਾਰ ਨੂੰ
ਘੱਲੀਂ ਨੀ ਮਾਏਂ ਮੇਰੇ ਬਾਬਲ ਸਰਦਾਰ ਨੂੰ।



ਮੇਰੀ ਬੇਟੀ

ਮੇਰੀ ਬੇਟੀ ਸੁਮਨਪ੍ਰੀਤ ਸੰਧੂ ਮੇਰੇ ਨਕਸ਼ੇ ਕਦਮਾਂ ਤੇ ਚੱਲ ਕੇ ਪੰਜਾਬੀ ਸੱਭਿਆਚਾਰ ਦੀ ਸੇਵਾ 'ਚ ਜੁੜ ਰਹੀ ਹੈ। ਹੁਣ ਤੱਕ ਕਈ ਵਾਰ 'ਮਜ਼ਾਜਣ ਤੀਆਂ ਦੀ' ਗਿੱਧੇ ਦੀ ਕਾਲਜ ਟੀਮ ਦੀ ਮੈਂਬਰ ਰਹਿ ਚੁੱਕੀ ਹੈ, ਬਹੁਤ ਵਧੀਆ ਐਂਕਰ ਹੈ। ਬੈਸਟ ਸਪੀਕਰ ਰਹਿ ਚੁੱਕੀ ਹੈ। ਪ੍ਰਮਾਤਮਾ ਉਸ ਨੂੰ ਤਰੱਕੀਆਂ ਬਖਸ਼ੇ।

ਮੇਰੀ ਤੀਬਰ ਇੱਛਾ ਹੈ ਕਿ ਉਹ ਇਕ ਸੁਲਝੀ ਹੋਈ ਨੂੰਹ, ਧੀ ਤੇ ਅੱਣਖ ਵਾਲੀ ਪੰਜਾਬਣ ਮੁਟਿਆਰ ਬਣ ਕੇ ਸਮਾਜ ਵਿਚ ਵਿਚਰੇ ਤੇ ਸੱਭਿਆਚਾਰ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੇ।

ਮੁੱਖਬੰਦ

ਆਪਣੇ ਸੱਭਿਆਚਾਰ ਨਾਲ ਮੋਹ ਤਾ ਹਰੇਕ ਦਾ ਹੁੰਦਾ ਹੈ, ਪਰ ਉਸ ਵਿਚ ਗੜੁੱਚ ਹੋਣਾ ਤੇ ਫੇਰ ਆਪਣੇ ਜੀਵਨ ਨੂੰ ਇਸਦੇ ਲੇਖੇ ਲਾ ਦੇਣਾ, ਸਤਿਕਾਰਯੋਗ ਕੰਵਲਜੀਤ ਸਿੱਧੂ ਜੀ ਦੇ ਹੀ ਹਿੱਸੇ ਆਇਆ ਹੈ। ਉਹਨਾ ਬਾਰੇ ਦਰਜਣਾ ਲੇਖ ਅਖਬਾਰਾਂ ਵਿਚ ਛਪੇ ਹਨ। ਟੀਵੀ ਦੇ ਸੱਜਰੀ ਸਵੇਰ ਪ੍ਰੋਗਰਾਮ ਤੇ ਉਹਲਾ ਆਪਣੇ ਕੀਤਮੀ ਵਿਚਾਰ ਦਿੰਤੇ। ਇਲਾਕੇ ਦੇ ਲੋਕ ਉਹਨਾ ਕੋਲ ਸਾਂਭੇ ਸੱਭਿਆਚਾਰ ਦਾ ਖਜਾਨੇ ਬਾਰੇ ਜਾਣਦੇ ਹਨ, ਤਾਂਹੀ ਤਾਂ ਲੋਕ ਉਹਨਾਂ ਨੂੰ ਪੰਜਾਬੀ ਸੱਭਿਆਚਾਰ ਦੀ ਸ਼ਾਹੂਕਾਰਨੀ, ਵਿਰਸੇ ਦੀ ਲੋਅ ਤੇ ਗਿੱਧਿਆਂ ਦੀ ਰਾਣੀ ਵਜੋਂ ਜਾਣਦੇ ਹਨ। ਜਿੱਥੇ ਉਹ ਗਿੱਧੇ ਤੇ ਬੋਲੀਆਂ ਵਿਚ ਸਿਮੌਰ ਹਨ, ਉੱਥੇ ਨਾਲ ਦੀ ਨਾਲ ਉਹ ਫੋਕ ਆਇਟਮਸ ਦਰੀਆਂ, ਨਾਲੇ ਛਿਕੂ ਕਰੋਸ਼ੀਆ ਵਿਚ ਮੁਹਾਰਤ, ਸਲਾਈਆਂ ਨਾਲ ਬੁਣਨਾ, ਕਢਾਈ ਕੱਢਣਾ ਆਦਿ ਵਿਚ ਨਿਪੁੰਨ ਹਨ। ਉਹਨਾਂ ਨੂੰ ਅਨੇਕਾਂ ਮਾਣ ਸਨਮਾਨ ਮਿਲੇ ਹਨ, ਜੇਕਰ ਹਰੇ ਕ ਦਾ ਜ਼ਿਕਰ ਕਰਾਂ ਤਾਂ ਕਈ ਸਫੇ ਭਰ ਜਾਣਗੇ।

ਅਧਿਆਪਨ ਦੇ ਨਾਲ ਨਾਲ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਵਧੀਆ ਕੋਚਿੰਗ ਦੇ ਕੇ ਚੰਗੇ ਆਰਟਿਸਟ ਬਣਾਇਆ। ਇਹ ਬਹੁਤ ਹੀ ਸਲਾਹਣ ਯੋਗ ਹੈ ਕਿ ਉਹ ਰਿਟਾਇਰਮੈਂਟ ਤੋਂ ਬਾਅਦ ਵੀ ਪੰਜਾਬੀ ਸੱਭਿਆਚਾਰ ਦੀ ਸੇਵਾ ਵਿਚ ਜੁਟੇ ਹੋਏ ਹਨ। ਡਬਲ ਐਮ ਏ ਵਿਦਿਅਕ ਯੋਗਤਾ ਵਾਲੀ ਇਸ ਸਖਸ਼ੀਅਤ ਨੇ ਹੁਣ ਆਪਣਾ ਸਮਾਂ, ਸੱਭਿਅਚਾਰ ਨੂੰ ਕਲਮਬੱਧ ਕਰਨ ਦਾ ਤਹੀਆ ਕੀਤਾ ਹੇ ਅਤੇ ਉਮੀਦ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਸਾਨੂੰ ਬਹੁਤ ਸਾਰੀਆਂ ਸੱਭਿਆਚਾਰਕ ਸੇਧਾਂ ਮਿਲਣਗੀਆਂ, ਜਿਵੇ ਹਿਸ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਆਪਣੇ ਆਪ ਨੂੰ ਅਮੀਰ ਮਹਿਸੂ ਕਰੋਗੇ।

ਆਓ ਉਡੀਕ ਕਰੀਏ

-ਜਨਮੇਜਾ ਸਿੰਘ ਜੌਹਲ

ਲੁਧਿਆਣਾ,

98159÷45018

ਮੇਰੇ ਵਲੋਂ

ਲੋਕ ਗੀਤ ਪੰਜਾਬ ਦੀ ਆਤਮਾ ਦੀ ਅਵਾਜ਼ ਹਨ। ਇਹ ਪੰਜਾਬੀਆਂ ਦੇ ਰੰਗੀਲੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹਨ। ਸਮੇਂ ਸਮੇਂ ਪੰਜਾਬੀ ਮੁਟਿਆਰਾਂ ਅਤੇ ਨੌਜਵਾਨਾਂ ਨੇ ਇਸ ਦੇ ਖਜ਼ਾਨੇ ਨੂੰ ਆਪਣੇ ਪਿਆਰ ਵਲਵਲਿਆਂ ਨਾਲ ਭਰਪੂਰ ਕੀਤਾ ਹੈ।

ਲੋਕ ਗੀਤ ਸਾਡੇ ਦਿਲਾਂ ਦੀ ਅਵਾਜ਼, ਚਾਵਾਂ ਮਲਾਰਾਂ ਤੇ ਸਧਰਾਂ ਦਾ ਇਕ ਆਪ ਮੁਹਾਰਾ ਸੰਗੀਤ ਹਨ। ਲੋਕ ਗੀਤਾਂ ਦਾ ਜਨਮ ਮਨੁੱਖ ਦੇ ਜਨਮ ਨਾਲ ਹੋਇਆ, ਇਹ ਸਭਿਅਤਾ ਦੇ ਹਾਣੀ ਹਨ। ਜਿਉਂ ਜਿਉਂ ਸਭਿਅਤਾ ਵੱਧਦੀ ਤੇ ਪ੍ਰਫੁੱਲਤ ਹੁੰਦੀ ਗਈ ਤਿਉਂ ਤਿਉਂ ਸਾਡੇ ਗੀਤ ਵੀ ਵੱਧਦੇ ਤੇ ਪ੍ਰਫੁੱਲਤ ਹੁੰਦੇ ਗਏ।

ਜ਼ਿੰਦਗੀ ਆਦਮ ਜਾਤ ਦੇ ਕੂਲੇ ਮੱਖਣਾਂ ਜਿਹੇ ਦਿਲ ਨੂੰ ਦੋਹੀ ਹੱਥੀਂ ਰਿੜਕਦੀ ਹੈ। ਮਧਾਣੀ ਦੇ ਇਕ ਗੇੜੇ ਨਾਲ ਦਿਲ ਪਾਣੀਓਂ ਪਾਣੀ ਹੋ ਕੇ ਛੱਲਕ ਪੈਂਦਾ ਹੈ। ਇਹਦੀਆ ਮਹਿਕਾਂ ਭਿੰਨੀਆਂ ਛਿੱਟਾਂ ਪੰਜਾਬੀਆਂ ਦੀਆਂ ਪਲਕਾਂ ਤੇ ਮੋਤੀਆਂ ਵਾਂਗ ਲਿਸ਼ਕ ਪੈਂਦੀਆਂ ਹਨ। ਉਨ੍ਹਾਂ ਦੇ ਹੋਠਾਂ ਤੇ ਵਹਿ ਤੁਰਦੀਆਂ ਨੇ ਪਰ ਕੋਈ ਜਿਨ੍ਹਾਂ ਮਰਜ਼ੀ ਜ਼ੋਰ ਲਾਵੇ, ਇਹ ਛਿੱਟਾਂ ਕਿਸੇ ਦੀ ਪਕੜ ਵਿਚ ਨਹੀਂ ਆਉਂਦੀਆਂ। ਹੜ੍ਹਾਂ ਦੇ ਹੜ੍ਹ ਲੰਘ ਜਾਂਦੇ ਹਨ, ਡੱਕੇ ਨਹੀਂ ਜਾਂਦੇ, ਬੰਨ੍ਹ ਨਹੀਂ ਲਗਦੇ, ਕਿਸੇ ਕਲਾਵੇ ਵਿਚ ਨਹੀਂ ਸਮੋਂਦੇ। ਇਨ੍ਹਾਂ ਰਤਨਾਂ ਦਾ ਟਾਵਾਂ ਟਾਵਾਂ ਦਾਣਾ ਹੇਠਲੀਆਂ ਰੇਖਾਵਾਂ ਨਾਲ ਚੰਬੜਿਆ ਰਹਿ ਜਾਂਦਾ ਏ ਇਹਨੂੰ ਚੁੰਮ ਕੇ ਪੰਜਾਬੀ ਆਪਣੀ ਯਾਦਾਂ ਦੀ ਪਟਾਰੀ ਵਿਚ ਸਾਂਭ ਲੈਂਦੇ ਹਨ ਤੇ ਇਹ ਅਣਮੋਲ ਖਜ਼ਾਨਾ ਲੋਕ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹੈ। ਇਨ੍ਹਾਂ ਗੀਤਾਂ ਦੇ ਇਕ ਇਕ ਬੋਲ ਵਿਚ ਸਮੁੱਚੇ ਪੰਜਾਬ ਦਾ ਦਿਲ ਇਕ ਸੁਰ ਹੋ ਕੇ ਬੋਲਦਾ ਹੈ।

ਪੰਜਾਬਣ ਤ੍ਰੀਮਤ ਚੱਕੀ ਪੀਂਹਦੀ, ਦੁੱਖ ਰਿੜਕਦੀ, ਧਾਰਾਂ ਕੱਢਦੀ, ਸਾਗ ਤੜਕਦੀ, ਮੱਕੀ ਦੀਆਂ ਰੋਟੀਆਂ ਪਕਾਉਂਦੀ, ਚਰਖਾ ਕੱਤਦੀ ਹਰ ਵੇਲੇ ਇਨ੍ਹਾਂ ਕਾਵਮਈ ਖਿਆਲਾਂ ਦੇ ਰੇਸ਼ਮੀ ਪਰਛਾਵਿਆਂ ਵਿਚ ਗੁਆਚੀ ਰਹਿੰਦੀ ਹੈ। ਜਿਹੜੇ ਵਾਰੋ ਵਾਰੀ ਉਹਦੇ ਬੁੱਲ੍ਹਾਂ ਤੇ ਬੋਲੀਆਂ, ਸੁਹਾਗ, ਘੋੜੀਆਂ ਤੇ ਗੀਤਾਂ ਦੀ ਸ਼ਕਲ ਵਿਚ ਆ ਜਾਂਦੀਆਂ ਹਨ।

ਮੈਂ ਪ੍ਰਮਾਤਮਾ ਦਾ ਮਨ ਹੀ ਮਨ ਵਿਚ ਬਹੁਤ ਧੰਨਵਾਦ ਕਰਦੀ ਹਾਂ ਕਿ ਉਸ ਨੇ ਮੈਨੂੰ ਪੰਜਾਬ ਦੇ ਸੱਚੇ ਸੁੱਚੇ ਇਲਾਕੇ ਮਾਲਵੇ ਵਿਚ ਜਨਮ ਦਿੱਤਾ। ਜਿੱਥੇ ਸੁਹਾਗ, ਘੋੜੀਆਂ, ਢੋਲਕੀ ਦੇ ਗੀਤ, ਲੰਮੀ ਹੇਕ ਵਾਲੇ ਗੀਤ, ਹੇਰੇ ਤੇ ਗਿੱਧੇ ਵਿਚ ਨੱਚ ਧਮਾਲਾਂ ਪਾਈਆਂ ਜਾਂਦੀਆਂ ਹਨ। ਗਲ ਕੀ ਮਾਲਵਾ ਖੇਤਰ ਇਨ੍ਹਾਂ ਸਭ ਕੁਝ ਨੂੰ ਪੰਜਾਬੀ ਸਭਿਆਚਾਰ ਦੀ ਖਾਣ ਕਿਹਾ ਜਾਂਦਾ ਹੈ। ਇਸੇ ਲਈ ਤਾਂ ਪੰਜਾਬਣ ਮੁਟਿਆਰ ਕਹਿੰਦੀ ਹੈ:

"ਦੋ ਪੈਰ ਘੱਟ ਤੁਰਨਾ ਮੈਂ ਤਾਂ ਤੁਰਨਾ ਮੜਕ ਦੇ ਨਾਲ"

ਗੀਤਾਂ ਦੀ ਤੇ ਨੱਚਣ ਦੀ ਜਾਗ ਮੈਨੂੰ ਖੂਨ 'ਚੋਂ ਹੀ ਲੱਗੀ ਹੈ। ਮੇਰੀ ਮਾਂ, ਮਾਸੀਆਂ ਗੀਤਾਂ ਦੀ ਪਟਾਰੀ ਸਨ। ਜਿਨ੍ਹਾਂ ਦੇ ਮੂੰਹੋਂ ਮੈਂ ਹਮੇਸ਼ਾ ਨਵੇਂ ਨਵੇਂ ਗੀਤ ਸੁਣ

ਦੀ ਰਹਿੰਦੀ ਸੀ। ਜਦੋਂ ਮੇਰੀ ਮਾਂ ਗਾਉਂਦੀ ਤਾਂ ਮੈਨੂੰ ਲਗਦਾ ਸਾਡੇ ਘਰ ਕੋਇਲ ਦੀ ਅਵਾਜ਼ ਗੂੰਜ ਰਹੀ ਹੈ। ਮੇਰੀ ਮਾਂ ਦਾ ਗੁੰਦਵਾਂ ਸਰੀਰ ਸ਼ਰਬਤੀ ਅੱਖੀਆਂ ਉਸ ਨੂੰ ਪੰਜਾਬ ਦੀ ਹੂਰ ਹੋਣ ਦੀ ਹਾਮੀ ਭਰਦੀਆਂ ਤੇ ਮੈਨੂੰ ਵੀ ਬਚਪਨ ਤੋਂ ਐਸੀ ਚੇਟਕ ਲੱਗੀ ਕਿ ਮੈਂ ਆਪਣੀ ਮਾਂ ਤੇ ਮਾਸੀਆਂ ਜਦੋਂ ਨੱਚਦੀਆਂ, ਗੀਤ ਗਾਉਂਦੀਆਂ, ਜਾਗੋ ਕੱਢ ਕੇ ਧਮਾਲਾਂ ਪਾਉਂਦੀਆਂ ਤਾਂ ਮੈਂ ਉਨ੍ਹਾਂ ਦੇ ਕਦਮਾਂ ਨੂੰ ਬਹੁਤ ਚੰਗੀ ਤਰ੍ਹਾਂ ਨਿਹਾਰਦੀ ਤੇ ਉਵੇਂ ਹੀ ਗਾ ਕੇ ਨੱਚ ਕੇ ਧਮਾਲਾਂ ਪਾਉਂਦੀ। ਪਤਾ ਨਹੀਂ ਕਦੋਂ ਮੈਂ ਗਾਉਂਦੀ ਨੱਚਦੀ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰ ਕੇ ਮਾਰ ਸਕੂਲਾਂ ਕਾਲਜਾਂ ਦੀ ਸਟੇਜ ਤੇ ਨੱਚ ਕੇ ਗਾ ਕੇ ਆਪਣੀ ਪਹਿਚਾਣ ਬਣਾਉਣ ਲੱਗ ਪਈ। ਜਦੋਂ ਨੱਚਦੀ ਗਾਉਂਦੀ ਕਦੇ ਥੱਕਦੀ ਨਾ, ਕਮਲੀ ਬੌਰੀ ਹੋ ਜਾਂਦੀ ਨੱਚਦੀ ਤੇ ਖਾਣਾ ਪੀਣਾ ਭੁੱਲ ਜਾਂਦੀ।

ਸਮਾਂ ਬੜਾ ਬਲਵਾਨ ਹੈ ਜੋ ਹਰ ਚੀਜ਼ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ। ਇੰਜ ਕਰਦਿਆਂ ਮੇਰੇ ਗੀਤਾਂ ਤੇ ਨੱਚਣ ਦੀ ਸਿਫਤ ਰਿਸ਼ਤੇ ਦਾਰਾਂ, ਸਹੇਲੀਆਂ, ਭੈਣਾਂ ਤੇ ਉਸਤਾਦਾਂ ਵਲੋਂ ਕੀਤੀ ਜਾਂਦੀ ਤਾਂ ਮੈਨੂੰ ਬਹੁਤ ਵਧੀਆ ਹੁਲਾਰਾ ਮਿਲਦਾ, ਅੰਦਰ ਦੱਬੀ ਹੋਈ ਗੀਤਾਂ ਦੀ ਪਟਾਰੀ 'ਚੋਂ ਆਪ ਮੁਹਾਰੇ ਗੀਤ ਫੁੱਟਣ ਲੱਗ ਪਏ ਜਿਸ ਨੇ ਮੈਨੂੰ ਇਸ ਮੰਜਲ ਵਲ ਕਾਹਲੀ ਤੁਰਨ ਲਈ ਮਜਬੂਰ ਕਰ ਦਿੱਤਾ। ਜਿਵੇਂ ਖੂਹ ਦੀਆ ਟਿੰਡਾਂ ਪਾਣੀ ਭਰਦੀਆਂ ਨਹੀਂ ਥੱਕਦੀਆਂ, ਖੇਤਾਂ ਦੇ ਖੇਤ ਸਿੰਜ ਦਿੰਦੀਆਂ ਹਨ। ਉਸੇ ਤਰ੍ਹਾਂ ਅੰਦਰ ਗੀਤ, ਤੁਰਦੇ ਹੀ ਰਹਿੰਦੇ ਤੇ ਮੈਨੂੰ ਇੰਜ ਲਗਦਾ ਮੇਰਾ ਆਪਾ ਹੀ ਗੀਤ ਹੋ ਨਿਬੜਿਆ ਹੈ। ਮੈਨੂੰ ਕਿਸ ਹੱਦ ਤੱਕ ਇਹ ਜਨੂੰਨ ਹੈ ਇਸ ਦਾ ਅੰਦਾਜਾ ਲਾਉਣਾ ਬਹੁਤ ਮੁਸ਼ਕਲ ਹੈ।

"ਗੀਤ ਗਾਉਂਦੀ ਗਾਉਂਦੀ ਨੀ ਮੈਂ ਆਪੇ ਗੀਤ ਹੋਈ
ਦਿਨੇ ਰਾਤ ਮੈਂ ਕਮਲੀ ਹੋਈ ਗੀਤਾਂ ਦੀ ਨਸ਼ਿਆਈ
ਸਈਓ ਨੀ ਮੈਨੂੰ ਦਿਉ ਵਧਾਈਆਂ
ਗੀਤ ਮੇਰੇ ਤੇ ਮੈਂ ਗੀਤਾਂ ਦੀ ਹੋਈ।"

ਇਸ ਕਿਤਾਬ ਵਿਚ ਮੈਂ ਕੁਝ ਕੁ ਗੀਤ ਖੁਦ ਲਿਖੇ ਹਨ ਤੇ ਬਾਕੀ ਮੈਂ ਵਿਰਸੇ ਵਿਚੋਂ ਇਕੱਠੇ ਕੀਤੇ ਹਨ। ਮੇਰੀ ਪਲੇਠੀ ਕਿਰਤ "ਪੰਜਾਬ ਦਾ ਲੋਕ ਜੀਵਨ ਹੈ" ਤੇ ਉਸ ਤੋਂ ਬਾਅਦ ਦੂਸਰੀ ਕਿਤਾਬ ਮੈਂ ਪੰਜਾਬੀਆਂ ਦੀ ਝੋਲੀ ਪਾ ਰਹੀ ਹਾਂ "ਸ਼ਗਨਾਂ ਦੇ ਗੀਤ, ਸੁਹਾਗ, ਘੋੜੀਆਂ ਤੇ ਢੋਲਕੀ ਦੇ ਗੀਤ"।

ਮੈਂ ਸ਼ੁਕਰ ਗੁਜਾਰ ਹਾਂ ਛੋਟੇ ਵੀਰ ਜਨਮੇਜਾ ਸਿੰਘ ਜੌਹਲ ਦੀ ਜਿਨ੍ਹਾਂ ਨੇ ਮੇਰੀ ਕਿਤਾਬ ਦਾ ਮੁੱਖ ਬੰਦ ਲਿਖ ਕੇ ਨਿਵਾਜਿਆ ਹੈ ਤੇ ਮੇਰੀ ਕਿਰਤ ਛਾਪ ਕੇ ਵੀ ਮੈਨੂੰ ਰਿਣੀ ਕੀਤਾ ਹੈ।

-ਕੰਵਲਜੀਤ ਸਿੱਧੂ

ਆਪਣਿਆਂ ਦਾ ਪੰਨਾ

ਮੈਂ ਆਪਣੇ ਰੱਬ ਵਰਗੇ ਮਾਂ ਬਾਪ ਜਿਨ੍ਹਾਂ ਨੇ ਮੈਨੂੰ ਬਚਪਨ ਤੋਂ ਹੀ ਅਜੇਹੇ ਮੌਕੇ ਦਿੱਤੇ, ਪੜ੍ਹਾਇਆ ਤੇ ਇਸ ਮੰਜ਼ਲ ਤੇ ਪਹੁੰਚਾਇਆ, ਮੈਂ ਸਿਰ ਝੁੱਕਾਅ ਕੇ ਉਨ੍ਹਾਂ ਨੂੰ ਸਿਜਦਾ ਕਰਦੀ ਹਾਂ। ਅੱਜ ਮੈਂ ਜਿਸ ਮੁਕਾਮ ਤੇ ਖੜੀ ਹਾਂ ਆਪਣੇ ਮਾਂ ਬਾਪ ਕਰਕੇ ਹੀ ਹਾਂ। ਪ੍ਰਮਾਤਮਾ ਉਨ੍ਹਾਂ ਦਾ ਸਵਰਗਾਂ ਵਿਚ ਵਾਸਾ ਕਰੇ ਤੇ ਆਪਣੇ ਚਰਨਾਂ ਨਾਲ ਜੋੜੀ ਰੱਖੇ।

ਇਹ ਨਹੀਂ ਹੋ ਸਕਦਾ ਕਿ ਮੈਂ ਯਾਦ ਨਾ ਕਰਾਂ ਆਪਣੇ ਸਤਿਕਾਰ ਯੋਗ ਵੀਰ ਗੁਰਬੰਸ ਗਿੱਲ ਤੇ ਪਿਆਰੀ ਭਾਬੀ ਸਰਦਾਰਨੀ ਬਲਵਿੰਦਰ ਕੌਰ ਗਿੱਲ, ਆਪਣੀਆਂ ਛੋਟੀਆਂ ਭੈਣਾਂ, ਸਰਦਾਰਨੀ ਪਰਮਜੀਤ ਕੌਰ ਬਰਾੜ ਤੇ ਸਰਦਾਰਨੀ ਮਨਜੀਤ ਕੌਰ ਬਰਾੜ, ਪਤੀ ਸ. ਦੇਵਿੰਦਰ ਸਿੰਘ ਸਿੱਧੂ, ਨਣਦ ਬੀਬਾ ਹਰਬੰਸ ਕੌਰ ਤੇ ਬੇਟੀ ਸੁਮਨਪ੍ਰੀਤ ਕੌਰ ਸੰਧੂ, ਜਿਨ੍ਹਾਂ ਨੇ ਮੇਰੀ ਇਸ ਲਗਨ ਨੂੰ ਜੀਵਤ ਰੱਖਿਆ ਤੇ ਮੈਨੂੰ ਲਿਖਣ ਵੇਲੇ ਘਰ ਦੇ ਕੰਮਾਂ ਤੋਂ ਮੁਆਫੀ ਦਿੱਤੀ। ਮੈਂ ਧੰਨਵਾਦੀ ਹਾਂ ਆਪਣੇ ਛੋਟੇ ਵੀਰ ਡਾ. ਸਤੀਸ਼ ਵਰਮਾ (ਡਾਇਰੈਕਟਰ ਯੂਥ ਵੈਲਫੇਅਰ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦਾ ਜਿਨ੍ਹਾਂ ਨੇ ਮੈਨੂੰ ਲਿਖਣ ਲਈ ਪ੍ਰੇਰਿਆ ਤੇ ਮੇਰੀ ਪਲੇਠੀ ਕਿਰਤ, 'ਪੰਜਾਬ ਦਾ ਲੋਕ ਜੀਵਨ' ਛਪਵਾ ਕੇ ਪਾਠਕਾਂ ਦੇ ਰੂਬਰੂ ਕੀਤੀ।

ਮੈਂ ਗਲਤੀ ਕਰਾਂਗੀ ਜੇ ਮੈਂ ਭੁੱਲ ਜਾਵਾਂ ਐਸ.ਡੀ. ਕਾਲਜ ਮੋਗਾ ਨੂੰ ਜਿਥੋਂ ਮੈਨੂੰ ਇਸ ਮੰਜ਼ਲ ਤੇ ਪਹੁੰਚਣ ਲਈ ਅਨੇਕਾਂ ਮੌਕੇ ਮਿਲੇ। ਮੈਂ ਨਹੀਂ ਭੁੱਲ ਸਕਦੀ ਨੀਨਾ ਗਰਗ, ਪ੍ਰਿੰਸੀਪਲ ਐਸ.ਡੀ. ਕਾਲਜ, ਭੈਣਾਂ ਵਰਗੀਆਂ ਸਹੇਲੀਆਂ ਆਸ਼ਾ, ਪ੍ਰਤਾਪ, ਮੈਡਮ ਲੂੰਬਾ, ਰੇਨੂੰ ਕੁਸਮ, ਰੀਟਾ ਬੈਕਟਰ ਜਿਨ੍ਹਾਂ ਨੇ ਮੈਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਤੇ ਅੱਗੇ ਵਧਣ ਲਈ ਮੇਰਾ ਸਾਥ ਦਿੱਤਾ। ਮੈਂ ਨਹੀਂ ਭੁੱਲ ਸਕਦੀ ਆਪਣੀਆਂ ਮਾਸੀਆਂ ਸਰਦਾਰਨੀ ਸੁਰਜੀਤ ਕੌਰ ਗਿੱਲ ਤੇ ਸਰਦਾਰਨੀ ਨਸੀਬ ਕੌਰ ਸਿੱਧੂ ਜਿਨ੍ਹਾਂ ਤੋਂ ਮੈਂ ਬਹੁਤ ਕੁਝ ਸਿੱਖਿਆ ਤੇ ਮਾਸੀ ਜੀ ਦੀ ਬੇਟੀ ਸਰਦਾਰਨੀ ਸਤਬੀਰ ਤੂਰ ਜਿਸ ਨਾਲ ਮੇਰੀ ਬੜੀ ਗੂੜ੍ਹੀ ਸਾਂਝ ਹੈ।

ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਤੋਂ ਸ਼ੁਭ ਹੁੰਗਾਰੇ ਦੀ ਉਡੀਕ ਵਿਚ.....

-ਕੰਵਲਜੀਤ ਸਿੱਧੂ

ਤਤਕਰਾ

3 ਸਮਰਪਣ
5 ਮੇਰੀ ਬੇਟੀ
6 ਮੁੱਖਬੰਦ
7 ਮੇਰੇ ਵਲੋਂ
9 ਆਪਣਿਆਂ ਦਾ ਪੰਨਾ

17 ਸ਼ਗਨਾਂ ਦੇ ਗੀਤ

17 ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
18 ਸੱਸੇ ਲੜਿਆ ਨਾ ਕਰ ਐਵੇਂ ਸੜਿਆ ਨਾ ਕਰ
18 ਹਾੜ ਮਹੀਨਾ ਲੰਘ ਗਿਆ ਤੇ ਆਇਆ ਮਹੀਨਾ ਸੌਣ
19 ਤੂੰਬਾ ਵੱਜਦਾ ਈ ਨਾ ਤਾਰ ਬਿਨਾਂ
20 ਕਾਹਨੂੰ ਵੇ ਪਿੱਪਲਾ ਖੜ ਖੜ ਲਾਈ ਆ
21 ਨੀ ਮੈਂ ਤਾਰਿਆਂ ਦੇ ਪਾਵਾਂ ਕੰਨੀਂ ਬੁੰਦੇ,
22 ਮੇਰੀ ਗੋਰੀ ਗੋਰੀ ਮੰਗਦੀ ਕਲਾਈ
23 ਵੇ ਮੈਂ ਅੱਡ ਕੇ ਖੁਦਾ ਦੇ ਅੱਗੇ ਪੱਲਾ
23 ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ
25 ਖੁਸੀਆਂ ਲਿਆਈ ਆ
26 ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ
27 ਲੱਗ ਗਈ ਸੇਲ ਢਾਈ ਆਨੇ
28 ਨੀ ਮੈਂ ਗਲੀ ਪਤਾਸੇ ਵੰਡਾਂ ਰੇਲੂ ਨੇ ਆਉਣਾ ਰਾਤ ਨੂੰ
29 ਨੀ ਵਣਜਾਰਾ ਵਾਰੀ ਮੇਰੀ, ਜਾਨ ਲੱਗੇ ਪਿਆਰਾ
30 ਮਾਹੀ ਵੇ ਮੈਂ ਲੌਂਗ ਗਵਾ ਆਈ ਆ
31 ਤੂੰ ਬਾਗਾਂ ਦਾ ਮੋਰ
32 ਲੈ ਦਮੜੀ ਲੈ ਦਮੜੀ
34 ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ
35 ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
36 ਨੀ ਸੋਹਣੀਏ ਨੀ ਮੋਹਣੀਏ
37 ਸ਼ਾਵਾ ਕਿ ਲੌਂਗ ਮੇਰਾ ਐਸਾ ਘੜੀਂ
38 ਅੰਬਰਸਰੇ ਦੀਆਂ ਵੜੀਆਂ ਵੇ ਮੈਂ ਖਾਂਦੀ ਨਾ
39 ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ
40 ਕੋਠਾ ਪਾ ਲਿਆ ਈ ਛੜਿਆ ਮੁਹੱਲੇ
41 ਕੁੱਟ ਕੁੱਟ ਬਾਜਰਾ ਮੈਂ ਕੋਠੇ ਉਤੇ ਪਾਉਨੀਂ ਆਂ
42 ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ
43 ਵੇ ਠਾਣੇਦਾਰਾ ਉੱਚੀ ਹਵੇਲੀ ਪਾ
44 ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
45 ਬਾਜ਼ਾਰ ਵਿਕੇਂਦੀ ਤਰ ਵੇ
46 ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?
46 ਸੂਈ ਜ਼ਾਲਮਾ ਸੂਈ ਵੇ
48 ਨੀ ਅੜੀਓ ਹਰੀਆਂ ਹਰੀਆਂ ਗੰਦਲਾਂ ਕੁਵੇਲੇ ਨਿਸਰੀਆਂ
49 ਅਨਾਰਕਲੀ ਵਿਚ ਮਿਲ ਮਾਹੀਆ ਰਾਤਾਂ ਹੈਗੀਆਂ ਚਾਨਣੀਆਂ
49 ਫੁੱਲਾਂ ਦੀ ਬਹਾਰ ਰਾਤੀਂ ਆਇਓ ਨਾ

52 ਮਾਹੀ ਵੇ ਮੱਝੀਆਂ ਵਾਲਿਆ
53 ਨਸ਼ੇ ਦੀਏ ਬੰਦ ਬੋਤਲੇ
55 ਬਾਜਰੇ ਦਾ ਸਿੱਟਾ
57 ਕਿੱਥੋਂ ਆਇਆ ਧਣੀਆਂ
58 ਐਧਰ ਸ਼ੀਸ਼ਾ ਉੱਧਰ ਸ਼ੀਸ਼ਾ
59 ਵੇ ਮੈ ਪਾਣੀ ਭਰੇ ਨੀ ਆ ਪੱਤਣੋਂ
60 ਸੱਸ ਮੇਰੀ ਤਾਂ ਬੜੀ ਕੁਪੱਤੀ
61 ਪਿੱਛੇ ਪਿੱਛੇ ਆਉਂਦਾ
63 ਵੇ ਮੁੜ ਆ ਵਤਨਾਂ ਨੂੰ
64 ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ
65 ਸਾੜ੍ਹੀ ਲੈ ਦੇ ਵੇ ਦੁਹਰੇ ਲੱਪੇ ਵਾਲੀ
66 ਸਾਡਾ ਲਾਲ ਏ ਕੁਵਾਰਾ
67 ਵਿਹੜੇ ਵਿੱਚ ਵੰਗਾਂ ਛਣਕਾਉਦੀਂ ਫਿਰਾਂ ਜਾਣ ਕੇ
68 ਪਿੰਡ ਮੇਰੇ ਪੇਕਿਆਂ ਦਾ ਮੇਰੇ ਨਾਵਾਂ ਦੇ ਕੁਨਾਂ ਨਾ ਪਾਵੀਂ
69 ਵਗਣ ਪੁਰੇ ਦੀਆਂ ਵਾਵਾਂ
70 ਰਸੀਆ ਨਿੰਬੂ ਲਿਆਂਦੇ ਵੇ
71 ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
72 ਰੇਲਾਂ ਵਾਲਿਓ ਰੇਲਾਂ ਵਿਚ ਦੇਜਕੇ
73 ਵਗਦੀ ਸੀ ਰਾਵੀ ਮਾਹੀ ਵੇ
74 ਲੰਮਾ ਸੀ ਵਿਹੜਾ ਵੇ ਜਾਲਮਾਂ
75 ਮੱਖਣ ਤੇ ਸੰਧੂਰ ਰੰਗ ਮਾਹੀਏ ਦਾ - ਸ਼ਾਵਾ ਰੰਗ ਮਾਹੀਏ ਦਾ।
76 ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
77 ਰਾਹੀਆ ਰਾਹੇ ਜਾਂਦਿਆ ਵੇ
78 ਚੰਨਾ ਵੇ ਦੂਰ ਵਸੇਂਦਿਆ
79 ਹਾਲ ਵੇ ਰੱਬਾ
80 ਆਏ ਚੇਤ ਦੇ ਚਲਵੰਤ
83 ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ
83 ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
84 ਪਿੱਪਲ ਦਿਆਂ ਪੱਤਿਆ
85 ਗੋਰਾ ਗੋਰਾ ਮੁਖੜਾ ਤੇ ਕਾਲੀ ਕਾਲੀ ਲਿਟ ਵੇ
87 ਵੇ ਲਾਹੌਰੋਂ ਰੇੜਾ ਰੇੜ੍ਹਿਆ
88 ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ
89 ਕਾਜੀਆਂ ਮੁਹੱਲੇ ਨੀ ਮੈਂ ਵੇਚਣ ਗਈ ਸੋਏ
90 ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ
91 ਹਾਏ ਸਹੇਲੀਏ ਝੁੱਡੂ ਨੀ
92 ਉੱਚਾ ਨੀਂਵਾਂ ਚੌਂਤਰਾ ਮੈਂ ਪਾਵਾਂ ਭੰਗੜਾ
93 ਜੁੱਤੀ ਮੇਰੀ ਜਾਂਦੀ ਏ ਪਹਾੜੀਏ ਦੇ ਨਾਲ
94 ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ
95 ਅੰਮੜੀ ਦੇ ਵਿਹੜਿਆ ਵੇ
97 ਵਿਸਾਖ ਦੇ ਮਹੀਨੇ ਜੀ ਵਿਸਾਖੀ ਆਈ
98 ਇਕ ਮਾਹੇ ਦੋ ਮਾਹੇ ਤਿੰਨ ਮਾਹੇ ਚੱਲਦੇ ਆਏ
99 ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
100 ਸੜਕੇ ਸੜਕੇ ਜਾਦੀਏਂ ਮੁਟਿਆਰੇ ਨੀ
101 ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
102 ਫਿਰਨੀ ਆ ਬੰਨੇ ਨੀ ਬਨੇਰੇ ਚਾਰ ਚੁਫੇਰੇ
103 ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ

104 ਸੁਰਮਾ ਵਿਕਣਾ ਆਇਆ ਨੀ ਇਕ ਲੱਪ ਸੁਰਮੇ ਦੀ
105 ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ
106 ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ
107 ਰਾਹੇ ਰਾਹੇ ਜਾਣ ਵਾਲਿਆ ਹਾਏ ਉਏ ਜਾਣ ਵਾਲਿਆ
108 ਨੀ ਮੈਨੂੰ ਮੱਲੋਮੱਲੀ ਵੰਗਾਂ ਨੀ ਚੜ੍ਹਾ ਨੀ ਗਿਆ
108 ਮਿੱਟੀ ਦਿਆ ਘੜਿਆ ਹੋ ਮਿੱਟੀ ਦਿਆ ਘੜਿਆ
109 ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ
110 ਨੀ ਨਾਲੇ ਹੱਥੋ ਪੈਸੇ ਲੈ ਗਿਆ
111 ਛੱਡ ਚੱਲੀ ਹਾਂ ਘਰ ਵੀਰ ਦਾ ਭਾਬੋ ਹੀਰ ਦਾ
112 ਜੁੱਤੀ ਕਸੂਰੀ ਪੈਰੀਂ ਨਾ ਪੂਰੀ
113 ਨੀ ਮੈਂ ਪੇਕਿਆ ਦੇ ਜਾਣਾ ਮੈਨੂੰ ਚਾਅ ਕੁੜੀਓ
114 ਨੀ ਭਾਬੀ ਕਿਤੇ ਗੱਲ ਨਾ ਕਰੀਂ
115 ਨੀ ਭਾਬੀ ਮੇਰੀ ਗੁੱਤ ਖੋਹਲਦੇ
116 ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
117 ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ
118 ਸਾਡੀਆਂ ਕਾਹਦੀਆਂ ਲੋੜਾਂ ਵੇ
119 ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
120 ਜੇ ਮੈਂ ਜਾਣਦੀ ਸੱਸਾਂ ਦੀ ਮੰਡੀ ਲੱਗਣੀ,
121 ਬੱਲੇ ਬੱਲੇ ਬਈ ਭੱਤਾਂ ਲੈ ਕੇ ਦਿਉਰ ਦਾ ਚੱਲੀ
122 ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
122 ਅਸਾਂ ਚੜ੍ਹਾਏ ਗਜਰੇ ਨੀ ਹੇਠ ਬਰੋਟੇ ਦੇ..... ਸ਼ਾਵਾ ਨੀ ਹੇਠ ਬਰੋਟੇ ਦੇ
123 ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
124 ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ
125 ਤੁਸੀ ਨੌਕਰ ਚੱਲੇ ਨੌਕਰ ਚਾਕਰ ਚੱਲੇ
126 ਬਾਜ਼ਾਰ ਵਿਕੇਂਦੀ ਖੰਡ ਵੇ
128 ਹਾਏ ਗੱਡੀ ਆਈ ਐ ਨੀ
129 ਡਿੱਗ ਪਈ ਨੀ ਗੋਰੀ ਸ਼ੀਸ ਮਹਿਲ ਤੋਂ
130 ਮੇਰੇ ਭੁੰਨ ਦੇ ਝਿਉਰੀਏ
131 ਛੱਲਾ ਮੇਰਾ ਕਿਸ ਘੜਿਆ
132 ਕੱਚ ਦੀਆਂ ਚੂੜੀਆਂ ਮੈਂ ਆਨੇ ਆਨੇ ਵੇਚਦਾ
135 ਹਾਏ ਮੈਂ ਮਿੱਟੀ ਖਾਣੀ ਆਂ
137 ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ
138 ਹੁੱਲੇ ਹੁਲਾਰੇ ਲੋਕੀਂ ਗੰਗਾ ਚੱਲੇ – ਸ਼ਾਵਾ
139 ਬੱਲੇ ਬੱਲੇ ਬਈ ਕਾਗਜਾਂ ਦਾ ਬੁੱਕ ਆ ਗਿਆ
141 ਛੁੱਟੀ ਆਉਣਾ ਅੱਜ ਮੇਰੇ ਰਾਂਝੇ ਢੋਲ ਨੀ
142 ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ
143 ਰੱਤੀ ਤੇਰੀ ਤੇ ਢੋਲ ਮੇਰਿਆ ਲੁੰਗੀ ਉਏ
144 ਕੰਡੀ ਪਾ ਕੇ ਤੇਰੀ ਬਾਬਲਾ
145 ਮਾਹੀ ਮੇਰਾ ਲਾਮ ਨੂੰ ਗਿਆ
147 ਨੀ ਚਰਖਾ ਕੱਤਦੀ ਦਾ
148 ਬੱਲੇ ਬੱਲੇ ਬਈ ਮੇਲੇ ਮੁਕਸਰ ਦੇ
149 ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
150 ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ
151 ਆਹ ਲੈ ਮਾਏ ਸਾਂਭ ਕੁੰਜੀਆਂ
153 ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
154 ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ

155 ਚਿੱਟੀਆਂ ਕਪਾਹ ਦੀਆਂ ਫੁੱਟੀਆਂ
156 ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ
157 ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ
158 ਚਿੱਟੀ ਚਾਂਦਰ ਮੈਂ ਵਿਹੜੇ ਵਿਛਾਉਣੀ ਆਂ
159 ਕੱਢ ਨੀ ਅੰਮੜੀਏ ਕੁਝ ਸਜਿਆ ਸਜਾਇਆ
160 ਗਲੀਆਂ ਤਾਂ ਹੋਈਆਂ ਬਾਬਲ ਭੀੜੀਆਂ
161 ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
161 ਆਲੇ ਤੇ ਜਾਲੇ ਬਾਬਲ ਗੁੱਡੀਆਂ
162 ਡੋਲੀ ਦਾ ਵਾਣ ਪੁਰਾਣਾ ਨੀ, ਨੀ ਨਾ ਰੋ ਮੇਰੀ ਬੀਬੀ
163 ਉਡ ਉਡ ਚਿੜੀਏ ਉਡ ਬਹਿ ਜਾ ਕੀਲੇ
163 ਬਾਜ਼ਾਰ ਵਿਕੇਂਦੀਆਂ ਹੀਆਂ
165 ਧੀਆਂ ਹੁੰਦੀਆਂ ਨੇ ਦੌਲਤਾਂ ਬੇਗਾਨੀਆਂ
165 ਖੇਡਣ ਦੇ ਦਿਨ ਚਾਰ ਨੀ ਮਾਏ
166 ਬੋਲੀ ਬੋਲੀ ਵੇ ਬਨੇਰੇ ਦਿਆਂ ਕਾਵਾਂ
166 ਕੀ ਤੂੰ ਪਾਵੇਂ ਹਾਰ ਹਮੇਲਾਂ
167 ਤੋੜਾਂ ਗੰਦਲਾਂ ਤੇ ਪੈਣ ਪਈਆਂ ਦੰਦਲਾਂ
168 ਜੀਹਨੂੰ ਵੇਖਣੇ ਦੀ ਭੁੱਖ ਓਹਦੇ ਵਰਗਾ ਮਨੁੱਖ
169 ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
170 ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਵੰਗ ਟੁੱਟ ਗਈ
170 ਭਾਬੋ ਕਹਿੰਦੀ ਏ ਬਲਵੰਤ ਸਿੰਘਾ ਵੇਲਣਾ ਲਿਆ
171 ਗੱਲ ਸੁਣ ਜਾ ਤਵੀਤਾ ਵਾਲੇ ਜਿੰਦਰਾ
172 ਨੀ ਮੇਰੀਏ ਸ਼ਗਨਾਂ ਦੀਏ ਫੁਲਕਾਰੀਏ
173 ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ
174 ਗੱਡੀ ਆਈ ਟੇਸ਼ਣ ਤੇ ਕਿ ਲੈ ਬਈ ਟੇਸ਼ਣ ਤੇ
175 ਹੂੰ ਹਾਂ ਵੇ ਹਰਿਆ ਮੂੰਗਰਿਆ
175 ਮੇਰੀ ਫੁਲਕਾਰੀ ਦੀਆਂ ਬੂਟੀਆਂ, ਕੌਣ ਆ ਮਲਾਹੇ ਵੇ
176 ਮੇਰੀ ਪੈਂਡਲ ਵਾਲੀ ਕੈਂਠੀ ਘਾੜਤ ਅਜਬ ਨਜ਼ਾਰੇ ਦੀ
177 ਚੁੰਨੀ ਮਾਰਕੇ ਮੈਂ ਮਾਹੀਏ ਦੀ ਪਤੰਗ ਲੁੱਟ ਲਈ
178 ਮੁੰਡਾ ਚੁੱਕ ਲੈ ਦਿਉਰਾ ਭਾਬੀ ਦਾ
178 ਨੀ ਚਿੱਟੀਏ ਕਬੂਤਰੀਏ- ਹੋ
179 ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ
180 ਮੈਂ ਨਹੀ ਜਾਣਾ ਸਹੁਰੇ ਬਾਪੂ
181 ਪੱਤਾ ਖਾਧਾ ਪਾਨ ਦਾ .....ਵਾਹ ਬਈ ਵਾਹ
182 ਗੁੜ ਨਾਲੋਂ ਇਸ਼ਕ ਮਿੱਠਾ - ਓਏ ਹੋਏ
183 ਚਾਰ ਧੀਆ ਹੋਈਆਂ ਨੇ ਤੇ ਚਾਰ ਪੁੱਤਰ ਹੋਏ ਨੇ
184 ਸਵਾਦ ਬੜਾ ਆਇਆ ਅਚਾਰੀ ਮਿਰਚਾਂ ਦਾ
185 ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
186 ਜੇ ਤੂੰ ਮੈਨੂੰ ਚਾਹੁੰਦੀ ਵਿਆਹੁਣਾ ਮਾਏ ਮੇਰੀਏ
187 ਆਲੂ ਬੜੇ ਕਰਾਰੇ ਧਰਮ ਨਾਲ ਆਲੂ ਬੜੇ ਕਰਾਰੇ,
188 ਓ ਸੋਹਣਿਆ ਪਰਦੇਸੀ ਨਾ ਕਰ ਗੁਮਾਨ ਗੋਰੇ ਰੰਗ ਦਾ
189 ਜੰਮੂ ਸ਼ਹਿਰ ਨਾ ਵਿਆਹੀ ਮੇਰੀ ਮਾਂ
190 ਇਨ੍ਹਾਂ ਬੁੜੀਆਂ ਦੀ ਅੱਖ ਕੁੜੀਆਂ ਵਿਚ ਰਹਿੰਦੀ
191 ਲੈਚੀ ਦਾਣਾ ਤੇ ਗੁਲਕੰਦ
193 ਬੁੜੀ ਚੁਗਲੀ ਬਾਝ ਨਾ ਰਹਿੰਦੀ
194 ਸ਼ਾਵਾ ਤਮਾਸ਼ਾ ਬਿੰਦੀਆਂ ਦਾ
195 ਬਿਜਲੀ ਦਾ ਚੂੜਾ ਚੜ੍ਹਾਈ ਦੇ ਵੇ

197 ਸੁਣੋ ਨੀ ਵਿਹੜੇ ਵਾਲੀਓ
198 ਕੀ ਜੀਣਾ ਏ ਛੜਿਆ ਦਾ
198 ਮੈਂ ਚਲੀ ਪੀਆ ਪੇਕੜੇ ਤੁਸੀਂ ਮਗਰੇ ਹੀ ਆ ਜਾਈਓ – ਹਈ ਸ਼ਾਵਾ
199 ਵੇ ਐਵੇ ਲੜਿਆ ਨਾ ਕਰ ਢੋਲਣਾ
200 ਸਾਡਾ ਜੀਜਾ ਬੜਾ ਗ੍ਰੇਟ
201 ਦੋ ਤਿੰਨ ਚਾਰ ਅਸੀਂ ਪੰਜ ਨੀ ਭਰਾ
203 ਬੀਬੀਆ ਦਾ ਰਾਜ ਹੈ ਜੀ ਬੀਬੀਆ ਦਾ ਰਾਜ ਹੈ
203 ਸ਼ੂੰ– ਸ਼ਾ– ਸ਼ਾਰਾ– ਰਾ–ਰਾ ਹੋ ਰਹੀ ਸੀ ਰੇਲ ਵਿਚ
204 ਅੱਧੀ ਰਾਤੀ ਸੁੱਤੀ ਪਈ ਦਾ ਖੜ ਖੜ ਖੜਕਿਆ ਮੰਜਾ,
205 ਮੇਰਾ ਕੁੱਕੂ ਰਾਣਾ ਰੋਂਦਾ ਨੀ ਮੇਰਾ ਕੁੱਕੂ ਰਾਣਾ ਰੋਂਦਾ
206 ਹਾਏ ਵੇ ਮੀਆਂ ਮਿਰਜਾ ਲੱਗੀਆਂ ਨਾ ਤੋੜ ਵੇ
206 ਮੇਰੀ ਨਿੱਕੀ ਜਿਹੀ ਜੁਗਨੀ– ਹਈ ਸ਼ਾਵਾ
207 ਕੈਠੇ ਬੁਗਤੀ ਦਾ ਜੋੜ ਦੋਵਾ ਦਾ ਜਰੁੱਟ ਰੱਖੀਏ
207 ਬਾਰੀ ਦੇ ਵਿੱਚ ਖਲੋਤੀਏ, ਨੀ ਨਾਜੋ ਗੋਰੀਏ
208 ਮੈਨੂੰ ਪੈਸੇ ਭੇਜੀ ਵੇ ਰਾਂਝਣਾ ਮਾਂ ਭੈਣ ਤੋਂ ਚੋਰੀ
208 ਉੱਡੀ ਉੱਡੀ ਵੇ ਕਾਲਿਆਂ ਕਾਂਵਾ ਵੇ
209 ਆ ਵਣਜਾਰਿਆ ਵੰਗਾਂ ਵਾਲਿਆ, ਕਿੱਥੇ ਕੁ ਤੇਰੇ ਘਰ ਵੇ
210 ਸਾਡੀ ਬਾਰੀ ਦੇ ਨਾਲ ਸਲਾਈਆਂ ਨੇ
210 ਉੱਚੀ ਟਾਹਲੀ ਤੇ ਹੇਠ ਬਰੇਤੀ
211 ਨੂਰਪੁਰੇ ਤੋਂ ਮਾਏ ਫੌਜਾਂ ਨੀ ਆਈਆਂ
213 ਜੇ ਤੁਰ ਚੱਲੇ ਪ੍ਰਦੇਸ ਜਾਣ ਨਾ ਦੇਨੀ ਆ
213 ਕੈਠਾਂ ਤੈਨੂੰ ਵੇ ਫਬਦਾ ਕਲਗੀ ਲਵੇ ਵੇ ਹੁਲਾਰੇ
214 ਮੈਂ ਕਾਂਟੇ ਘੜਾਏ ਤੋਲੇ ਦੇ ਕਾਂਟੇ ਫੱਬ ਵੇ ਗਏ
215 ਵੇ ਲਿਆ ਵੇ ਚੰਬਾ ਲਾਵਾ ਘੜੇ ਦੇ ਕੋਲ
215 ਉਤਲੇ ਚੁਬਾਰੇ ਬਾਲੋ ਪੱਥੇ ਪਾਥੀਆਂ
216 ਬਾਰਾਂ ਵਜੇ ਦੀਆਂ ਗੱਡੀਆਂ ਆਈਆਂ ਨੇ
216 ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
217 ਮੇਰੇ ਵਿਹੜੇ ਦੀਏ ਧਰੇਕੇ ਨੀ ਜਿੰਦੇ
218 ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ

220 ਸੁਹਾਗ

220 ਮਧਾਣੀਆ– ਹਾਏ ਓ ਮੇਰੇ ਡਾਢਿਆ ਰੱਬਾ ਕਿੰਨ੍ਹਾਂ ਜੰਮੀਆਂ
220 ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ
222 ਲਾਡਲੀ ਨਾ ਰੱਖੀ ਬਾਬਲਾ ਤੇਰੀ ਲਾਡਲੀ ਦੇ ਫਰਜ ਘਨੇਰੇ
223 ਬੀਬੀ ਚੰਦਨ ਦੇ ਉਹਲੇ– ਉਹਲੇ ਕਿਉਂ ਖੜ੍ਹੀ
224 ਤੇਰੇ ਮਹਿਲੀ ਨਾ ਸਮਾਉਣ ਬਾਬਲਾ ਵੇ ਧੀਆਂ ਪਰਦੇਸਣਾਂ।
224 ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉਡ ਵੇ ਜਾਣਾ
225 ਜਾਈਏ ਦੂਰ ਖੇਡਣ ਨਾ ਜਾਈਂ ਸੱਜਣ ਤੈਨੂੰ ਲੈ ਜਾਣਗੇ
226 ਅੰਬਾਂ ਹੇਠ ਬੀਬੀ ਖੇਡਦੀ ਦੋ ਵਣਜਾਰੇ ਆਏ
226 ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਸਮ ਭਨੀ ਪਰਧਾਨ
227 ਨਿਵੇਂ ਪਹਾੜਾਂ ਦੇ ਪਰਬਤ ਹੋਰ ਨਿਵਿਆ ਨਾ ਕੋਈ
228 ਬਾਬਲ ਇਕ ਮੇਰਾ ਕਹਿਣਾ ਕੀ ਜੀਏ
229 ਹਾਇ ਨੀ ਲਿਪੀ ਪੋਚੀ ਮਾੜੀ
230 ਬਾਬਲ ਇਕ ਮੇਰਾ ਮਨ ਪਛਤਾਉਂਦਾ,
230 ਮੋਰਾਂ ਨੇ ਪੈਲ੍ਹਾਂ ਪਾ ਲਈਆਂ, ਬਾਬਲ ਛਮ ਛਮ ਰੋਵੇ
231 ਹਰੀਏ ਨੀ ਰਸ ਭਰੀਏ ਖਜੂਰੇ

232 ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ
233 ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ
234 ਲਾਡਾਂ ਦੇ ਨਾਲ ਪਾਲੀ ਭੈਣ ਨੂੰ
235 ਧੀਆਂ ਧਿਆਣੀਆਂ ਦਰਦ ਕਹਾਣੀਆਂ
236 ਬੋਲੀ ਬੋਲੀ ਵੇ ਬਨੇਰੇ ਦਿਆ ਕਾਵਾਂ
236 ਨਿਕੜੀ ਸੂਈ ਵਟਵਾਂ ਧਾਗਾ
237 ਨੀ ਤੂੰ ਜਾਹ, ਜਾਹ ਬੀਬੀ ਬਾਬੇ ਵਿਹੜੇ
238 ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ
238 ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ
239 ਮੈਂ ਤੈਨੂੰ ਆਖਦੀ ਬਾਬਲਾ
240 ਬਾਬਲ ਜੀ ਦੀ ਫੁੱਲ ਕਿਆਰੀ
241 ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
241 ਵੱਢ ਕਣਕਾਂ ਢੇਰ ਲਾਇਆ
242 ਕਿਹੜੇ ਤਾਂ ਸ਼ਹਿਰ ਦਾ ਮਾਲੀ ਆ ਜੀ ਬਾਗ ਲਵਾਇਆ
243 ਦਰ ਵਿਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ
244 ਬੀਬੀ ਦਾ ਜਨਮ ਆ, ਬੀਬੀ ਦੇ ਬਾਬੇ ਨੇ ਸੁਣਿਆ
245 ਚਾਰ ਗੁੱਲੀਆਂ ਰੰਗ ਡੁੱਲ੍ਹੀਆਂ, ਚਰ੍ਹਾਂ ਨੇ ਰੰਗ ਵਟਾਇਆ
245 ਉਠ ਵੇ ਬਾਬਲ ਸੁੱਤਿਆ
246 ਹਰਿਆ ਬਾਗਾਂ ਵੱਲ ਜਾ ਨੀ ਜਾਈਏ
247 ਬੀਬੀ ਦਾ ਬਾਬਲ ਦਾਨ ਕਰਦਾ
248 ਸੁਣ ਨੀ ਮਾਏ ਮੇਰੀਏ, ਮੇਰੇ ਬਾਬਲ ਨੂੰ ਸਮਝਾ
249 ਮਾਏ ਮੇਰੀਏ ਮਹਿਲਾਂ ਦੀਏ ਰਾਣੀਏ
250 ਮੇਰਾ ਤੇ ਵਰ ਘਰ ਤੂੰ ਟੋਲੀ ਵੇ ਬਾਬਲ ਮੇਰਿਆ
251 ਚੜ੍ਹ ਚੌਦਵੀਂ ਦਿਆ ਚੰਨਾ ਚਾਨਣ ਕਰੀਂ ਵੇ ਚੁਫੇਰੇ
251 ਬਣ ਫੁੱਲੀ ਬਣ ਵੇਲ ਸਦਾ ਬਣ ਫੁੱਲੀਏ
253 ਨਦੀ ਦੇ ਕਿਨਾਰੇ ਕਿਨਾਰੇ
254 ਚਿੱਟੀਏ ਚਾਦਰੇ ਨੀ ਮੱਛੀ ਕੰਡੇ ਸੀਤੀਏ
254 ਖੂਹੇ ਤੇ ਪਾਣੀ ਭਰੇਦੀਏ
256 ਦਾਦੀ ਕਹਿੰਦੀ ਪੋਤੀ ਮੇਰੀਏ
256 ਬੀਬੀ ਬਾਬੇ ਤੇਰੇ ਦੀ ਬਗੀਚੀ
257 ਬੀਬੀ ਨੀ ਲਾਡਲੀਏ ਬੀਬੀ ਰਾਜੇ ਦਾ ਵਰ ਕਿਥੋਂ ਪਾ ਲਿਆਏ
258 ਦਰ ਵਿੱਚ ਬੈਠੀ ਬੀਬੀ ਦਾਤਣ ਕਰਦੀ
259 ਉੱਚੇ ਉੱਚੇ ਮਹਿਲ ਪੁਆਏ
260 ਮੈਂ ਬਾਬਲ ਵਿਹੜੇ ਗਈ
261 ਅਸੀਂ ਬਾਬੇ ਪੋਤੀਆਂ ਚਾਰ
261 ਰੱਤੀਏ ਨੀ ਡੱਬੀਏ ਕੋਈ ਮੋਤੀਆ ਜੜੀਏ
262 ਨੀ ਬੀਬੀ ਬਾਬਲ ਦਿਆਂ ਮਹਿਲਾਂ ਵਿੱਚ ਕਿਉਂ ਖੜ੍ਹੀ?
263 ਬੀਬੀ ਸੁੱਤੀ ਸੁੱਤੀ ਝੱਟ ਜਾਗ ਲੈ

265 ਘੋੜੀਆਂ

265 ਜੀਵੇ ਬੰਨੜਾ ਓਮਰਾ ਸਾਰੀਆਂ
265 ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ
266 ਸੋਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ
267 ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ
268 ਉਠ ਨੀ ਰਾਵੇਲ ਘੋੜੀ ਬਾਬਲ ਵਿਹੜੇ ਜਾਹ
268 ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ

269 ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
270 ਦੇਸਾ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ
271 ਨਿੱਕੀ ਨਿੱਕੀ ਬੂੰਦੀ ਨਿੱਕਾ ਮੀਂਹ ਵੇ ਵਰ੍ਹੇ
272 ਆਇਆ ਵੀਰ ਦਾ ਵਿਆਹ ਗਿੱਧਾ
274 ਘੋੜੀ ਤਾਂ ਮੇਰੇ ਵੀਰ ਦੀ
276 ਘੋੜੀ ਇਕ ਲੱਖ ਦੀ ਘੋੜੀ ਦੋ ਲੱਖ ਦੀ
276 ਹਰਿਆ ਨੀ ਮਾਲਣ ਹਰਿਆ ਨੀ ਭੈਣੇ
277 ਘੋੜੀ ਸੋਂਹਦੀ ਕਾਠੀਆਂ ਦੇ ਨਾਲ
280 ਚੁੱਗ ਲਿਆਇਓ ਚੰਬਾ ਤੇ ਗੁਲਾਬ
280 ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
281 ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
282 ਵੀਰਾ ਇਕ ਭੇਜਣ ਘੋੜੀ
283 ਘੋੜੀ ਤੈਨੂੰ ਲੈ ਦਿੰਨੀ ਆਂ
284 ਚੰਦਾ ਵੇ ਤੇਰਾ ਸਿਰ ਦਾ ਚੀਰਾ
285 ਘੋੜੀਆਂ ਵਛੇਰੀਆਂ ਵੇ ਮੱਲਾ
286 ਕਿਧਰੋਂ ਤਾਂ ਉੱਠੀ ਆ ਬਦਲੀ ਵੇ ਵੀਰਾ
287 ਜੋੜੀ ਨਾਲ ਕੁੰਡ ਅੜੇ
289 ਵਹੁਟੀ ਘੁੰਡ ਪਰ ਘੁੰਡ ਦੇ ਕਿਨਾਰੇ
290 ਚੰਬਾ ਖਿੜਿਆ ਮਾਲਣ ਚੁਗਦੀ ਕਿਉਂ ਨਹੀਂ?
290 ਜੇ ਵੀਰ ਆਇਆ ਮਾਏ ਲੰਮੀ ਲੰਮੀ ਰਾਹੀਂ ਨੀ
291 ਵੀਰਾ ਤੈਨੂੰ ਲੱਗੀਆਂ ਮਾਈਆਂ
292 ਵੀਰਾ ਤੇਰੇ ਸਾਹੇ ਦਾ ਵੇਲਾ
293 ਵੀਰਾ ਘੋੜੀ ਆਣ ਬੱਧੀ ਤੇਰੀ ਲਿਆਈ
293 ਸਈਓ ਵੀਰੇ ਦੀ ਟਸਰੀ ਕਮੀਜ
294 ਬਾਬਲ ਰਾਜੇ ਨੇ ਬਾਗ ਲਵਾਇਆ
295 ਮੇਰੇ ਵਿਹੜੇ ਦਿਆ ਨਿੰਬੂਆ ਤੇਰੀ ਠੰਡਤੀ ਛਾਂ ਵੇ
295 ਵੀਰਾ ਸ਼ਗਨਾਂ ਵਾਲੀ ਰਾਤ, ਗਲੀਏ ਨਾ ਫਿਰ ਵੇ
296 ਘੋੜੀ ਚੜ੍ਹ ਕੇ ਚੱਲਿਆ ਸੁਣ ਵੀਰ ਮੇਰਾ
297 ਕਾਲੀ ਤਾਂ ਛੱਤਰੀ ਵਾਲਿਆ ਰਾਜਾ
297 ਆਪਣੇ ਵੀਰੇ ਤੋਂ ਕੀ ਕੁਝ ਵਾਰਾਂ
298 ਚੰਦਨ ਚੌਂਕੀ ਡਹਾਵਾਂ ਨੀ ਮੈਂ ਵਿਹੜੇ ਡਹਾਵਾਂ
299 ਘੋੜੀ ਤੇਰੀ ਵੇ ਵੀਰਾ ਹਰਿਆਂ ਬਾਗਾਂ ਨੂੰ ਜਾਵੇ
299 ਮੱਲਾ ਤੂੰ ਬਣਿਆ ਤੇਰੀ ਘੋੜੀ ਬਣੀ
300 ਜੇ ਤੈਨੂੰ ਘੋੜੀ ਦਾ ਚਾਅ ਵੇ ਵੀਰਾ ਬੰਨਿਆ
300 ਉੱਪਰ ਤਾਂ ਵਾਜੇ ਤੈਨੂੰ ਸਦੀਏ, ਨੀ ਸਾਲੂ ਵਾਲੀਏ
301 ਆਪਣੇ ਵੀਰੇ ਦੇ ਸ਼ਗਨ ਮਨਾ ਰਹੀ ਆ
302 ਵੀਰਾ ਤੇਰੇ ਚੀਰੇ ਨੂੰ ਅਤਰ ਲਗਾ ਦਿੰਨੀ ਆਂ
303 ਰਾਜਾ ਕਹਿੰਦਾ ਰਾਣੀਏ, ਸੁਣ ਮੇਰੀ ਬਾਤ,
303 ਦੂਰੋਂ ਲਾਹੌਰੋ ਮੈਂ ਪਾਂਧਾ ਮੰਗਾਉਨੀ ਆਂ

ਸ਼ਗਨਾਂ ਦੇ ਗੀਤ

(ਸੁਹਾਗ, ਘੋੜੀਆਂ ਤੇ ਢੋਲਕੀ ਦੇ ਗੀਤ)

ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ

ਹੋਣ ਨੂੰ ਫਿਰਦਾ ਨੇੜੇ, ਗਲੀ ਵਿੱਚ ਮਾਰੇ ਗੇੜੇ
ਹੋਣ ਨੂੰ ਫਿਰਦਾ ਨੇੜੇ, ਗਲੀ ਵਿੱਚ ਮਾਰੇ ਗੇੜੇ
ਕਦੇ ਪਰਖਦਾ ਨੈਣ ਮੇਰੇ, ਉਹ ਕਦੇ ਪਰਖਦਾ ਤੋਰ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ

ਨਿੱਕੀ ਜਹੀ ਇਹ ਜਿੰਦ ਮੇਰੀ, ਇਹ ਜੋਬਨ ਹੜ੍ਹ ਦਾ ਪਾਣੀ
ਜਦੋਂ ਦੀ ਚੜ੍ਹੀ ਜਵਾਨੀ, ਲੱਭਦਾ ਫਿਰਦਾ ਹਾਣੀ
ਹਾਏ ਮੈਂ ਕਹਿੰਦੀ ਸੰਗਾਂ, ਤੋੜ ਨਾ ਦੇਵੀ ਵੰਗਾਂ
ਮੈਂ ਅਣਜਾਣ ਤੂੰ ਡੂੰਘਾ ਪਾਣੀ ਲੈ ਨਾ ਜਾਵੀਂ ਰੋੜ੍ਹ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਤੰਗ ਗਲੀ ਵਿੱਚ ਮੇਲ ਹੋ ਗਿਆ, ਲੈ ਗਿਆ ਬਾਹੋਂ ਫੜਕੇ
ਖੜ੍ਹੀ ਖਲੋਤੀ ਨਿੱਘਰ ਗਈ ਮੈਂ, ਨਰਮ ਕਾਲਜਾ ਧੜਕੇ
ਹਾਏ ਮੈਂ ਕਹਿੰਦੀ ਸੰਗਾਂ, ਤੋੜ ਨਾ ਦੇਈਂ ਵੰਗਾਂ
ਨਾਜਕ ਨਰਮ ਕਲਾਈ ਮੇਰੀ, ਤੂੰ ਵੀਣੀ ਨਾ ਮਚਕੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ

ਗੋਰੀ ਗੋਰੀ ਵੀਣੀ ਦੇ ਵਿੱਚ, ਕਾਲੀਆਂ ਕਾਲੀਆਂ ਵੰਗਾਂ
ਸ਼ੀਸ਼ੇ ਅੱਗੇ ਮੈਂ ਸ਼ਰਮਾਵਾਂ, ਸੁਰਮਾ ਪਾਉਂਦੀ ਸੰਗਾਂ
ਹਾਏ ਮੈਂ ਕਹਿੰਦੀ ਸੰਗਾਂ, ਤੋੜ ਨਾ ਦੇਈ ਵੰਗਾਂ
ਨੈਣ ਨਸ਼ੀਲੇ ਹੋਣ ਜਦੋਂ, ਕੀ ਸੁਰਮੇ ਦੀ ਲੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ
ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ



ਸੱਸੇ ਲੜਿਆ ਨਾ ਕਰ ਐਵੇਂ ਸੜਿਆ ਨਾ ਕਰ
ਕਦੇ ਹੁੰਦੀ ਸੀ ਤੂੰ ਵੀ ਤੇ ਮੁਟਿਆਰ
ਹਾੜਾ ਨੀ ਤੈਨੂੰ ਦਿਨ ਭੁੱਲ ਗਏ
ਸੱਸੇ ਨੀ ਤੈਨੂੰ ਦਿਨ ਭੁੱਲ ਗਏ।

ਸੁਣੀਆਂ ਗੁਆਂਢਣਾਂ ਤੋਂ ਗੱਲਾਂ ਮੈਂ ਵੀ ਤੇਰੀਆਂ
ਤੇਰੀ ਵੀ ਜਵਾਨੀ ਦੀਆਂ ਝੁੱਲੀਆਂ ਹਨੇਰੀਆਂ
ਪਾ ਕੇ ਰੂਪ ਦੀ ਲਗਾਮ, ਸਹੁਰਾ ਰੱਖਿਆ ਗੁਲਾਮ
ਜਿਹੜਾ ਪਿੰਡ ਦਾ ਸੀ ਲੰਬੜਦਾਰ
ਸੱਸੇ ਲੜਿਆ ਨਾ ਕਰ ਐਵੇਂ ਸੜਿਆ ਨਾ ਕਰ
ਹਾੜਾ ਨੀ ਤੈਨੂੰ ਦਿਨ .....

ਗੁੱਤ ਮੇਰੀ ਵੇਖਕੇ ਹੈ ਸੱਪ ਤੈਨੂੰ ਲੜਦਾ
ਭਖਦੀ ਜਵਾਨੀ ਵੇਖ ਤਾਪ ਤੈਨੂੰ ਚੜਦਾ
ਤੇਰੇ ਪੁੱਤ ਦੀ ਮੈਂ ਨਾਰ, ਤੇਰੇ ਘਰ ਦਾ ਸ਼ਿੰਗਾਰ
ਤੈਨੂੰ ਮੇਰੇ ਨਾਲ ਕਾਹਦੀ ਖਾਰ
ਹਾਏ ਨੀ ਤੈਨੂੰ ਦਿਨ ਭੁੱਲ ਗਏ
ਸੱਸੇ ਲੜਿਆ ਨਾ ਕਰ ਐਵੇਂ ਸੜਿਆ ਨਾ ਕਰ
ਹਾੜਾ ਨੀ ਤੈਨੂੰ ਦਿਨ .....

ਪੁੱਤ ਨੂੰ ਵਿਗਾੜਕੇ ਤੂੰ ਐਸਾ ਸਿਰ ਚਾੜ੍ਹਿਆ
ਗਲੀ ਗਲੀ ਲੜਦਾ, ਐਸਾ ਤੂੰ ਵਿਗਾੜਿਆ
ਜਦੋਂ ਪੇਕੇ ਤੁਰ ਗਈ, ਉਹਨੂੰ ਲੋੜ ਮੇਰੀ ਪਈ
ਕਿੱਥੋਂ ਲੱਭੂਗਾ ਛਮਕ ਜਹੀ ਨਾਰ
ਸੱਸੇ ਨੀ ਤੈਨੂੰ ਦਿਨ ਭੁਲ ਗਏ
ਸੱਸੇ ਲੜਿਆ ਨਾ ਕਰ ਐਵੇਂ ਸੜਿਆ ਨਾ ਕਰ
ਕਦੇ ਹੁੰਦੀ ਸੀ ਤੂੰ ਵੀ ਤੇ ਮੁਟਿਆਰ
ਹਾੜਾ ਨੀ ਤੈਨੂੰ ਦਿਨ ਭੁੱਲ ਗਏ



ਹਾੜ ਮਹੀਨਾ ਲੰਘ ਗਿਆ ਤੇ ਆਇਆ ਮਹੀਨਾ ਸੌਣ
ਵੇ ਘਰ ਆਜਾ ਢੋਲਾ, ਵਗਦੀ ਪੁਰੇ ਦੀ ਠੰਡੀ ਪੌਣ

ਵੇ ਘਰ ਆ ਜਾ ਢੋਲਾ .....

ਰਾਤ ਹਨੇਰੀ ਮੈਂ ਕੱਲੀ ਨੂੰ ਡਰ ਓ ਮੁੰਡਿਆ ਲਗਦਾ
ਉਦੋਂ ਤੇਰੀ ਯਾਦ ਸਤਾਵੇ ਜਦ ਸੌਣ ਫਰਾਟਾ ਵਗਦਾ
ਤਾਰੇ ਗਿਣ ਗਿਣ ਰਾਤ ਲੰਘਾਵਾਂ ਤੇਰੀ ਯਾਦ ਨਾ ਦਿੰਦੀ ਸੌਣ
ਵੇ ਘਰ ਆ ਜਾ ਢੋਲਾ ਵਗਦੀ ਪੁਰੇ ਦੀ ਠੰਡੀ ਪੌਣ
ਵੇ ਘਰ ਆ ਜਾ .....

ਤੂੰ ਢੋਲਾ ਵਿੱਚ ਰਹੇ ਪਰਦੇਸਾਂ ਸਾਲ ਪਿੱਛੋਂ ਘਰ ਆਉਂਦਾ
ਦਿਉਰ ਕਵਾਰਾ ਕਰੇ ਮਖੌਲਾਂ, ਰਹੇ ਟਕੋਰਾਂ ਲਾਉਂਦਾ
ਹਾਣ ਮੇਰੇ ਦੀਆਂ ਕੁੜੀਆਂ ਚਿੜੀਆਂ
ਨਿੱਤ ਨਹੋਰੇ ਲਾਉਣ, ਵੇ ਘਰ ਆਜਾ ਢੋਲਾ
ਵਗਦੀ ਪੁਰੇ ਦੀ ਠੰਡੀ ਪੌਣ।

ਰੂਪ ਮੇਰੇ ਦੀ ਥਾਂ ਥਾਂ ਚਰਚਾ
ਪਿੰਡ ਸਾਰੇ ਵਿੱਚ ਹੋਈ
ਚੜ੍ਹੀ ਜਵਾਨੀ ਰੂਪ ਮੇਰੇ ਦੀ
ਕਦ ਤੱਕ ਫਿਰਾਂ ਲਕੋਈ
ਛੁੱਟੀ ਆਜਾ ਮਾਹੀਆ
ਹੁਣ ਤਾਂ ਲੰਘ ਚੱਲਿਆ ਈ ਸੌਣ
ਵੇ ਘਰ ਆ ਜਾ ਢੋਲਾ
ਵਗਦੀ ਪੁਰੇ ਦੀ ਠੰਡੀ ਪੌਣ
ਵੇ ਘਰ ਆ ਜਾ ਮਾਹੀਆਂ

ਤੂੰਬਾ ਵੱਜਦਾ ਈ ਨਾ ਤਾਰ ਬਿਨਾਂ
ਘਰ ਸੱਜਦਾ ਈ ਨਾ ਨਾਰ ਬਿਨਾਂ
ਤੂੰਬਾ ਵੱਜਦਾ ਈ ਨਾ ਤਾਰ ਬਿਨਾ।

ਰੂਹ ਲੈ ਗਿਆ ਦਿਲਾਂ ਦਾ ਜਾਨੀ
ਵੇ ਹੱਡ ਸਾਨੂੰ ਚੁੱਕਣਾ ਪਿਆ
ਰੂਹ ਲੈ ਗਿਆ ਦਿਲਾਂ ਦਾ ਜਾਨੀ
ਤੂੰਬਾ ਵੱਜਦਾ ਈ ਨਾ ਤਾਰ ਬਿਨਾ।

ਮੇਰੇ ਮਾਹੀ ਨੂੰ ਮੰਦਾ ਨਾ ਬੋਲੀਂ
ਵੇ ਮੇਰੀ ਭਾਵੇਂ ਜਿੰਦ ਕੱਢ ਲੈ
ਤੂੰਬਾ ਵੱਜਦਾ ਈ ਨਾ .....

ਤੈਨੂੰ ਵੇਖਿਆ ਸਬਰ ਨਾ ਆਵੇ
ਵੇ ਮਾਹੀ ਤੇਰਾ ਘੁੱਟ ਭਰ ਲਾ
ਤੂੰਬਾ ਵੱਜਦਾ ਈ ਨਾ .....

ਮੇਰਾ ਹਾਸਿਆਂ ਚ ਮਾਹੀ ਗਵਾਚਾ
ਮੈਂ ਹੰਝੂਆਂ 'ਚ ਟੋਲਦੀ ਫਿਰਾਂ
ਤੂੰਬਾ ਵੱਜਦਾ ਈ ਨਾ ਤਾਰ ਬਿਨਾਂ
ਤੂੰਬਾ ਵੱਜਦਾ ਈ ਨਾ ਤਾਰ ਬਿਨਾਂ
ਘਰ ਸੱਜਦਾ ਈ ਨਾ
ਬਈ ਤੂੰਬਾ ਵੱਜਦਾ ਈ ਨਾ।

ਕਾਹਨੂੰ ਵੇ ਪਿੱਪਲਾ ਖੜ ਖੜ ਲਾਈ ਆ

ਵੇਖ ਛਰਾਟੇ ਸੌਣ ਦੇ
ਅਜੇ ਜਵਾਨੀ ਓਦਰੀ ਵੇ ਓਦਰੀ
ਸੱਜਣਾ ਨੂੰ ਘਰ ਔਣ ਦੇ
ਕਾਹਨੂੰ ਵੇ ਪਿੱਪਲਾ ਖੜ .....।

ਤੇਰੀਆਂ ਤੇ ਠੰਡੀਆਂ ਛਾਵਾਂ ਵੇ ਪਿੱਪਲਾਂ,
ਮੈਂ ਛਾਵੇਂ ਚਰਖੀ ਡਾਹ ਲਈ,
ਚਰਖਾ ਗੂੰਜੇ ਪੂਣੀਆਂ ਉੱਡੀਆਂ,
ਨੈਣਾਂ ਨੇ ਛਹਿਬਰ ਲਾ ਲਈ
ਵੈਰੀ ਤਾਂ ਮੈਨੂੰ ਛੇੜਣੋਂ ਨੀ ਹਟਦੇ,
ਵੇਖ ਫਰਾਟੇ ਸੌਣ ਦੇ,
ਅਜੇ ਜਵਾਨੀ .....

ਗਲੀਆਂ 'ਚ ਹੋਕੇ ਅੰਬਾਂ ਦੇ ਆਉਦੇ
ਬਾਗੀਂ ਕੋਇਲਾਂ ਬੋਲੀਆਂ
ਨਵੀਆਂ ਨਵੀਆਂ ਸੱਜ ਵਿਆਹੀਆਂ

ਨਿਕਲੀਆਂ ਬੰਨ੍ਹ ਬੰਨ੍ਹ ਟੋਲੀਆਂ
ਇਕਨਾਂ ਨੂੰ ਪੀਂਘ ਚੜ੍ਹਾਉਣ ਦੇ
ਅਜੇ ਜਵਾਨੀ .....

ਉੱਚਿਓਂ ਟਿੱਲਿਓਂ ਜੋਗੀ ਆਇਆ
ਕੰਨ ਵਿੱਚ ਬੀਨ ਵਜਾ ਗਿਆ
ਚਰਖਾ ਗੂੰਜਿਆ ਪੂਣੀਆਂ ਉਡੀਆਂ
ਜਾਦੂ ਤੇ ਜਾਦੂ ਚਲਾ ਗਿਆ
ਹੋਣੀ ਨਣਾਨ ਨੂੰ ਘੜੀ ਮੁੜੀ ਸੁਝਦੇ
ਡਾਢੇ ਗੁੱਸੇ ਸਤਾਣ ਦੇ,
ਅਜੇ ਜਵਾਨੀ ਉਦਰੀ ਵੇ .....

ਨੀ ਮੈਂ ਤਾਰਿਆਂ ਦੇ ਪਾਵਾਂ ਕੰਨੀਂ ਬੁੰਦੇ,
ਤੇ ਟਿੱਕਾ ਨੀ ਘੜਾਵਾਂ ਚੰਨ ਦਾ,

ਤੈਨੂੰ ਸੂਰਜਾ ਮੜ੍ਹਾਕੇ ਗਲ ਪਾਵਾਂ
ਜਵਾਨੀ ਮੇਰੀ ਅੱਗ ਬਣ ਜਾਏ।

ਨੀ ਮੈਂ ਬਦਲਾਂ ਦੀ ਪੀਂਘ ਚੜ੍ਹਾਵਾਂ,
ਝੂਟਾ ਮੈਨੂੰ ਦੇ ਦੇ ਇੰਦਰਾ।

ਤੈਨੂੰ ਵਾਏ ਨੀ ਦੁਪੱਟੇ ਲੜ ਬੰਨ ਲਾਂ
ਤੇ ਉੱਡ ਕੇ ਮੈਂ ਮਿਲਾਂ ਮਾਹੀ ਨੂੰ।

ਨੀ ਮੈਂ ਇਕ ਘੁੱਟ ਭਰ ਲਾ ਝਨਾਂ ਦਾ
ਲਿਆ ਜੀਹਨੇ ਡੋਬ ਸੋਹਣੀ ਨੂੰ।

ਨੀ ਮੈਂ ਧਰਤੀ ਦਾ ਕਾਗਜ ਬਨਾਵਾਂ
ਤੇ ਉੱਤੇ ਲਿਖਾਂ ਨਾਵਾਂ ਮਾਹੀ ਦਾ

ਨੀ ਮੈਂ ਤਾਰਿਆਂ ਦੇ ਪਾਵਾਂ ਕੰਨੀਂ ਬੁੰਦੇ
ਤੇ ਟਿੱਕਾ ਨੀ ਘੜ੍ਹਾਵਾਂ ਚੰਨ ਦਾ

ਤੈਨੂੰ ਸੂਰਜਾ ਮੜ੍ਹਾਕੇ ਗਲ ਪਾਵਾਂ
ਜਵਾਨੀ ਮੇਰੀ ਅੱਗ ਬਣ ਜਾਏ।

ਮੇਰੀ ਗੋਰੀ ਗੋਰੀ ਮੰਗਦੀ ਕਲਾਈ
ਵੇ ਪੀਲੀਆਂ ਲਿਆ ਦੇ ਚੂੜੀਆਂ

ਪੀਲਾ ਪੀਲਾ ਸੂਟ ਤੇਰੀ ਛੀਂਟਕੋ ਨੇ ਪਾਉਣਾ
ਲੈਣੀ ਚੁੰਨੀ ਵੀ ਰੰਗਾ ਕੇ ਇਸ ਰੰਗ ਦੀ
ਕਣਕਾਂ ਕਵਾਰੀਆਂ ਨੇ ਖੁਸ਼ੀ ਵਿਚ ਝੂੰਮਣਾ,
ਜੇ ਦੇਖ ਲਈ ਮੁਰੱਬਿਆਂ ਚੋਂ ਲੰਘਦੀ,
ਸਰ੍ਹੋਂ ਦਿਆ ਫੁੱਲਾਂ 'ਚ ਗਵਾਚੀ ਜੇ ਨਾ ਲੱਭੀ
ਆਪੇ ਆਖੇਗਾ ਬਸੰਤਰੀ ਤੂੰ ਨਾ ਆਈ,
ਵੇ ਪੀਲੀਆਂ ਲਿਆ ਦੇ .....

ਸ਼ਾਲਾ ਜੱਗ ਜੀਵੇਂ ਮੇਰੇ ਸਾਹਾਂ ਦਿਆ ਹਾਣੀਆਂ ਵੇ,
ਮੁੰਦਰੀ ਘੜਾ ਦੇ ਮੇਰੇ ਹੱਥ ਨੂੰ
ਚੰਨ ਦੀਆਂ ਰਿਸ਼ਮਾਂ ਚੋਂ ਤੰਦ ਕੱਢ ਪਾ ਦੇ
ਧਾਗਾ ਮੇਰੀ ਵੇ ਸੁਹਾਗ ਵਾਲੀ ਨੱਥ ਨੂੰ
ਬਾਲਣੋਂ ਬਗੈਰ ਸਾੜ ਸੁੱਟਣੇ ਸ਼ਰੀਕ
ਬਾਂਹ ਚੱਕ ਜੋ ਲਵਾਂ ਅੰਗੜਾਈ
ਵੇ ਪੀਲੀਆਂ ਲਿਆ ਦੇ ਚੂੜੀਆਂ
ਮੇਰੀ ਗੋਰੀ ਗੋਰੀ ਮੰਗਦੀ ਕਲਾਈ

ਦਿੱਤੇ ਸੰਭਾਲ ਵੇ ਜੋਂ ਗੋਖੜੂ ਮੈਂ ਜੇਠ ਤਾਈਂ ,
ਉਹ ਵੀ ਟੁੱਟ ਪੈਣਾ ਲੈ ਕੇ ਬਹਿ ਗਿਆ
ਪੁੱਛਿਆ ਤੇ ਆਖਿਆ ਉਹ ਗਏ ਨੇ ਗਵਾਚ,
ਵਿੱਚੋਂ ਵਿੱਚ ਹੀ ਜਠਾਣੀ ਤਾਂਈਂ ਕਹਿ ਗਿਆ
ਚਾਣ ਚੱਕ ਪੁੱਛ ਬੈਠੀ ਅੱਜ ਨੀ ਮੈਂ ਉਹਨੂੰ
ਤੇਰੀ ਵਿੱਟਰੀ ਫਿਰੇ ਭਰਜਾਈ
ਵੇ ਪੀਲੀਆਂ ਲਿਆ ਦੇ ਚੂੜੀਆਂ
ਮੇਰੀ ਗੋਰੀ ਗੋਰੀ ਮੰਗਦੀ ਕਲਾਈ , ਵੇ ਪੀਲੀਆਂ .....

ਵੇ ਮੈਂ ਅੱਡ ਕੇ ਖੁਦਾ ਦੇ ਅੱਗੇ ਪੱਲਾ
ਚੰਨਾ ਮੈਂ ਤੇਰੀ ਖੈਰ ਮੰਗਦੀ।

ਬੁੱਲ੍ਹੀਆਂ ਤੇ ਨਾਓਂ ਤੇਰਾ ਅੱਖੀਆਂ 'ਚ ਤੂੰ ਵੇ,
ਜਿੱਧਰ ਨੂੰ ਵੇਖਾਂ ਮੈਨੂੰ ਦਿਸੇ ਤੇਰਾ ਮੂੰਹ ਵੇ,
ਰੋਗ ਇਸ਼ਕੇ ਦਾ ਡਾਢਾ ਹੈ ਅਵੱਲਾ,
ਚੰਨਾ ਵੇ ਤੇਰੀ ਖੈਰ ਮੰਗਦੀ,
ਵੇ ਮੈਂ ਅੱਡ ਕੇ ਖੁਦਾ ਦੇ ਅੱਗੇ ਪੱਲਾ
ਚੰਨਾ ਵੇ ਸੱਤ ਖੈਰਾ ਮੰਗਦੀ.....

ਤੇਰੇ ਦੀਦ ਵਾਸਤੇ ਮੈਂ ਗਲੀ ਵਿਚੋਂ ਲੰਘਦੀ
ਸੁੱਖ ਵੇ ਮੈਂ ਤੇਰੀ ਚੰਨਾ ਹਰ ਵੇਲੇ ਮੰਗਦੀ
ਦੇ ਦੇ ਪਿਆਰ ਦੀ ਨਿਸ਼ਾਨੀ ਮੈਨੂੰ ਛੱਲਾ
ਚੰਨਾ ਮੈਂ ਤੇਰੀ ਖੈਰ ਮੰਗਦੀ
ਵੇ ਮੈਂ ਅੱਡ ਕੇ ਖੁਦਾ ਦੇ ਅੱਗੇ ਪੱਲਾ,
ਚੰਨਾਂ ਮੈਂ ਸੱਤ ਖੈਰਾਂ .....

ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ
ਸ਼ਾਵਾ ਚਰਖਾ ਚੰਨਣ ਦਾ,
ਘੜੀ ਏ ਕਿਸੇ ਲੁਹਾਰ, ਲੱਠ ਲੋਹੇ ਦੀ
ਚਰਖਾ ਘੂਕਰ ਦੇਂਦਾ ਸ਼ਾਵਾ
ਘੂਕਰ ਲੱਗੀ ਕਲੇਜੇ ਸ਼ਾਵਾ,
ਇਕ ਮੇਰਾ ਦਿਲ ਪਿਆ ਧੜਕੇ ਸ਼ਾਵਾ,
ਦੂਜਾ ਕੰਗਣ ਛਣਕੇ ਸ਼ਾਵਾ,
ਚਰਖਾ ਚੰਨਣ ਦਾ,
ਸ਼ਾਵਾ ਚਰਖਾ ਚੰਨਣ ਦਾ।

ਚਰਖੇ ਦਾ ਮੈਂ ਰੰਗ ਜੋ ਆਖਾਂ,
ਰੰਗ ਆਖਾਂ ਸੁਨਿਹਰੀ,
ਬਾਬਲ ਮੇਰੇ ਖ਼ਤ ਜੋ ਪੜ੍ਹਿਆ,
ਰੋਇਆ ਭਰੀ ਕਚਿਹਰੀ,

ਚਰਖਾ ਚੰਨਣ ਦਾ,
ਸ਼ਾਵਾ ਚਰਖਾ ਚੰਨਣ ਦਾ,
ਘੜੀ ਏ ਕਿਸੇ ਲੁਹਾਰ, ਲੱਠ ਲੋਹੇ ਦੀ,
ਸ਼ਾਵਾ ਲੱਠ ਲੋਹੇ ਦੀ,
ਚਰਖਾ ਘੂਕਰ ਦੇਂਦਾ– ਸ਼ਾਵਾ,
ਘੂਕਰ ਲੱਗੀ ਕਲੇਜੇ –ਸ਼ਾਵਾ
ਇਕ ਮੇਰਾ ਦਿਲ ਪਿਆ ਧੜਕੇ –ਸ਼ਾਵਾ
ਦੂਜਾ ਕੰਗਣ ਛਣਕੇ – ਸ਼ਾਵਾ
ਚਰਖਾ ਚੰਨਣ ਦਾ,
ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ।

ਮਾਂ ਰਾਣੀ ਮੈਨੂੰ ਚਰਖਾ ਦਿੱਤਾ,
ਵਿੱਚ ਚਰਖੇ ਦੇ ਮੇਖਾਂ,
ਮਾਏ ਨੀ ਤੈਨੂੰ ਯਾਦ ਕਰਾਂ ਮੈਂ,
ਜਦ ਚਰਖੇ ਵੱਲ ਵੇਖਾਂ,
ਚਰਖਾ ਚੰਨਣ ਦਾ,
ਸ਼ਾਵਾ ਚਰਖਾ ਚੰਨਣ ਦਾ।

ਆਓ ਸਹੇਲੀਓ ਪਾ ਲਓ ਛੋਪੇ,
ਜਿਦ ਮਜਿੱਦੀਂ ਕੱਤੀਏ
ਰਲ ਮਿਲ ਪਾਈਏ ਕਿੱਕਲੀ,
ਤੇ ਕਿੱਕਲੀ ਪਾ ਕੇ ਹੱਸੀਏ,
ਨੀ ਚਰਖਾ ਚੰਨਣ ਦਾ,
ਸ਼ਾਵਾ ਚਰਖਾ ਚੰਨਣ ਦਾ,
ਘੜੀ ਏ ਕਿਸੇ ਲੁਹਾਰ, ਲੱਠ ਲੋਹੇ ਦੀ,
ਚਰਖਾ ਘੂਕਰ ਦੇਂਦਾ – ਸ਼ਾਵਾ,
ਘੂਕਰ ਲੱਗੀ ਕਲੇਜੇ – ਸ਼ਾਵਾ
ਇੱਕ ਮੇਰਾ ਦਿਲ ਪਿਆ ਧੜਕੇ – ਸ਼ਾਵਾ
ਦੂਜਾ ਕੰਗਣ ਛਣਕੇ –ਸ਼ਾਵਾ
ਚਰਖਾ ਚੰਨਣ ਦਾ,
ਸ਼ਾਵਾ ਚਰਖਾ ਚੰਨਣ ਦਾ ,
ਨੀ ਮੈਂ ਕੱਤਾਂ ਪ੍ਰੀਤਾਂ ਨਾਲ,
ਚਰਖਾ ਚੰਨਣ ਦਾ .....।



ਖੁਸੀਆਂ ਲਿਆਈ ਆ
ਜਗ ਮਗ ਕਰਦੀ ਆਈ ਆ
ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ,

ਉਚੀ ਅੱਡੀ ਦੀ ਪਾਕੇ ਰਕਾਬੀ
ਬੋਚ ਬੋਚ ਪੱਬ ਧਰਦੀ
ਨਾਲ ਧਰਮ ਦੇ ਇਹ ਸਭਨਾਂ ਦਾ
ਕੁੰਡਾ ਜਾਵੇ ਕਰਦੀ
ਲਾਗੇ ਲਾਗੇ ਪਿੰਡਾਂ ਦੇ ਵਿੱਚ
ਮੱਚ ਗਈ ਹੱਸਣ ਦੁਹਾਈ ਆ
ਬਈ ਹੁਣ ਜਾਗੋ ਆਈ ਆ,
ਸ਼ਾਵਾ ਬਈ ਹੁਣ ਜਾਗੋ ਆਈ ਆ।

ਹੁਸਨ ਪਰੀ ਅਰਸ਼ਾਂ ਤੋਂ ਆਈ ਆ
ਅੱਗ ਦਿਲਾਂ ਨੂੰ ਲਾਵੇ
ਦੁੱਧ ਮੱਖਣਾ ਨਾਲ ਪਲੀ ਮਜਾਜਣ
ਜਦ ਗਿੱਧੇ ਵਿੱਚ ਆਵੇ
ਬਿਜਲੀ ਜਿਉਂ ਅਸਮਾਨੀ ਚਮਕੇ,
ਏਦਾਂ ਦੀ ਰੁਸ਼ਨਾਈ ਆ,
ਬਈ ਹੁਣ ਜਾਗੋ ਆਈ ਆ,
ਸ਼ਾਵਾ ਬਈ ਹੁਣ ਜਾਗੋ ਆਈ ਆ।

ਗੋਰੇ ਰੰਗ ਤੇ ਕਾਲਾ ਡੋਰੀਆ
ਜ਼ੁਲਫਾਂ ਦਾ ਵਣਜਾਰਾ
ਸੂਰਜ ਦੇ ਮਿਟਣੇ ਤੋਂ ਪਹਿਲਾਂ
ਇਹ ਕੋਈ ਕਰ ਜੂ ਕਾਰਾ
ਬਚਿਓ ਲੋਕੋ ਡੰਗ ਮਾਰ ਜੂ
ਬਣ ਕੇ ਨਾਗਣ ਆਈ ਆ
ਬਈ ਹੁਣ ਜਾਗੋ ਆਈ।

ਧਾਲੀਵਾਲ ਦੀ ਫੁੱਲਾਂ ਨਾਲੋਂ
ਕੋਮਲ ਏ ਭਰਜਾਈ

ਭਾਬੀ ਭਾਬੀ ਕਰਦਾ ਫਿਰਦਾ
ਸਹਿ ਨਾ ਸਕੇ ਜੁਦਾਈ
ਵਿਚ ਜੇਬ ਦੇ ਫੋਟੋ ਰੱਖਦਾ
ਮੰਗ ਕੇ ਆਪੇ ਲਈ ਆ
ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ
ਖੁਸ਼ੀਆਂ ਢੇਰ ਲਿਆਈ ਆ
ਜਗਮਗ ਕਰਦੀ ਆਈ ਆ
ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ।

ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ
ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ।

ਨ੍ਹਾ ਧੋ ਕੇ ਇਕ ਰੂਪ ਸ਼ੁਕੀਨਣ
ਵਿੱਚ ਗਿੱਧੇ ਦੇ ਆਵੇ
ਨੈਣੀਂ ਕਜਲਾ ਗਲ਼ ਵਿਚ ਗਾਨੀ
ਅਤਰ ਫੁਲੇਲ ਲਗਾਵੇ
ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ

ਅੱਖਾਂ ਦੇ ਨਾਲ ਗੱਲਾਂ ਕਰਦੀ
ਤੋਰ ਤੁਰੇ ਮਸਤਾਨੀ
ਛੱਲੇ ਮੁੰਦੀਆਂ ਬੜੇ ਹੀ ਸਜਦੇ
ਸਿਰ ਤੇ ਸੂਈਆਂ ਲਾਵੇ
ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ
ਨੱਚਦੀ ਪ੍ਰੀਤੋ .....
ਮਟਕ ਮਟਕ ਪੱਬ ਧਰਦੀ ਦੀ
ਝਾਲ ਝੱਲੀ ਨਾ ਜਾਵੇ
ਹਵਾ ਨਾਲ ਉਹ ਗੱਲਾਂ ਕਰਦੀ
ਕੁਝ ਵੀ ਨੱਕ ਹੇਠ ਨਾ ਆਵੇ
ਗਿੱਧੇ ਦੇ ਵਿਚ ਨੱਚਦੀ ਨੱਚਦੀ
ਦੂਹਰੀ ਹੋ ਹੋ ਜਾਵੇ
ਨੱਚਦੀ ਪ੍ਰੀਤੋ ਦਾ ਲੌਂਗ ਬੋਲੀਆਂ ਪਾਵੇ

ਨੱਚਦੀ ਪ੍ਰੀਤੋ .....।

ਲੱਗ ਗਈ ਸੇਲ ਢਾਈ ਆਨੇ

ਹਰ ਸਾਲ ਲਾਟਰੀ ਢਾਈ ਆਨੇ
ਬਈ ਲੱਗ ਗਈ ਸੇਲ ਢਾਈ ਆਨੇ
ਬਈ ਲੈ ਜਾਓ ਲੈ ਜਾਓ ਢਾਈ ਆਨੇ

ਸਭ ਕਰਦਾ ਚਾਕੂ ਢਾਈ ਆਨੇ
ਬਈ ਮੁੰਡੇ ਦਾ ਬਾਪੂ ਢਾਈ ਆਨੇ
ਇਹਦੀ ਮੋਟੀ ਗੋਗੜ ਢਾਈ ਆਨੇ
ਬੜਾ ਸ਼ਾਹੂਕਾਰ ਹੈ ਢਾਈ ਆਨੇ
ਨਾਲ ਮੋਟਰ ਕਾਰ ਢਾਈ ਆਨੇ
ਇਹ ਵੱਡੀ ਮਾਮੀ ਢਾਈ ਆਨੇ
ਬਈ ਲੈ ਲਓ ਲੈ ਲਓ ਢਾਈ ਆਨੇ

ਬੜਾ ਵਧੀਆ ਮੌਕਾ ਢਾਈ ਆਨੇ
ਲਗ ਗਈ ਸੇਲ ਢਾਈ ਆਨੇ।

ਆਹ ਕੱਪੀ ਗਲਾਸੀ ਢਾਈ ਆਨੇ
ਆਹ ਮੁੰਡੇ ਦੀ ਮਾਸੀ ਢਾਈ ਆਨੇ
ਇਹ ਬੜੀ ਮਜਾਜਣ ਢਾਈ ਆਨੇ
ਬੜੀ ਮਨਮੋਹਣੀ ਢਾਈ ਆਨੇ
ਇਹਦੀ ਜਾਕਟ ਸੋਹਣੀ ਢਾਈ ਆਨੇ
ਇਹ ਬੜੀ ਚੀਜ਼ ਹੈ ਢਾਈ ਆਨੇ
ਇਹ ਫੇਰ ਨਹੀਂ ਮਿਲਣੀ ਢਾਈ ਆਨੇ
ਬੱਸ ਅੱਜ ਦਾ ਦਿਨ ਹੈ ਢਾਈ ਆਨੇ
ਹਰ ਸਾਲ ਮਿਲੇਗਾ ਢਾਈ ਆਨੇ।

ਆਹ ਤਕਲਾ ਸੂਆ ਢਾਈ ਆਨੇ
ਬਈ ਮੁੰਡੇ ਦੀ ਭੂਆ ਢਾਈ ਆਨੇ
ਇਹ ਬਹੁਤੀ ਸੋਹਣੀ ਢਾਈ ਆਨੇ
ਇਹ ਬੜੀ ਮਜਾਜਣ ਢਾਈ ਆਨੇ
ਬੜਾ ਮਾਲ ਕੀਮਤੀ ਢਾਈ ਆਨੇ

ਇਹ ਫੇਰ ਨਾ ਲਭਣੀ ਢਾਈ ਆਨੇ
ਬਈ ਲਗ ਗਈ ਸੇਲ ਢਾਈ ਆਨੇ।

ਆਹ ਰੇਬ ਪਜਾਮੀ ਢਾਈ ਆਨੇ
ਆਹ ਮੁੰਡੇ ਦੀ ਮਾਮੀ ਢਾਈ ਆਨੇ
ਬਈ ਸੂਟ ਰੇਸ਼ਮੀ ਢਾਈ ਆਨੇ
ਬੜਾ ਲਿਸ਼ਕਾਂ ਮਾਰੇ ਢਾਈ ਆਨੇ
ਤੁਸੀਂ ਸੁਣ ਲਉ ਸਾਰੇ ਢਾਈ ਆਨੇ
ਕਈ ਆਸ਼ਕ ਮਾਰੇ ਢਾਈ ਆਨੇ
ਬਈ ਲੈ ਲਓ ਲੈ ਲਓ ਢਾਈ ਆਨੇ
ਕੋਈ ਤਾਂ ਲੈ ਜੋ ਢਾਈ ਆਨੇ
ਚਲੋ ਅੱਧੀ ਕੀਮਤ ਢਾਈ ਆਨੇ
ਲਗ ਗਈ ਸੇਲ ਢਾਈ ਆਨੇ
ਹਰ ਸਾਲ ਮਿਲੇਗਾ ਢਾਈ ਆਨੇ
ਬਈ ਲੈ ਜੋ ਲੈ ਜੋ ਢਾਈ ਆਨੇ।

ਨੀ ਮੈਂ ਗਲੀ ਪਤਾਸੇ ਵੰਡਾਂ ਰੇਲੂ ਨੇ ਆਉਣਾ ਰਾਤ ਨੂੰ

ਨੀ ਮੈਂ ਬਾਰੀ ਖੁੱਲ੍ਹੀ ਰੱਖਾਂ ਰੇਲੂ ਨੇ ਆਉਣਾ ਰਾਤ ਨੂੰ

ਇਕ ਪਕਾਵਾਂ, ਦੋ ਪਕਾਵਾਂ ਤਿੰਨ ਪਕਾਵਾਂ ਮੰਡੇ
ਅੱਧੀ ਰਾਤੀਂ ਰੇਲੂ ਆਇਆ ਖੜਕਣ ਲੱਗੇ ਡੰਡੇ
ਡੰਡੇ ਦੀਆਂ ਹਾਏ ਡੰਡੇ ਦੀਆਂ ਲਾਸ਼ਾਂ ਬੁਰੀਆਂ
ਬੁਰੀਆਂ ਵੇ ਰੇਲੂ ਚੌਧਰੀ।
ਨੀ ਮੈਂ ਗਲੀ ਪਤਾਸੇ ਵੰਡਾਂ ਰੇਲੂ ਨੇ ਆਉਣਾ ਰਾਤ ਨੂੰ
ਨੀ ਮੈਂ ਬਾਰੀ ਖੁੱਲ੍ਹੀ ਰੱਖਾਂ ਰੇਲੂ ਨੇ ਆਉਣਾ ਰਾਤ ਨੂੰ

ਚੌਲ ਪਕਾਵਾਂ ਪੂੜੇ ਪਕਾਵਾਂ ਨਾਲ ਪਕਾਵਾਂ ਰੋਟੀ
ਅੱਧੀ ਰਾਤੀਂ ਰੇਲੂ ਆਇਆ ਖੜਕਣ ਲੱਗੀ ਸੋਟੀ
ਸੋਟੀ ਦੀਆਂ ਹਾਏ ਸੋਟੀ ਦੀਆਂ ਦਰਦਾਂ ਬੁਰੀਆਂ
ਬੁਰੀਆਂ ਵੇ ਰੇਲੂ ਚੌਧਰੀ।
ਨੀ ਮੈਂ ਗਲੀ ਪਤਾਸੇ ਵੰਡਾਂ ਰੇਲੂ ਨੇ ਆਉਣਾ ਰਾਤ ਨੂੰ
ਨੀ ਮੈਂ ਬਾਰੀ ਖੁੱਲ੍ਹੀ ਰੱਖਾਂ ਰੇਲੂ ਨੇ ਆਉਣਾ ਰਾਤ ਨੂੰ

ਖੀਰ ਬਣਾਵਾਂ, ਪੂਰੀ ਬਣਾਵਾਂ, ਨਾਲ ਬਣਾਵਾਂ ਛੋਲੇ
ਅੱਧੀ ਰਾਤੀਂ ਰੇਲੂ ਆਇਆ ਖੜਕਣ ਲੱਗੇ ਪੌਲੇ
ਪੌਲੇ ਦੀਆਂ ਹਾਏ ਪੌਲੇ ਦੀਆਂ ਮਾਰਾਂ ਬੁਰੀਆਂ
ਬੁਰੀਆਂ ਵੇ ਰੇਲੂ ਚੌਧਰੀ।
ਨੀ ਮੈਂ ਗਲੀ ਪਤਾਸੇ ਵੰਡਾਂ ਰੇਲੂ ਨੇ ਆਉਣਾ ਰਾਤ ਨੂੰ
ਨੀ ਮੈਂ ਬਾਰੀ ਖੁੱਲ੍ਹੀ ਰੱਖਾਂ ਰੇਲੂ ਨੇ ਆਉਣਾ ਰਾਤ ਨੂੰ

ਨੀ ਵਣਜਾਰਾ ਵਾਰੀ ਮੇਰੀ, ਜਾਨ ਲੱਗੇ ਪਿਆਰਾ

ਮਾਹੀ ਮੇਰਾ ਚੜ੍ਹ ਚੁਬਾਰੇ ਲੜਿਆ
ਆਪੇ ਲੜਿਆ ਤੇ ਆਪੇ ਮੰਨਿਆ
ਜੁੱਤੀ ਮੰਨੇਂਦੀ ਆ
ਨੀ ਵਣਜਾਰਾ ਵਾਰੀ ਮੇਰੀ, ਜਾਨ ਲੱਗੇ ਪਿਆਰਾ

ਮੇਰੀ ਸੱਸ ਨੇ ਵੰਡੇ ਕੋਠੇ ਵੇ ਨਾ ਜਾਈ ਬੇਸ਼ਰਮਾ ਉੱਥੇ
ਤੇ ਇਕ ਕੋਠਾ ਆਊਗਾ – ਵਣਜਾਰਾ ਵਾਰੀ ਮੇਰੀ ਜਾਨ
ਸਾਨੂੰ ਇਕੋ ਈ ਕੋਠਾ ਬਥੇਰਾ
ਮੰਜਾ ਡਹਿ ਜਾਉ ਤੇਰਾ ਤੇ ਮੇਰਾ
ਤੇ ਕਾਕੇ ਦੀ ਪੰਘੂੜੀ ਆ – ਨੀ ਵਣਜਾਰਾ .....
ਨੀ ਮਾਹੀ ਮੇਰਾ ਗੁੰਗਾ ਦਰਾਂ 'ਤੇ ਲੜਿਆ
ਆਪੇ ਲੜਿਆ ਤੇ ਆਪੇ ਮੰਨਿਆ
ਜੁੱਤੀ ਮੰਨੇਂਦੀ ਆ
ਨੀ ਵਣਜਾਰਾ .....

ਤੇਰੀ ਮਾਂ ਨੇ ਵੰਡੇ ਗਹਿਣੇ ਵੇ ਨਾ ਜਾਈ ਬੇਸ਼ਰਮਾ ਲੈਣੇ
ਤੇ ਇਕ ਕੈਂਠਾ ਆਊਗਾ – ਵਣਜਾਰਾ ਵਾਰੀ .....
ਸਾਨੂੰ ਇਕੋ ਕੈਂਠਾ ਬਥੇਰਾ ਮੁੰਦੀ ਤੇਰੀ ਤੇ ਛੱਲਾ ਮੇਰਾ
ਤੇ ਕਾਕੇ ਦੀ ਜੰਜੀਰੀ ਆ – ਨੀ ਵਣਜਾਰਾ .....
ਮਾਹੀ ਮੇਰਾ ਚੜ੍ਹ ਚੁਬਾਰੇ ਲੜਿਆ
ਆਪੇ ਲੜਿਆ ਤੇ ਆਪੇ ਮੰਨਿਆਂ
ਜੁੱਤੀ ਮੰਨੇਂਦੀ ਆ
ਨੀ ਵਣਜਾਰਾ .....

ਤੇਰੀ ਮਾਂ ਨੇ ਵੰਡੇ ਭਾਂਡੇ ਵੇ ਨਾ ਜਾਈ ਬੇਸ਼ਰਮਾ ਵਾਂਢੇ

ਤੇ ਇਕ ਥਾਲ ਆਊਗਾ - ਨੀ ਵਣਜਾਰਾ .....
ਸਾਨੂੰ ਇਕੋ ਥਾਲ ਬਥੇਰਾ
ਫੁਲਕਾ ਆ ਜਾਉ ਤੇਰਾ ਮੇਰਾ
ਤੇ ਕਾਕੇ ਦੀ ਪਰੌਂਠੀਂ ਆ,
ਨੀ ਵਣਜਾਰਾ.....
ਮਾਹੀ ਮੇਰਾ ਚੜ੍ਹ ਚੁਬਾਰੇ ਲੜਿਆ
ਆਪੇ ਲੜਿਆ ਤੇ ਆਪੇ ਮੰਨਿਆ
ਜੁੱਤੀ ਮੰਨੇਂਦੀ ਆ
ਨੀ ਵਣਜਾਰਾ .....

ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?
ਰੋੜਾਂ ਵਾਲੀ ਛੱਪੜੀ ਵਣਾਂ ਦੇ ਉਹਲੇ
ਤੁਰਦੀ ਸੀ ਮੈਂ ਹੌਲੇ ਹੌਲੇ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?

ਲੌਂਗ ਗਵਾਚਾ ਮੇਰੀ ਸੱਸ ਬਿਆਇਆ
ਉਹਨੇ ਡੰਡੀਆਂ ਕਰਾਈਆਂ
ਮੇਰੇ ਸਾਹਮਣੇ ਹੰਢਾਈਆਂ
ਮੇਰੇ ਵੱਜਣ ਕਾਲਜੇ ਛੁਰੀਆਂ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?

ਲੌਂਗ ਗਵਾਚਾ ਮੇਰੀ ਨਣਦ ਨੂੰ ਬਿਆਇਆ
ਉਹਨੇ ਮੁੰਦਰੀ ਕਰਾਈ
ਮੇਰੇ ਸਾਹਮਣੇ ਹੰਢਾਈ
ਮੇਰੇ ਵੱਜਣ ਕਾਲਜੇ ਛੁਰੀਆਂ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?

ਲੌਂਗ ਗਵਾਚਾ ਮੇਰੀ ਜਠਾਣੀ ਨੂੰ ਥਿਆਇਆ
ਉਹਨੇ ਕਾਂਟੇ ਕਰਾਏ
ਮੇਰੇ ਸਾਹਮਣੇ ਹੰਢਾਏ
ਮੇਰੇ ਵੱਜਣ ਕਾਲਜੇ ਛੁਰੀਆਂ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?

ਲੌਂਗ ਗਵਾਚਾ ਮੇਰੇ ਦਿਉਰ ਨੂੰ ਥਿਆਇਆ
ਉਹਨੇ ਨੱਤੀਆਂ ਕਰਾਈਆਂ
ਮੇਰੇ ਸਾਹਮਣੇ ਹੰਢਾਈਆਂ
ਮੇਰੇ ਵੱਜਣ ਕਾਲਜੇ ਛੁਰੀਆਂ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?
ਰੋੜਾਂ ਵਾਲੀ ਛੱਪੜੀ ਵਣਾਂ ਦੇ ਉਹਲੇ
ਤੁਰਦੀ ਸੀ ਮੈਂ ਹੌਲੇ ਹੌਲੇ
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆ
ਸੋਹਣੀਏ ਨੀ ਕਿੱਥੇ ਗਵਾ ਆਈ ਐਂ ?



ਤੂੰ ਬਾਗਾਂ ਦਾ ਮੋਰ
ਵੇ ਮੈਂ ਤੇਰੀ ਹਿਰਨੀ ਆਂ
ਸ਼ਾਵਾ ਮੈਂ ਤੇਰੀ ਹਿਰਨੀ ਆਂ

ਜੇਠ ਹਾੜ ਨੂੰ ਬੇਰ ਬਥੇਰੇ
ਸੌਣ ਭਾਦੋਂ ਨੂੰ ਪੀਲ੍ਹਾਂ
ਜੇ ਮੈਂ ਜੋਗੀ ਹੋ ਜਾਂ
ਤੈਨੂੰ ਪਹਿਲਾਂ ਕੀਲਾ
ਤੂੰ ਮੇਰੀ ਹਿਰਨੀ ਆਂ
ਮੈਂ ਤੇਰਾ ਬਾਂਕਾਂ ਲਾਲ
ਤੂੰ ਮੇਰੀ ਹਿਰਨੀ ਆਂ।

ਏਸ ਕਿਆਰੀ ਮਰੂਆ ਬੀਜਿਆ

ਓਸ ਕਿਆਰੀ ਕੇਸਰ
ਰੰਨਾਂ ਵਾਲੇ ਮੌਜ ਕਰੇਦੇ
ਛੜਿਆ ਦਾ ਪਰਮੇਸ਼ਰ
ਵੇ ਮੈਂ ਤੇਰੀ ਹਿਰਨੀ ਆਂ
ਸ਼ਾਵਾ ਮੈਂ ਤੇਰੀ ਹਿਰਨੀ ਆਂ
ਤੂੰ ਬਾਗਾਂ ਦਾ ਮੋਰ
ਵੇ ਮੈਂ ਤੇਰੀ ਹਿਰਨੀ ਆਂ।

ਗਰਮ ਲੈਚੀਆਂ ਗਰਮ ਮਸਾਲੇ
ਲੱਗਣ ਤੇਲ ਦੇ ਤੜਕੇ
ਰੰਨਾਂ ਵਾਲਿਆਂ ਨੂੰ ਵਖਤ ਬਥੇਰੇ
ਛੜੇ ਨਾਂ ਕਿਸੇ ਤੋਂ ਡਰਦੇ
ਨੀ ਤੂੰ ਮੇਰੀ ਹਿਰਨੀ ਆਂ
ਸ਼ਾਵਾ ਤੂੰ ਮੇਰੀ ਹਿਰਨੀ ਆਂ।

ਕਿੱਕਰਾਂ ਨੂੰ ਲੱਗ ਗਏ ਤੁੱਕੇ
ਰੰਨਾਂ ਵਾਲੇ ਛਕਣ ਪਰਾਉਂਠੇ
ਛੜੇ ਵਿਚਾਰੇ ਭੁੱਖੇ
ਵੇ ਤੇਰੀ ਹਿਰਨੀ ਆਂ
ਤੂੰ ਬਾਗਾਂ ਦਾ ਮੋਰ
ਵੇ ਮੈਂ ਤੇਰੀ ਹਿਰਨੀ ਆਂ
ਸ਼ਾਵਾ ਮੈਂ ਤੇਰੀ ਹਿਰਨੀ ਆਂ।

ਲੈ ਦਮੜੀ ਲੈ ਦਮੜੀ

ਹਲਵਾਈ ਹੱਟੀ ਜਾਨੀ ਆ ਲੈ ਦਮੜੀ।
ਮਾਹੀਏ ਨੂੰ ਪੇੜਾ ਦਈਓ ਨਾ,
ਦਈਓ ਨਾ ਦਵਾਈਓ ਨਾ
ਸਾਨੂੰ ਤਾਂ ਮਾਹੀ ਦੀ ਲੋੜ ਕੋਈ ਨਾ
ਲੋੜ ਕੋਈ ਨਾ ਪਰਵਾਹ ਕੋਈ ਨਾ
ਪਰਵਾਹ ਕੋਈ ਨਾ ਦਿਲ ਚਾਹ ਕੋਈ ਨਾ
ਸੱਸ ਭੈੜੀ ਸੌਹਰਾ ਝਿੜਕੇ
ਦੇਵਰ ਮੇਰਾ ਦੰਦੀਆਂ ਪੀਸੇ
ਮਾਹੀ ਮੇਰੇ ਨੂੰ ਗੱਲ ਨਾ ਆਵੇ

ਗੱਲਾਂ ਕਰੇਂਦਾ ਘਹੀਂ, ਘਹੀਂ, ਘਹੀਂ
ਭੈੜਾ ਨਖਰੇ ਸੜਿਆ ਮੇਰੇ ਜਿਹਾ ਨਹੀਂ
ਇਸ ਗੱਲੋਂ ਮੈਂ ਸੜ ਬਲ ਗਈ ਆਂ।

ਲੈ ਦਮੜੀ ਲੈ ਦਮੜੀ ਮੈਂ
ਮੋਚੀ ਹੱਟੀ ਜਾਨੀ ਆ
ਮਾਹੀਏ ਨੂੰ ਜੁੱਤੀ ਦਈਓ ਨਾ
ਦਈਓ ਨਾ ਦਵਾਈਓ ਨਾ
ਸਾਨੂੰ ਤਾਂ ਮਾਹੀ ਦੀ ਲੋੜ ਕੋਈ ਨਾ
ਪਰਵਾਹ ਕੋਈ ਨਾ ਦਿਲ ਚਾਹ ਕੋਈ ਨਾ
ਸੱਸ ਭੈੜੀ ਸੌਹਰਾ ਝਿੜਕੇ
ਦੇਵਰ ਮੇਰਾ ਦੰਦੀਆਂ ਪੀਸੇ
ਮਾਹੀ ਮੇਰੇ ਨੂੰ ਗੱਲ ਨਾ ਆਵੇ
ਗੱਲਾਂ ਕਰੇਂਦਾ ਘਹੀਂ ਘਹੀਂ ਘਹੀਂ
ਭੈੜਾ ਨਖਰੇ ਸੜਿਆ ਮੇਰੇ ਜਿਹਾ ਨਹੀਂ
ਹਾਏ ਨੀ ਏਸੇ ਗੱਲੋਂ ਮੈਂ ਸੜ ਬਲ ਗਈਆਂ।

ਲੈ ਦਮੜੀ ਲੈ ਦਮੜੀ
ਮੈਂ ਦਰਜੀ ਹੱਟੀ ਜਾਨੀ ਆ – ਲੈ ਦਮੜੀ
ਮਾਹੀਏ ਨੂੰ ਕੁੜਤਾ ਦਈਓ ਨਾ
ਦਈਓ ਨਾ ਦਵਾਈਓ ਨਾ
ਸਾਨੂੰ ਤਾਂ ਮਾਹੀ ਦੀ ਲੋੜ ਕੋਈ ਨਾ
ਲੋੜ ਕੋਈ ਨਾ ਪਰਵਾਹ ਕੋਈ ਨਾ
ਪਰਵਾਹ ਕੋਈ ਨਾ ਦਿਲ ਚਾਹ ਕੋਈ ਨਾ
ਸੱਸ ਭੈੜੀ ਸਹੁਰਾ ਝਿੜਕੇ
ਦੇਵਰ ਮੇਰਾ ਦੰਦੀਆਂ ਪੀਸੇ
ਮਾਹੀ ਮੇਰੇ ਨੂੰ ਗੱਲ ਨਾ ਆਵੇ
ਗੱਲਾਂ ਕਰੇਂਦਾ ਘਹੀਂ ਘਹੀਂ ਘਹੀਂ
ਭੈੜਾ ਨਖਰੇ ਸੜਿਆ ਮੇਰੇ ਜਿਹਾ ਨਹੀਂ
ਹਾਏ ਨੀ ਏਸੇ ਗਲੋਂ ਮੈਂ ਸੜ ਬਲ ਗਈ ਆਂ।
ਲੈ ਦਮੜੀ ਲੈ ਦਮੜੀ
ਸੁਨਿਆਰੇ ਹੱਟੀ ਜਾਨੀ ਆਂ
ਮਾਹੀਏ ਨੂੰ ਕੈਂਠਾ ਦਈਓ ਨਾ
ਦਈਓ ਨਾ ਦਵਾਈਓ ਨਾ

ਸਾਨੂੰ ਤਾਂ ਮਾਹੀ ਦੀ ਲੋੜ ਕੋਈ ਨਾ
ਲੋੜ ਕੋਈ ਨਾ ਪਰਵਾਹ ਕੋਈ ਨਾ
ਪਰਵਾਹ ਕੋਈ ਨਾ ਦਿਲ ਚਾਹ ਕੋਈ ਨਾ
ਸੱਸ ਭੈੜੀ ਸਹੁਰਾ ਝਿੜਕੇ
ਦੇਵਰ ਮੇਰਾ ਦੰਦੀਆਂ ਪੀਸੇ
ਮਾਹੀ ਮੇਰੇ ਨੂੰ ਗੱਲ ਨਾ ਆਵੇ
ਗੱਲਾਂ ਕਰੇਂਦਾ ਘਹੀਂ ਘਹੀਂ ਘਹੀਂ
ਭੈੜਾ ਨਖਰੇ ਸੜਿਆ ਮੇਰੇ ਜਿਹਾ ਨਹੀਂ
ਹਾਏ ਨੀ ਏਸੇ ਗੱਲੋਂ ਮੈਂ ਸੜ ਬਲ ਗਈਆਂ।

ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ

ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਮੈਂ ਵੀ ਕੁੰਡਾ ਨਾ ਖੋਹਲਿਆ ਨੀ ਆ ਗਿਆ ਕੰਧ ਟੱਪ ਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਮੈਂ ਵੀ ਰੋਟੀ ਨਾ ਪੁੱਛੀ ਨੀ ਖਾ ਗਿਆ ਗੰਢੇ ਪੱਟ ਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਮੈਂ ਵੀ ਮੰਜਾ ਨਾ ਡਾਹਿਆ ਨੀ ਪੈ ਗਿਆ ਬੋਰੀ ਸੁੱਟਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਤੜਕੇ ਮੈਂ ਵੀ ਨਾ ਬੋਲੀ ਨੀ ਪਿਆ ਘੂਰੀ ਵੱਟ ਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਮੈਂ ਵੀ ਮੁੱਖੋਂ ਨਾ ਬੋਲੀ ਨੀ ਪੈ ਗਿਆ ਥੱਪੜ ਚੱਕ ਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ।

ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ
ਰਾਤੀਂ ਰਾਸ ਵੇਖਣ ਗਿਆ, ਨਾ ਗਿਆ ਦੱਸ ਕੇ



ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
ਕਿਸ ਘੜੀਆਂ ਘੜਵਾਈਆਂ
ਮੇਰੀਆਂ ਹਵਾਈ ਜਹਾਜ ਵਿੱਚ ਆਈਆਂ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ

ਇਹ ਵੰਗਾਂ ਮੇਰੇ ਸੌਹਰੇ ਨੇ ਘੱਲੀਆਂ
ਇਹ ਵੰਗਾਂ ਮੇਰੇ ਸੌਹਰੇ ਨੇ ਘੱਲੀਆਂ
ਸੁੱਟੀਆਂ ਬੂਹਿਓ ਬਾਹਰ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
ਕਿਸ ਘੜੀਆਂ ਘੜਵਾਈਆਂ
ਮੇਰੀਆਂ ਹਵਾਈ ਜਹਾਜ ਵਿੱਚ ਆਈਆਂ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ

ਇਹ ਵੰਗਾਂ ਮੇਰੀ ਸੱਸ ਨੇ ਘੱਲੀਆਂ
ਇਹ ਵੰਗਾਂ ਮੇਰੀ ਸੱਸ ਨੇ ਘੱਲੀਆਂ
ਡਰਦੀ ਨੇ ਲਈਆਂ ਪਾ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
ਕਿਸ ਘੜੀਆਂ ਘੜਵਾਈਆਂ
ਮੇਰੀਆਂ ਹਵਾਈ ਜਹਾਜ ਵਿੱਚ ਆਈਆਂ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ

ਇਹ ਵੰਗਾਂ ਮੇਰੇ ਜੇਠ ਨੇ ਘੱਲੀਆਂ
ਇਹ ਵੰਗਾਂ ਮੇਰੇ ਜੇਠ ਨੇ ਘੱਲੀਆਂ
ਕੀਤੀਆਂ ਚਕਨਾ ਚੂਰ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
ਕਿਸ ਘੜੀਆਂ ਘੜਵਾਈਆਂ
ਮੇਰੀਆਂ ਹਵਾਈ ਜਹਾਜ ਵਿੱਚ ਆਈਆਂ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ

ਇਹ ਵੰਗਾਂ ਮੇਰੇ ਮਾਹੀ ਨੇ ਭੇਜੀਆਂ
ਇਹ ਵੰਗਾਂ ਮੇਰੇ ਮਾਹੀ ਨੇ ਭੇਜੀਆਂ
ਚੁੰਮ ਕਾਲਜੇ ਲਾਈਆਂ
ਨੀ ਮੈਂ ਰੀਝਾਂ ਨਾਲ ਹੰਢਾਈਆਂ

ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ
ਕਿਸ ਘੜੀਆਂ ਘੜਵਾਈਆਂ
ਮੇਰੀਆਂ ਹਵਾਈ ਜਹਾਜ ਵਿੱਚ ਆਈਆਂ
ਵੰਗਾਂ ਟੋਕਵੀਆਂ – ਸ਼ਾਵਾ ਵੰਗਾਂ ਟੋਕਵੀਆਂ

ਨੀ ਸੋਹਣੀਏ ਨੀ ਮੋਹਣੀਏ
ਆ ਜਾ ਪਤਲੀਏ ਨਾਰੇ
ਨੀ ਟਾਂਗੇ ਵਾਲਾ, ਵਾਜਾਂ ਮਾਰਦਾ
ਸ਼ਾਵਾ ਨੀ ਟਾਂਗੇ ਵਾਲਾ ਵਾਜਾਂ ਮਾਰਦਾ।

ਵੇ ਸੋਹਣਿਆ ਵੇ ਮੋਹਣਿਆ
ਤੇਰੇ ਟਾਂਗੇ ਨਹੀਂ ਬਹਿਣਾ
ਕਿ ਪੈਦਲ ਤੁਰ ਜਾਂ ਗੇ।

ਨੀ ਸੋਹਣੀਏ ਨੀ ਮੋਹਣੀਏ
ਕੱਚੀ ਸੜਕ ਦਾ ਰੇਤਾ
ਨੀ ਮੂੰਹ ਤੇ ਪੈ ਜਾਉਗਾ
ਹਾਏ ਨੀ ਮੂੰਹ ਸਿਰ ਭਰ ਦਉਗਾ

ਵੇ ਸੋਹਣਿਆ ਵੇ ਮੋਹਣਿਆ
ਲੱਕੇ ਟਕੇ ਦਾ ਸਾਬਣ
ਮੂੰਹ ਸਿਰ ਧੋ ਲਾਂ ਗੇ
ਸ਼ਾਵਾ ਕਿ ਮੂੰਹ ਸਿਰ ਧੋ ਲਾਂ ਗੇ।
ਵੇ ਸੋਹਣਿਆ ਵੇ ਮੋਹਣਿਆ
ਤੇਰੇ ਟਾਂਗੇ ਨਹੀਂ ਬਹਿਣਾ
ਕਿ ਪੈਦਲ ਤੁਰ ਲਾਂ ਗੇ।

ਨੀ ਸੋਹਣੀਏ ਨੀ ਮੋਹਣੀਏ
ਕੱਚੀ ਸੜਕ ਦੇ ਰੋੜੇ
ਨੀ ਪੈਂਰੀ ਚੁਭ ਜਾਣਗੇ
ਹਾਏ ਨੀ ਪੈਰੀਂ ਚੁਭ ਜਾਣਗੇ।

ਵੇ ਸੋਹਣਿਆ ਵੇ ਮੋਹਣਿਆ

ਲੈ ਕੇ ਟਕੇ ਦੀ ਮਹਿੰਦੀ
ਕਿ ਪੈਰੀਂ ਲਾ ਲਾਂ ਗੇ
ਸ਼ਾਵਾ ਕਿ ਪੈਰੀਂ ਲਾ ਲਾਂ ਗੇ।

ਨੀ ਸੋਹਣੀਏ ਨੀ ਮੋਹਣੀਏ
ਆ ਜਾ ਪਤਲੀਏ ਨਾਰੇ
ਨੀ ਟਾਂਗੇ ਵਾਲਾ ਵਾਜਾਂ ਮਾਰਦਾ
ਸ਼ਾਵਾ ਕਿ ਟਾਂਗੇ ਵਾਲਾ ਵਾਜਾਂ ਮਾਰਦਾ।
ਵੇ ਸੋਹਣਿਆ ਵੇ ਮੋਹਣਿਆ
ਤੇਰੇ ਟਾਂਗੇ ਨਹੀਂ ਬਹਿਣਾ
ਕਿ ਪੈਦਲ ਤੁਰ ਜਾਂ ਗੇ
ਸ਼ਾਵਾ ਕਿ ਪੈਦਲ ਤੁਰ ਜਾਂ ਗੇ।

ਨੀ ਸੋਹਣੀਏ ਨੀ ਮੋਹਣੀਏ
ਕੋਈ ਸ਼ਹਿਰੀ ਬਾਬੂ ਗੱਲੀਂ ਲਾ ਲਊਗਾ
ਸ਼ਾਵਾ ਕਿ ਗੱਲੀਂ ਲਾ ਲਊਗਾ

ਵੇ ਸੋਹਣਿਆ ਵੇ ਮੋਹਣਿਆ
ਮੈਂ ਪੰਜਾਬਣ ਜੱਟੀ ਜੁੱਤੀ ਲਾਹ ਲਊਂਗੀ
ਤੂੰ ਵੇਖੀਂ ਮੈਂ ਜੁੱਤੀ ਲਾਹ ਲਊਂਗੀ

ਨੀ ਸੋਹਣੀਏ ਨੀ ਮੋਹਣੀਏ
ਆ ਜਾ ਪਤਲੀਏ ਨਾਰੇ
ਨੀ ਟਾਂਗੇ ਵਾਲਾ ਵਾਜਾਂ ਮਾਰਦਾ।

ਵੇ ਸੋਹਣਿਆ ਵੇ ਮੋਹਣਿਆ
ਤੇਰੇ ਟਾਂਗੇ ਨਹੀਂ ਬਹਿਣਾ
ਕਿ ਪੈਦਲ ਤੁਰ ਜਾਂ ਗੇ
ਸ਼ਾਵਾ ਕਿ ਪੈਦਲ ਤੁਰ ਜਾਂ ਗੇ।

ਸ਼ਾਵਾ ਕਿ ਲੌਂਗ ਮੇਰਾ ਐਸਾ ਘੜੀਂ

ਬੱਲੇ ਕਿ ਲੌਂਗ ਮੇਰਾ ਐਸਾ ਘੜੀਂ
ਜਿਵੇਂ ਵੱਡੇ ਪਲੰਘ ਦਾ ਪਾਵਾ

ਕਿ ਲੌਂਗ ਮੇਰਾ ਐਸਾ ਘੜੀਂ
ਸ਼ਾਵਾ ਕਿ ਲੌਂਗ ਮੇਰਾ ਐਸਾ ਘੜੀਂ
ਬੱਲੇ ਕਿ ਲੌਂਗ ਮੇਰਾ ਐਸਾ ਘੜੀਂ।

ਸ਼ਾਵਾ ਕਿ ਲੌਂਗ ਘੜਾ ਨੀ ਲਿਆ
ਬੱਲੇ ਕਿ ਲੌਂਗ ਘੜਾ ਨੀ ਲਿਆ
ਘਰ ਲਾਇਆ ਤੇ ਲੌਂਗ ਘੜਾਇਆ
ਨੀ ਲੋਕੀਂ ਭੈੜੇ ਐਵੇਂ ਸੜਦੇ
ਸ਼ਾਵਾ ਕਿ ਲੋਕੀਂ ਭੈੜੇ ਐਵੇਂ ਸੜਦੇ
ਬੱਲੇ ਕਿ ਲੋਕੀਂ ਭੈੜੇ ਐਵੇਂ ਸੜਦੇ।

ਸ਼ਾਵਾ ਕਿ ਲੌਂਗ ਗਵਾਚ ਗਿਆ
ਬੱਲੇ ਕਿ ਲੌਂਗ ਗਵਾਚ ਗਿਆ
ਨੀ ਮੈਂ ਮਰੀਂ ਲੌਂਗ ਦੇ ਹਾਵੇ
ਕਿ ਲੌਂਗ ਗਵਾਚ ਗਿਆ
ਸ਼ਾਵਾ ਕਿ ਦਿਲ ਮੇਰਾ ਲੱਗਦਾ ਨਹੀਂ
ਬੱਲੇ ਕਿ ਦਿਲ ਮੇਰਾ ਡੋਲ ਗਿਆ।

ਸ਼ਾਵਾ ਕਿ ਹੋਰ ਬਣਾ ਦੇਉਗਾ
ਬੱਲੇ ਕਿ ਹੋਰ ਬਣਾ ਦੇਉਗਾ
ਨਾ ਮਰੀਂ ਲੌਂਗ ਦੇ ਹਾਵੇ
ਨੀ ਹੋਰ ਬਣਾ ਦੇਉਗਾ।

ਸ਼ਾਵਾ ਕਿ ਲੌਂਗ ਮੇਰਾ ਐਸਾ ਘੜੀਂ
ਬੱਲੇ ਕਿ ਲੌਂਗ ਮੇਰਾ ਐਸਾ ਘੜੀਂ
ਜਿਵੇਂ ਵੱਡੇ ਪਲੰਘ ਦਾ ਪਾਵਾ
ਕਿ ਲੌਂਗ ਮੇਰਾ ਐਸਾ ਘੜੀਂ।

ਅੰਬਰਸਰੇ ਦੀਆਂ ਵੜੀਆਂ ਵੇ ਮੈਂ ਖਾਂਦੀ ਨਾ
ਤੂੰ ਕਰੇਂਦਾ ਅੜੀਆਂ ਵੇ ਮੈਂ ਸਹਿੰਦੀ ਨਾ
ਛੰਨਾ ਛਨੰਕ ਤੇਰੀ ਬੋਦੀ ਮੇਰੇ ਹੱਥ
ਮੇਰੀ ਗੁੱਤ ਤੇਰੇ ਹੱਥ ਮੈਨੂੰ ਰੱਖਣਾ ਤੇ ਰੱਖ
ਮੈਨੂੰ ਕੱਢਣਾ ਤੇ ਕੱਢ

ਮਹੀਓਂ ਤੇਰੇ ਘਰ ਵੱਸੀ ਆਂ
ਤੇ ਹੋਰ ਕੋਈ ਵੱਸੇ ਵੀ ਨਾ
ਮਹੀਓਂ ਤੇਰੇ ਨਾਲ ਕੱਟੀ ਆਂ
ਤੇ ਹੋਰ ਕੋਈ ਕੱਟੇ ਵੀ ਨਾ।

ਅੰਬਰਸਰੇ ਦੇ ਛੋਲੇ ਵੇ ਮੈਂ ਖਾਂਦੀ ਨਾ
ਤੂੰ ਧੜਾ ਧੜ ਬੋਲੇਂ ਵੇ ਮੈਂ ਸਹਿੰਦੀ ਨਾ
ਛੰਨਾ ਛਨੰਕ ਤੇਰੀ ਬੋਦੀ ਮੇਰੇ ਹੱਥ
ਮੇਰੀ ਗੁੱਤ ਤੇਰੇ ਹੱਥ ਮੈਨੂੰ ਰੱਖਣਾ ਤੇ ਰੱਖ
ਮੈਨੂੰ ਕੱਢਣਾ ਤੇ ਕੱਢ
ਮਹੀਓਂ ਤੇਰੇ ਘਰ ਵੱਸੀ ਆਂ
ਤੇ ਹੋਰ ਕੋਈ ਵੱਸੇ ਵੀ ਨਾ
ਮਹੀਓਂ ਤੇਰੇ ਨਾਲ ਕੱਟੀ ਆਂ
ਤੇ ਹੋਰ ਕੋਈ ਕੱਟੇ ਵੀ ਨਾ।

ਅੰਬਰਸਰੇ ਦੇ ਪਾਪੜ ਵੇ ਮੈਂ ਖਾਂਦੀ ਨਾ
ਤੂੰ ਕਰੇਂਦਾ ਆਕੜ ਵੇ ਮੈਂ ਸਹਿੰਦੀ ਨਾ
ਛੰਨਾ ਛਨੰਕ ਤੇਰੀ ਬੋਦੀ ਮੇਰੇ ਹੱਥ
ਮੇਰੀ ਗੁੱਤ ਤੇਰੇ ਹੱਥ ਮੈਨੂੰ ਰੱਖਣਾ ਤੇ ਰੱਖ
ਮੈਨੂੰ ਕੱਢਣਾ ਤੇ ਕੱਢ
ਮਹੀਓਂ ਤੇਰੇ ਘਰ ਵੱਸੀ ਆਂ
ਤੇ ਹੋਰ ਕੋਈ ਵੱਸੇ ਵੀ ਨਾ
ਮਹੀਓਂ ਤੇਰੇ ਨਾਲ ਕੱਟੀ ਆਂ
ਤੇ ਹੋਰ ਕੋਈ ਕੱਟੇ ਵੀ ਨਾ।



ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ

ਬੀਬਾ ਵੇ ਅੱਡੀ ਤੋੜੇ ਵਾਲੀ
ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ
ਬੀਬਾ ਵੇ ਅੱਡੀ ਤੋੜੇ ਵਾਲੀ।

ਜੇ ਮੈਂ ਜਾਣਦੀ ਤੂੰ ਪੁੱਤ ਸੁਨਿਆਰ ਦਾ ਵੇ
ਤੇਰੀ ਅੱਲੋਂ ਗੱਲੋਂ, ਤੇਰੇ ਗਹਿਣਿਆਂ ਵੱਲੋਂ
ਤੇਰੇ ਹੀਰਿਆਂ ਵੱਲ ਵੇਖ ਵੇਖ ਡੁੱਲ੍ਹੀ ਆਂ

ਬੀਬਾ ਵੇ ਅੱਡੀ ਤੋੜੇ ਵਾਲੀ
ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ.....

ਜੇ ਮੈਂ ਜਾਣਦੀ ਤੂੰ ਪੁੱਤ ਤਰਖਾਣ ਦਾ ਵੇ
ਤੇਰੀ ਅੱਲੋਂ ਗੱਲੋਂ ਤੇਰੇ ਸੰਦਾਂ ਵੱਲੋਂ
ਤੇਰੇ ਨਕਸ਼ਾਂ ਵੱਲ ਵੇਖ ਵੇਖ ਡੁੱਲ੍ਹੀ ਆਂ
ਬੀਬਾ ਵੇ ਅੱਡੀ ਤੋੜੇ ਵਾਲੀ
ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ.....।

ਜੇ ਮੈਂ ਜਾਣਦੀ ਤੂੰ ਪੁੱਤ ਸਰਦਾਰ ਦਾ ਵੇ
ਤੇਰੀ ਅੱਲੋਂ ਗੱਲੋਂ ਤੇਰੀਆਂ ਜਮੀਨਾਂ ਵੱਲੋਂ
ਤੇਰੀ ਬੰਬੀ ਵੱਲ ਵੇਖ ਵੇਖ ਡੁੱਲ੍ਹੀ ਆਂ
ਬੀਬਾ ਵੇ ਅੱਡੀ ਤੋੜੇ ਵਾਲੀ
ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ.....।

ਜੇ ਮੈਂ ਜਾਣਦੀ ਤੂੰ ਪੁੱਤ ਹਲਵਾਈ ਦਾ ਵੇ
ਤੇਰੀ ਅੱਲੋਂ ਗੱਲੋਂ ਤੇਰੇ ਪੇੜਿਆਂ ਵੱਲੋਂ
ਤੇਰੇ ਲੱਡੂਆਂ ਵੱਲ ਵੇਖ ਵੇਖ ਡੁੱਲ੍ਹੀ ਆਂ
ਬੀਬਾ ਵੇ ਅੱਡੀ ਤੋੜੇ ਵਾਲੀ
ਅੱਡੀ ਤੋੜੇ ਵਾਲੀ ਝਾਂਜਰ ਹੱਲੀ ਆ.....।

ਕੋਠਾ ਪਾ ਲਿਆ ਈ ਛੜਿਆ ਮੁਹੱਲੇ
ਢੋਲਾ ਵੇ ਤੈਨੂੰ ਸਬਰ ਪਵੇ।

ਇਕ ਛੜਾ ਕਹਿੰਦਾ ਤੈਨੂੰ ਕਾਂਟੇ ਬਣਵਾ ਦਿਆਂ
ਦੂਜਾ ਛੜਾ ਕਹਿੰਦਾ ਤੇਰੇ ਕੰਨਾਂ ਵਿਚ ਪਾ ਦਿਆਂ
ਤੀਜਾ ਛੜਾ ਕਹਿੰਦਾ ਬੱਲੇ ਬੱਲੇ
ਵੇ ਢੋਲਾ ਤੈਨੂੰ ਸਬਰ ਪਵੇ
ਕੋਠਾ ਪਾ ਲਿਆ ਈ ਛੜਿਆਂ ਮੁਹੱਲੇ।

ਇਕ ਛੜਾ ਕਹਿੰਦਾ ਤੈਨੂੰ ਸੂਟ ਸਵਾ ਦਿਆਂ
ਦੂਜਾ ਛੜਾ ਕਹਿੰਦਾ ਤੈਨੂੰ ਕੋਲੇ ਬਠਾ ਲਵਾਂ
ਤੀਜਾ ਛੜਾ ਕਹਿੰਦਾ ਬੱਲੇ ਬੱਲੇ

ਵੇ ਢੋਲਾ ਤੈਨੂੰ ਸਬਰ ਪਵੇ
ਕੋਠਾ ਪਾ ਲਿਆ ਈ ਛੜਿਆਂ ਮੁਹੱਲੇ।

ਇਕ ਛੜਾ ਕਹਿੰਦਾ ਤੈਨੂੰ ਹਾਰ ਬਣਵਾ ਦਿਆਂ
ਦੂਜਾ ਛੜਾ ਕਹਿੰਦਾ ਤੇਰੇ ਗਲ ਵਿਚ ਪਾ ਦਿਆਂ
ਤੀਜਾ ਛੜਾ ਕਹਿੰਦਾ ਬੱਲੇ ਬੱਲੇ
ਵੇ ਢੋਲਾ ਤੈਨੂੰ ਸਬਰ ਪਵੇ
ਕੋਠਾ ਪਾ ਲਿਆ ਈ ਛੜਿਆਂ ਮੁਹੱਲੇ।

ਇਕ ਛੜਾ ਕਹਿੰਦਾ ਤੈਨੂੰ ਕਾਰ ਮੰਗਵਾ ਦਿਆਂ
ਦੂਜਾ ਛੜਾ ਕਹਿੰਦਾ ਤੈਨੂੰ ਨਾਲ ਬਿਠਾ ਲਵਾਂ
ਤੀਜਾ ਛੜਾ ਕਹਿੰਦਾ ਲੈ ਚਲੇ
ਵੇ ਢੋਲਾ ਤੈਨੂੰ ਸਬਰ ਪਵੇ
ਕੋਠਾ ਪਾ ਲਿਆ ਈ ਛੜਿਆ ਮੁਹੱਲੇ।

ਕੁੱਟ ਕੁੱਟ ਬਾਜਰਾ ਮੈਂ ਕੋਠੇ ਉਤੇ ਪਾਉਨੀਂ ਆਂ
ਹਾਏ ਓਏ ਮੇਰਿਆ ਹਾਣੀਆ ਮੈਂ ਕੋਠੇ ਉੱਤੇ ਪਾਉਨੀਂ ਆਂ
ਹਾਏ ਨੀ ਮਾਏ ਮੇਰੀਏ ਮੈਂ ਕੋਠੇ ਉੱਤੇ ਪਾਉਨੀਂ ਆਂ
ਆਉਣਗੇ ਕਾਗ ਉੱਡਾ ਜਾਣਗੇ
ਨੀ ਸਾਨੂੰ ਦੂਣਾ ਪੁਆੜਾ ਪਾ ਜਾਣਗੇ।

ਦਿਨੇ ਵੀ ਲੜਦਾ ਏ ਰਾਤੀਂ ਵੀ ਲੜਦਾ ਏ
ਹਾਏ ਨੀ ਮਾਏ ਮੇਰੀਏ ਇਹ ਦਿਨੇ ਵੀ ਲੜਦਾ ਏ
ਹਾਏ ਉਏ ਮੇਰਿਆ ਹਾਣੀਆ ਤੂੰ ਦਿਨੇ ਕਿਉਂ ਲੜਦਾ ਏਂ
ਭੱਤਾ ਸ਼ਰੀਕਾਂ ਦਾ ਢੋਵੇਂਗਾ
ਪੇਕੇ ਟੁਰ ਗਈ ਤਾਂ ਬਹਿਕੇ ਰੋਵੇਂਗਾ
ਕੁੱਟ ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ।

ਦਿਨੇ ਵੀ ਮਾਰਦਾ ਏ ਰਾਤੀਂ ਵੀ ਮਾਰਦਾ ਏ
ਹਾਏ ਨੀ ਮਾਂ ਮੇਰੀਏ ਇਹ ਕਿਉਂ ਮੈਨੂੰ ਮਾਰਦਾ ਏ
ਹਾਏ ਉਏ ਮੇਰਿਆ ਹਾਣੀਆ ਤੂੰ ਦਿਨੇ ਕਿਉਂ ਮਾਰਦਾ ਏਂ
ਪਾਣੀ ਸ਼ਰੀਕਾਂ ਦਾ ਢੋਵੇਂਗਾ
ਜਦੋਂ ਬਣ ਗਿਆ ਗੁਲਾਮ

ਬੈਠਾ ਕਰਮਾਂ ਨੂੰ ਰੋਵੇਂਗਾ
ਆਉਣਗੇ ਕਾਗ ਖਿੰਡਾਅ ਜਾਣਗੇ
ਕੱਚੇ ਫੁਲਾਂ ਨੂੰ ਨਾ ਤੋੜੀਂ ਕੁਮਲਾ ਜਾਣਗੇ
ਉਏ ਕੱਚੇ ਫੁਲਾਂ ਨੂੰ ਨਾ ਤੋੜੀਂ ਕੁਮਲਾ ਜਾਣਗੇ।

ਕੁੱਟ ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ
ਹਾਏ ਉਏ ਮੇਰਿਆ ਹਾਣੀਆ
ਮੈਂ ਕੋਠੇ ਉੱਤੇ ਪਾਉਨੀ ਆਂ
ਆਉਣਗੇ ਕਾਗ ਉਡਾ ਜਾਣਗੇ
ਸਾਨੂੰ ਦੂਣਾ ਪੁਆੜਾ ਪਾ ਜਾਣਗੇ
ਕੱਚੇ ਫੁਲਾਂ ਨੂੰ ਨਾ ਤੋੜੀ ਕੁਮਲਾ ਜਾਣਗੇ
ਵੇ ਸਾਨੂੰ ਦੂਣਾ ਪੁਆੜਾ ਪਾ ਜਾਣਗੇ
ਵੇ ਸਾਨੂੰ ਦੂਣਾ ਪੁਆੜਾ ਪਾ ਜਾਣਗੇ।

ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ
ਸੱਸ ਨੂੰਹ ਦਾ ਮੁਕਾਬਲਾ ਆਹਮੋ ਸਾਹਮਣੇ।

ਨੂੰਹਾਂ ਤੋਂ ਡਰਦੀ ਸੱਸ ਮੂੰਹ ਨਾ ਧੋਵੇ
ਨੂੰਹਾਂ ਤੋਂ ਡਰਦੀ ਸੱਸ ਮੂੰਹ ਵੀ ਨਾ ਧੋਵੇ
ਬੁੱਢਾ ਪਾਉਡਰ ਲੈ ਕੇ ਆ ਗਿਆ ਬੁੱਢੀ ਵਾਸਤੇ
ਬੁੱਢੇ ਨੂੰ ਕਿੱਥੋਂ ਲੋਹੜਾ ਆ ਗਿਆ ਬੁੱਢੀ ਵਾਸਤੇ
ਨੂੰਹਾਂ ਸੱਸ ਦਾ ਮੁਕਾਬਲਾ ਆਹਮੋ ਸਾਹਮਣੇ
ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ।

ਨੂੰਹਾਂ ਤੋਂ ਡਰਦੀ ਸੱਸ ਪਾਟੇ ਕਪੜੇ ਪਾਵੇ
ਬੁੱਢਾ ਲਹਿੰਗਾ ਲੈ ਕੇ ਆ ਗਿਆ ਬੁੱਢੀ ਵਾਸਤੇ
ਬੁੱਢੇ ਨੂੰ ਕਿੱਥੋਂ ਲੋਹੜਾ ਆ ਗਿਆ ਬੁੱਢੀ ਵਾਸਤੇ
ਨੂੰਹਾਂ ਸੱਸ ਦਾ ਮੁਕਾਬਲਾ ਆਹਮੋ ਸਾਹਮਣੇ
ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ।
ਨੂੰਹਾਂ ਤੋਂ ਡਰਦੀ ਸੱਸ ਸਿਰ ਵੀ ਨਾ ਵਾਹਵੇ
ਬੁੱਢਾ ਸ਼ਿੰਗਾਰ ਪੱਟੀ ਲੈ ਕੇ ਆ ਗਿਆ ਬੁੱਢੀ ਵਾਸਤੇ
ਬੁੱਢੇ ਨੂੰ ਕਿੱਥੋਂ ਲੋਹੜਾ ਆ ਗਿਆ ਬੁੱਢੀ ਵਾਸਤੇ
ਨੂੰਹਾਂ ਸੱਸ ਦਾ ਮੁਕਾਬਲਾ ਆਹਮੋ ਸਾਹਮਣੇ

ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ।

ਨੂੰਹਾਂ ਤੋਂ ਡਰਦੀ ਬੁੱਢੀ ਜੁੱਤੀ ਵੀ ਨਾ ਪਾਵੇ
ਬੁੱਢਾ ਸੈਡਲ ਲੈ ਕੇ ਆ ਗਿਆ ਬੁੱਢੀ ਵਾਸਤੇ
ਬੁੱਢੇ ਨੂੰ ਕਿੱਥੋਂ ਲੋਹੜਾ ਆ ਗਿਆ ਬੁੱਢੀ ਵਾਸਤੇ
ਨੂੰਹਾਂ ਸੱਸ ਦਾ ਮੁਕਾਬਲਾ ਆਹਮੋ ਸਾਹਮਣੇ
ਤੇਰੀ ਦਿੱਲੀ ਮੇਰਾ ਆਗਰਾ ਆਹਮੋ ਸਾਹਮਣੇ।

ਵੇ ਠਾਣੇਦਾਰਾ ਉੱਚੀ ਹਵੇਲੀ ਪਾ

ਵੇ ਠਾਣੇਦਾਰਾ ਉੱਚੀ ਹਵੇਲੀ ਪਾ
ਵੇ ਠਾਣੇਦਾਰਾ ਉੱਥੇ ਕਚਿਹਰੀ ਲਾ
ਵੇ ਠਾਣੇਦਾਰਾ ਉੱਥੇ ਕਚਿਹਰੀ ਲਾ।

ਵੇ ਠਾਣੇਦਾਰਾ ਦੋ ਰੋਟੀਆਂ ਹੀ ਲਾਹਵਾਂ
ਵੇ ਠਾਣੇਦਾਰਾ ਦੋ ਰੋਟੀਆਂ ਹੀ ਲਾਹਵਾਂ
ਇਕ ਮੈਂ ਖਾ ਲਉ ਇਕ ਤੂੰ ਖਾ ਲਈ
ਆਪੇ ਭੁੱਖੀ ਰਹੂਗੀ ਤੇਰੀ ਮਾਂ
ਵੇ ਠਾਣੇਦਾਰਾ ਉੱਚੀ ਹਵੇਲੀ ਪਾ
ਵੇ ਠਾਣੇਦਾਰਾ ਉੱਥੇ ਕਚਿਹਰੀ ਲਾ

ਵੇ ਠਾਣੇਦਾਰਾ ਮੋਟਰ ਸਾਈਕਲ ਲਿਆ
ਵੇ ਠਾਣੇਦਾਰਾ ਮੋਟਰ ਸਾਈਕਲ ਲਿਆ
ਇੱਕ ਮੈਂ ਚੜ੍ਹ ਜੂੰ ਇਕ ਤੂੰ ਚੜ੍ਹ ਜੀਂ
ਆਪੇ ਪੈਰੀਂ ਤੁਰੂਗੀ ਤੇਰੀ ਮਾਂ
ਵੇ ਠਾਣੇਦਾਰਾ ਉੱਚੀ ਹਵੇਲੀ ਪਾ
ਵੇ ਠਾਣੇਦਾਰਾ ਉੱਥੇ ਕਚਿਹਰੀ ਲਾ

ਵੇ ਠਾਣੇਦਾਰਾ ਦੋ ਮੰਜੀਆਂ ਦੀ ਥਾਂ
ਵੇ ਠਾਣੇਦਾਰਾ ਦੋ ਮੰਜੀਆਂ ਦੀ ਥਾਂ
ਇਕ ਤੂੰ ਡਾਹ ਲਈਂ ਇਕ ਮੈਂ ਡਾਹ ਲੂੰ
ਆਪੇ ਭੁੰਜੇ ਸੌਊਂਗੀ ਤੇਰੀ ਮਾਂ
ਵੇ ਠਾਣੇਦਾਰਾ ਉੱਚੀ ਹਵੇਲੀ ਪਾ
ਵੇ ਠਾਣੇਦਾਰਾ ਉੱਥੇ ਕਚਿਹਰੀ ਲਾ



ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ

ਤੇਰੀ ਮਾਤਾ ਨੂੰ ਮੱਥਾ ਨਹੀਂ ਟੇਕਣਾ
ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
ਤੇਰੀ ਮਾਤਾ ਨੇ ਮੰਦਾ ਬੋਲਿਆ
ਅੰਦਰ ਵੜਕੇ ਬਥੇਰਾ ਰੋ ਲਿਆ
ਬਾਹਰ ਨਿਕਲਕੇ ਮੁਖੜਾ ਵੀ ਧੋ ਲਿਆ
ਐਸਾ ਮੀਸਣਾ ਮੁੱਖੋਂ ਨਹੀਂ ਬੋਲਿਆ।

ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
ਡੇਰੇ ਬਾਪੂ ਨੂੰ ਮੱਥਾ ਨਹੀਂ ਟੇਕਣਾ
ਤੇਰੇ ਬਾਪੂ ਨੇ ਮੰਦਾ ਬੋਲਿਆ
ਅੰਦਰ ਵੜਕੇ ਬਥੇਰਾ ਰੋ ਲਿਆ
ਬਾਹਰ ਨਿਕਲਕੇ ਮੁਖੜਾ ਵੀ ਧੋ ਲਿਆ
ਐਸਾ ਮੀਸਣਾ ਮੁੱਖੋਂ ਨਹੀਂ ਬੋਲਿਆ।

ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
ਤੇਰੀ ਭਾਬੋਂ ਨੇ ਮੈਨੂੰ ਕੁੱਟ ਤਾ
ਅੰਦਰ ਵੜਕੇ ਮੈਂ ਉਹਨੂੰ ਪਿੱਟ ਤਾ
ਅੰਦਰ ਵੜਕੇ ਬਥੇਰਾ ਰੋ ਲਿਆ
ਬਾਹਰ ਨਿਕਲਕੇ ਮੁਖੜਾ ਵੀ ਧੋ ਲਿਆ
ਐਸਾ ਮੀਸਣਾ ਮੁੱਖੋਂ ਨਹੀਂ ਬੋਲਿਆ।
ਤੇ ਦਿਲ ਸਾਡਾ ਐਸਾ ਡੋਲਿਆ
ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
ਤੇਰੀ ਮਾਤਾ ਨੂੰ ਮੱਥਾ ਨਹੀਂ ਟੇਕਣਾ
ਚੜ੍ਹਿਆ ਚੰਦਰਮਾ ਅਸਾਂ ਨਹੀਂ ਵੇਖਣਾ
ਤੇਰੀ ਮਾਤਾ ਨੇ ਮੰਦਾ ਬੋਲਿਆ
ਅੰਦਰ ਵੜਕੇ ਬਥੇਰਾ ਰੋ ਲਿਆ
ਬਾਹਰ ਨਿਕਲਕੇ ਮੁਖੜਾ ਵੀ ਧੋ ਲਿਆ
ਐਸਾ ਮੀਸਣਾ ਮੁੱਖੋਂ ਨਹੀਂ ਬੋਲਿਆ।

ਬਾਜ਼ਾਰ ਵਿਕੇਂਦੀ ਤਰ ਵੇ
ਮੇਰਾ ਲੰਮੀ ਗਲੀ ਵਿਚ ਘਰ ਵੇ
ਅੰਬ ਡਾਲੀਆਂ
ਲੱਸੀ ਦੇ ਬਹਾਨੇ ਢੋਲਾ ਅੱਖਾਂ ਲਾ ਲਈਆਂ।

ਬਜ਼ਾਰ ਵਿਕੇਂਦੀਆਂ ਹੀਆਂ
ਰਲ ਬੈਠੀਆਂ ਮਾਵਾਂ ਧੀਆਂ
ਕਰਨ ਕਹਾਣੀਆਂ ਜੀ ਢੋਲਾ
ਅੰਬ ਡਾਲੀਆਂ
ਮਾਹੀ ਦੀ ਉਡੀਕ ਵਿੱਚ ਮੈਂ ਖਲੀ ਆਂ।

ਬਜ਼ਾਰ ਵਿਕੇਂਦਾ ਉਠ ਵੇ
ਤੇਰੇ ਮੂੰਹ ਵਿੱਚ ਦੇਵਾਂ ਠੁੱਠ ਵੇ
ਪੇਕੇ ਲੱਗੀ ਵੈਸਾਂ ਸੁਣ ਢੋਲਾ
ਢੋਲਾ ਚੰਨ ਵੇ
ਮੈਂ ਤੇਰੀਆਂ ਸਾਰੀਆਂ ਮੰਨੀ ਆਂ
ਸਾਡੀ ਇਕ ਮੰਨ ਵੇ।

ਬਾਜ਼ਾਰ ਵਿਕੇਂਦਾ ਗੋਗਾ ਵੇ
ਨਾ ਹੋਸੋ ਮਾਰਨ ਜੋਗਾ ਵੇ
ਬਾਂਹ ਭੰਨ ਸੁੱਟੀ ਸੁਣ ਢੋਲਾ
ਅੰਬ ਡਾਲੀਆਂ
ਤੇਰੀਆਂ ਮਾਰਾਂ ਮੈਂ ਬਹੁਤ ਝੱਲੀਆਂ।

ਬਾਜ਼ਾਰ ਵਿਕੇਂਦੀ ਝਾਰੀ
ਮੈਂ ਕਰਨੀਆਂ ਮਿੰਨਤਾਂ ਜਾਰੀ
ਕਸੂਰ ਮੰਨੀ ਖਲੀ ਆਂ ਸੁਣ ਢੋਲਾ
ਸੁਣ ਜਾਨੀ
ਮਾਫੀ ਮੈਨੂੰ ਦੇ ਦੇ ਤੇਰੀ ਮਿਹਰਬਾਨੀ।



ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?
ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?

ਗੁੱਡੀਆਂ ਪਟੋਲੇ ਮੇਰੇ ਬਾਰੀ ਵਿਚ ਰਹਿ ਗਏ
ਗੁੱਡੀਆਂ ਪਟੋਲੇ ਮੇਰੇ ਬਾਰੀ ਵਿਚ ਰਹਿ ਗਏ
ਉਹਨਾਂ ਵਿਚ ਰਹਿ ਗਿਆ ਮੇਰਾ ਜੀ ਮੇਰੀ ਅੰਮੀਏ
ਉਹਨਾਂ ਵਿਚ ਰਹਿ ਗਿਆ ਮੇਰਾ ਜੀ ਮੇਰੀ ਅੰਮੀਏ
ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?

ਸੱਤਾਂ ਭਰਾਵਾਂ ਦੀ ਮੈਂ ਇਕੋ ਇਕ ਭੈਣ ਸਾਂ
ਉਹਨਾਂ ਵਿਚ ਰਹਿ ਗਿਆ ਮੇਰਾ ਜੀ ਮੇਰੀ ਅੰਮੀਏ
ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?

ਮਾਵਾਂ ਨਾਲ ਪੇਕੇ ਹੁੰਦੇ ਸੱਸਾਂ ਨਾਲ ਸੌਹਰੇ ਹੁੰਦੇ
ਹੋਰ ਨਾ ਕੋਈ ਪੁੱਛੇ ਹਾਲ ਕੀ ਮੇਰੀ ਅੰਮੀਏ
ਹੋਰ ਨਾ ਕੋਈ ਪੁੱਛੇ ਹਾਲ ਕੀ ਮੇਰੀ ਅੰਮੀਏ
ਬੁੱਝ ਮੇਰੀ ਮੁੱਠੀ ਵਿਚ ਕੀ ਮੇਰੀ ਅੰਮੀਏ?



ਸੂਈ ਜ਼ਾਲਮਾ ਸੂਈ ਵੇ
ਸੂਈ ਜ਼ਾਲਮਾ ਸੂਈ ਵੇ

ਸੂਈ ਟੰਗੀ ਸਿਰਹਾਣੇ
ਮੇਰੀ ਨਣਦ ਭੁੰਨਾਏ ਦਾਣੇ
ਮੇਰੀ ਸੱਸ ਵੰਡਣ ਨਾ ਜਾਣੇ
ਘਰ ਵਿਚ ਪੈ ਗਏ ਘਾਣੇ ਮਾਣੇ
ਜ਼ਾਲਮਾ ਸੂਈ ਵੇ
ਸੂਈ ਜ਼ਾਲਮਾ ਸੂਈ ਵੇ

ਸੂਈ ਥੋਂ ਨਾ ਮਾਰ
ਜ਼ਾਲਮਾਂ ਸੂਈ ਵੇ
ਮੇਰੀ ਮਾਂ ਕਸੀਦੇਦਾਰ

ਉੱਥੋਂ ਸੂਈਆਂ ਲਿਆ ਦਿਓ ਚਾਰ
ਜ਼ਾਲਮਾਂ ਸੂਈ ਵੇ।

ਸੂਈ ਟੰਗੀ ਪੜਛੱਤੀ
ਮੇਰੀ ਸੱਸ ਬੜੀ ਕੁਪੱਤੀ
ਜ਼ਾਲਮਾ ਸੂਈ ਵੇ
ਸੂਈ ਥੋਂ ਨਾ ਮਾਰ ਜ਼ਾਲਮਾ ਸੂਈ ਵੇ
ਸੂਈ ਜ਼ਾਲਮਾ ਸੂਈ ਵੇ

ਸੂਈ ਧਰੀ ਮੈਂ ਛਿੱਕੇ
ਅੰਦਰ ਸੱਸ ਨਣਾਨ ਪਿੱਟੇ
ਤੂੰ ਚੜ੍ਹ ਗਿਆ ਸ਼ਾਮੇ ਦੇ ਯੱਕੇ
ਉਹ ਤਾਂ ਮੈਨੂੰ ਮਾਰਨ ਧੱਕੇ
ਜ਼ਾਲਮਾ ਸੂਈ ਵੇ
ਸੂਈ ਥੋਂ ਨਾ ਮਾਰ
ਮੇਰੀ ਮਾਂ ਕਸੀਦੇਦਾਰ
ਜ਼ਾਲਮਾਂ ਸੂਈ ਵੇ।

ਸੂਈ ਟੰਗੀ ਸੀ ਮੈਂ ਕਾਨੇ
ਨਾ ਘਰ ਆਟਾ ਨਾ ਘਰ ਦਾਣੇ
ਬਾਲਕ ਰੋਂਦੇ ਭੁੱਖੇ ਭਾਣੇ
ਬੇਦਰਦਾ ਸੂਈ ਵੇ
ਸੂਈ ਥੋਂ ਨਾ ਮਾਰ
ਮੇਰੀ ਮਾਂ ਕਸੀਦੇਦਾਰ
ਉੱਥੋਂ ਲਿਆ ਦਿਓ ਸੂਈਆਂ ਚਾਰ
ਜ਼ਾਲਮਾ ਸੂਈ ਵੇ।

ਸੂਈ ਨਾ ਸੀਤਾ ਘੱਗਰਾ
ਇਹ ਕੀ ਕੀਤਾ ਅਵੱਲਿਆ ਟੱਬਰਾ
ਮੈਂ ਟੁਰ ਗਈ ਤਾਂ ਪੈ ਜੂਓ ਝਗੜਾ
ਜ਼ਾਲਮਾ ਸੂਈ ਵੇ
ਹਾਏ ਜ਼ਾਲਮਾ ਸੂਈ ਵੇ।

ਨੀ ਅੜੀਓ ਹਰੀਆਂ ਹਰੀਆਂ ਗੰਦਲਾਂ ਕੁਵੇਲੇ ਨਿਸਰੀਆਂ
ਨੀ ਅੜੀਓ ਰੰਨਾਂ ਜਿਨ੍ਹਾਂ ਦੀਆਂ ਸੋਹਣੀਆਂ ਉਹ ਮਨੋਂ ਨਾ ਵਿਸਰੀਆਂ
ਨੀ ਅੜੀਓ ਹਰੀਆਂ ਹਰੀਆਂ ਗੰਦਲਾਂ ਕੁਵੇਲੇ ਨਿਸਰੀਆਂ

ਨੀ ਅੜੀਏ ਕੋਠੇ ਤੇ ਖਲੋਤੀਏ
ਸ਼ੀਸ਼ਾ ਨਾ ਲਿਸ਼ਕਾ
ਨੀ ਅੜੀਏ ਸਬਰ ਪਵੇ ਤੇਰੇ ਰੂਪ ਨੂੰ
ਕਜਰਾ ਥੋੜਾ ਪਾ
ਨੀ ਧੋਬਣ ਰੰਗਦੀ ਏ ਚੀਰੇ ਉਹਨਾਂ ਦੇ ਲਾਲ
ਆਸ਼ਕ ਮੰਗਦੇ ਨੇ ਸੋਟੀ ਤੇ ਰੁਮਾਲ
ਮਾਹੀ ਮੇਰਾ ਇੰਝ ਪਤਲਾ ਜਿਵੇਂ ਸੁੱਚੇ ਤਿੱਲੇ ਦੀ ਤਾਰ
ਬਾਰੀ ਵਿਚ ਬੈਠੀ ਨੂੰ ਸਮਝਾ ਗਿਆ ਸੈਣਤ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ।

ਨੀ ਅੜੀਏ ਕੋਠੇ ਤੇ ਖਲੋਤੀਏ
ਸ਼ੀਸ਼ਾ ਨਾ ਲਿਸ਼ਕਾ
ਨੀ ਅੜੀਏ ਸਬਰ ਪਵੇ ਤੇਰੇ ਰੂਪ ਨੂੰ
ਪਾਉਡਰ ਥੋੜਾ ਲਾ
ਧੋਬਣ ਰੰਗਦੀ ਏ ਚੀਰੇ ਉਨ੍ਹਾਂ ਦੇ ਲਾਲ
ਆਸ਼ਕ ਮੰਗਦੇ ਨੇ ਸੋਟੀ ਤੇ ਰੁਮਾਲ
ਮਾਹੀ ਮੇਰਾ ਇੰਝ ਪਤਲਾ ਜਿਵੇਂ ਸੁੱਚੇ ਤਿੱਲੇ ਦੀ ਤਾਰ
ਬਾਰੀ ਵਿਚ ਬੈਠੀ ਨੂੰ ਸਮਝਾ ਗਿਆ ਸੈਣਤ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ।

ਨੀ ਅੜੀਏ ਕੋਠੇ ਤੇ ਖਲੋਤੀਏ
ਸ਼ੀਸ਼ਾ ਨਾ ਲਿਸ਼ਕਾ
ਨੀ ਅੜੀਏ ਸਬਰ ਪਵੇ ਤੇਰੇ ਰੂਪ ਨੂੰ

ਸੁਰਖ਼ੀ ਥੋੜ੍ਹੀ ਲਾ
ਨੀ ਧੋਬਣ ਰੰਗਦੀ ਏ ਚੀਰੇ ਉਹਨਾਂ ਦੇ ਲਾਲ
ਆਸ਼ਕ ਮੰਗਦੇ ਨੇ ਸੋਟੀ ਤੇ ਰੁਮਾਲ
ਮਾਹੀ ਮੇਰਾ ਇੰਝ ਪਤਲਾ ਜਿਵੇਂ ਸੁੱਚੇ ਤਿੱਲੇ ਦੀ ਤਾਰ
ਬਾਰੀ ਵਿਚ ਬੈਠੀ ਨੂੰ ਸਮਝਾ ਗਿਆ ਸੈਣਤ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ
ਛੁੱਟੀਆਂ ਚ ਆਵਾਂਗਾ ਤੇ ਲੈ ਜਾਵਾਂਗਾ ਨਾਲ।

ਨੀ ਅੜੀਓ ਹਰੀਆਂ ਹਰੀਆਂ ਗੰਦਲਾਂ ਕੁਵੇਲੇ ਨਿਸਰੀਆਂ
ਨੀ ਅੜੀਓ ਰੰਨਾਂ ਜਿੰਨ੍ਹਾਂ ਦੀਆਂ ਸੋਹਣੀਆਂ ਉਹ ਮਨੋਂ ਨਾ ਵਿਸਰੀਆਂ
ਨੀ ਅੜੀਓ ਹਰੀਆਂ ਹਰੀਆਂ ਗੰਦਲਾਂ ਕੁਵੇਲੇ ਨਿਸਰੀਆਂ

ਅਨਾਰਕਲੀ ਵਿਚ ਮਿਲ ਮਾਹੀਆ ਰਾਤਾਂ ਹੈਗੀਆਂ ਚਾਨਣੀਆਂ
ਅਨਾਰਕਲੀ ਵਿਚ ਮਿਲ ਮਾਹੀਆ ਰਾਤਾਂ ਹੈਗੀਆਂ ਚਾਨਣੀਆਂ।

ਸਾੜੀ ਲੈ ਕੇ ਮਿਲ ਮਾਹੀਆ ਸੂਟ ਪਾਉਂਦੀਆਂ ਬਾਹਮਣੀਆਂ
ਸਾੜੀ ਲੈ ਕੇ ਬਾਹਰ ਨਿਕਲੀ ਸੜ ਗਈਆਂ ਆਂਢ ਗੁਆਂਢਣੀਆਂ

ਸੈਂਡਲ ਲੈ ਕੇ ਮਿਲ ਮਾਹੀਆ ਚੱਪਲ ਪਾਉਂਦੀਆਂ ਬਾਹਮਣੀਆਂ
ਸੈਂਡਲ ਪਾ ਕੇ ਬਾਹਰ ਨਿਕਲੀ ਸੜ ਗਈਆਂ ਆਂਢ ਗੁਆਂਢਣੀਆ

ਅਨਾਰਕਲੀ ਵਿਚ ਮਿਲ ਮਾਹੀਆ ਰਾਤਾਂ ਹੈਗੀਆਂ ਚਾਨਣੀਆਂ
ਅਨਾਰਕਲੀ ਵਿਚ ਮਿਲ ਮਾਹੀਆ ਰਾਤਾਂ ਹੈਗੀਆਂ ਚਾਨਣੀਆਂ

ਫੁੱਲਾਂ ਦੀ ਬਹਾਰ ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਈ ਨਾ
ਫੁੱਲ ਗਏ ਕੁਮਲਾ ਮੇਰੇ ਮਨ ਭਾਇਓ ਨਾ
ਸ਼ਾਵਾ ਰਾਤੀਂ ਆਇਓ ਈ ਨਾ।

ਆਸੇ ਪਾਵਾਂ ਪਾਸੇ ਪਾਵਾਂ

ਵਿਚ ਵਿਚ ਪਾਵਾਂ ਕਲੀਆਂ
ਜੇ ਮੇਰਾ ਰਾਝਣ ਨਾ ਆਇਆ
ਮੈਂ ਢੂੰਡ ਸੁੱਟਾਂ ਸਭ ਗਲੀਆਂ
ਨੀ ਐਥੇ ਮੇਰਾ ਰਾਂਝਣ ਆਇਆ – ਸ਼ਾਵਾ
ਦਿਲ ਦਾ ਚਾਨਣ ਆਇਆ – ਸ਼ਾਵਾ
ਦਿਲ ਦੀ ਹਸਤੀ ਆਈ – ਸ਼ਾਵਾ
ਖਿੜ ਖਿੜ ਹਸਦੀ ਆਈ – ਸ਼ਾਵਾ
ਕਿਸ ਮੇਰਾ ਲਾਲ ਚੁਰਾਇਆ – ਸ਼ਾਵਾ
ਲਾਲ ਗੁਪਾਲ ਚੁਰਾਇਆ – ਸ਼ਾਵਾ
ਨੀ ਸੁਣ ਮੇਰੀਏ ਸੱਸੇ – ਸ਼ਾਵਾ
ਦੀਵਾ ਬਾਲ ਚੁਬਾਰੇ – ਸ਼ਾਵਾ
ਲਾਲ ਮੇਰਾ ਨਜ਼ਰੀਂ ਆਵੇ – ਸ਼ਾਵਾ
ਸ਼ਾਵਾ ਰਾਤੀਂ ਆਇਓ ਨਾ।

ਆਸੇ ਪਾਵਾਂ ਪਾਸੇ ਪਾਵਾਂ
ਵਿਚ ਵਿਚ ਪਾਵਾਂ ਪੇਠੇ
ਜੇ ਮੇਰਾ ਰਾਂਝਣ ਨਾ ਆਇਆ
ਮੈਂ ਢੂੰਡ ਸੁੱਟਾਂ ਸਭ ਠੇਕੇ
ਨੀ ਐਥੇ ਮੇਰਾ ਰਾਝਣ ਆਇਆ – ਸ਼ਾਵਾ
ਦਿਲ ਦਾ ਚਾਨਣ ਆਇਆ – ਸ਼ਾਵਾ
ਦਿਲ ਦੀ ਹਸਤੀ ਆਈ – ਸ਼ਾਵਾ
ਖਿੜ ਖਿੜ ਹਸਦੀ ਆਈ – ਸ਼ਾਵਾ
ਕਿਸ ਮੇਰਾ ਲਾਲ ਚੁਰਾਇਆ – ਸ਼ਾਵਾ
ਲਾਲ ਗੁਪਾਲ ਚੁਰਾਇਆ – ਸ਼ਾਵਾ
ਨੀ ਸੁਣ ਮੇਰੀਏ ਸੱਸੇ – ਸ਼ਾਵਾ
ਦੀਵਾ ਬਾਲ ਚੁਬਾਰੇ – ਸ਼ਾਵਾ
ਲਾਲ ਮੇਰਾ ਨਜ਼ਰੀਂ ਆਵੇ – ਸ਼ਾਵਾ
ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਨਾ
ਫੁੱਲਾਂ ਦੀ ਬਹਾਰ ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਨਾ।

ਆਸੇ ਪਾਵਾਂ ਪਾਸੇ ਪਾਵਾਂ
ਵਿਚ ਵਿਚ ਪਾਵਾ ਵੇਸਣ

ਜੇ ਮੇਰਾ ਰਾਂਝਣ ਨਾ ਆਇਆ
ਮੈਂ ਢੂਡ ਸੁੱਟਾਂ ਅਸਟੇਸ਼ਣ
ਇੱਥੇ ਮੇਰਾ ਰਾਂਝਣ ਆਇਆ – ਸ਼ਾਵਾ
ਦਿਲ ਦਾ ਚਾਨਣ ਆਇਆ – ਸ਼ਾਵਾ
ਦਿਲ ਦੀ ਹਸਤੀ ਆਈ – ਸ਼ਾਵਾ
ਖਿੜ ਖਿੜ ਹਸਦੀ ਆਈ – ਸ਼ਾਵਾ
ਕਿਸ ਮੇਰਾ ਲਾਲ ਚੁਰਾਇਆ – ਸ਼ਾਵਾ
ਲਾਲ ਗੁਪਾਲ ਚੁਰਾਇਆ – ਸ਼ਾਵਾ
ਨੀ ਸੁਣ ਮੇਰੀਏ ਸੱਸੇ – ਸ਼ਾਵਾ
ਦੀਵਾ ਬਾਲ ਚੁਬਾਰੇ – ਸ਼ਾਵਾ
ਲਾਲ ਮੇਰਾ ਨਜ਼ਰੀਂ ਆਵੇ – ਸ਼ਾਵਾ
ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਨਾ।

ਆਸੇ ਪਾਵਾਂ ਪਾਸੇ ਪਾਵਾਂ
ਵਿਚ ਵਿਚ ਪਾਵਾ ਤੋੜੇ
ਜੇ ਮੇਰਾ ਰਾਂਝਣ ਨਾ ਆਇਆ
ਮੈਂ ਢੂੰਡ ਪਛੋਰੀ ਘੋੜੇ
ਨੀ ਐਥੇ ਮੇਰਾ ਰਾਂਝਣ ਆਇਆ – ਸ਼ਾਵਾ
ਦਿਲ ਦਾ ਚਾਨਣ ਆਇਆ – ਸ਼ਾਵਾ
ਦਿਲ ਦੀ ਹਸਤੀ ਆਈ – ਸ਼ਾਵਾ
ਖਿੜ ਖਿੜ ਹਸਦੀ ਆਈ – ਸ਼ਾਵਾ
ਕਿਸ ਮੇਰਾ ਲਾਲ ਚੁਰਾਇਆ – ਸ਼ਾਵਾ
ਲਾਲ ਗੁਪਾਲ ਚੁਰਾਇਆ – ਸ਼ਾਵਾ
ਨੀ ਸੁਣ ਮੇਰੀਏ ਸੱਸੇ – ਸ਼ਾਵਾ
ਦੀਵਾ ਬਾਲ ਚੁਬਾਰੇ – ਸ਼ਾਵਾ
ਲਾਲ ਮੇਰਾ ਨਜ਼ਰੀਂ ਆਵੇ – ਸ਼ਾਵਾ
ਰਾਤੀਂ ਆਇਓ ਨਾ ਸ਼ਾਵਾ ਰਾਤੀਂ ਆਇਓ ਨਾ
ਫੁੱਲਾਂ ਦੀ ਬਹਾਰ ਰਾਤੀਂ ਆਇਓ ਨਾ
ਫੁੱਲ ਗਏ ਕੁਮਲਾ ਮੇਰੇ ਮਨ ਭਾਇਓ ਨਾ
ਸ਼ਾਵਾ ਰਾਤੀਂ ਆਇਓ ਨਾ।

ਆਸੇ ਪਾਵਾਂ ਪਾਸੇ ਪਾਵਾਂ
ਵਿਚ ਵਿਚ ਪਾਵਾਂ ਕਣਕਾਂ

ਜੇ ਮੇਰਾ ਰਾਂਝਣ ਨਾ ਆਇਆ
ਮੈਂ ਢੂੰਡ ਸੁੱਟਾਂ ਸਭ ਸੜਕਾਂ
ਐਥੇ ਮੇਰਾ ਰਾਂਝਣ ਆਇਆ – ਸ਼ਾਵਾ
ਦਿਲ ਦਾ ਚਾਨਣ ਆਇਆ – ਸ਼ਾਵਾ
ਦਿਲ ਦੀ ਹਸਤੀ ਆਈ – ਸ਼ਾਵਾ
ਖਿੜ ਖਿੜ ਹਸਦੀ ਆਈ – ਸ਼ਾਵਾ
ਕਿਸ ਮੇਰਾ ਲਾਲ ਚੁਰਾਇਆ – ਸ਼ਾਵਾ
ਲਾਲ ਗੁਪਾਲ ਚੁਰਾਇਆ – ਸ਼ਾਵਾ
ਨੀ ਸੁਣ ਮੇਰੀਏ ਸੱਸੇ – ਸ਼ਾਵਾ
ਦੀਵਾ ਬਾਲ ਚੁਬਾਰੇ – ਸ਼ਾਵਾ
ਲਾਲ ਮੇਰਾ ਨਜ਼ਰੀਂ ਆਵੇ – ਸ਼ਾਵਾ
ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਨਾ
ਫੁੱਲਾਂ ਦੀ ਬਹਾਰ ਰਾਤੀਂ ਆਇਓ ਨਾ
ਫੁੱਲ ਗਏ ਕੁਮਲਾ ਮੇਰੇ ਮਨ ਭਾਇਓ ਨਾ
ਸ਼ਾਵਾ ਰਾਤੀਂ ਆਇਓ ਨਾ
ਸ਼ਾਵਾ ਰਾਤੀਂ ਆਇਓ ਨਾ।



ਮਾਹੀ ਵੇ ਮੱਝੀਆਂ ਵਾਲਿਆ

ਕਿਉਂ ਖੜ੍ਹਾ ਏਂ ਮੁੱਖ ਮੋੜਕੇ
ਮੱਝੀਆਂ ਤੇਰੀਆਂ ਮੈਂ ਚਰਾਸਾਂ
ਤੂੰ ਲੈ ਆ ਉਨ੍ਹਾਂ ਨੂੰ ਮੋੜਕੇ।

ਬਾਗ ਲਵਾਨੀਆਂ ਬਗੀਚਾ ਲਵਾਨੀਆਂ
ਵਿਚ ਲਵਾਨੀਆਂ ਬੇਰੀਆਂ
ਹੋਰ ਤਾਂ ਸਖੀਆਂ ਨੇ ਮੀਢੀਆਂ ਗੁੰਦਾ ਲਈਆਂ।
ਗਲ ਵਿੱਚ ਜੁਲਫਾਂ ਮੇਰੀਆਂ
ਮਾਹੀ ਵੇ ਮੱਝੀਆਂ ਵਾਲਿਆਂ ਵੇ
ਕਿਉਂ ਖੜਾ ਏ ਮੁੱਖ ਮੋੜ ਕੇ
ਮੱਝੀਆਂ ਤੇਰੀਆਂ ਮੈਂ ਚਰਾਸਾਂ
ਤੂੰ ਆਜਾ ਇਨ੍ਹਾਂ ਨੂੰ ਮੋੜਕੇ।

ਬਾਗ ਲਵਾਨੀਆਂ ਬਗੀਚਾ ਲਵਾਨੀਆਂ

ਵਿਚ ਲਵਾਨੀਆਂ ਮੇਥਰੀ
ਮਾਹੀ ਮੇਰੇ ਨੇ ਬਸਰੇ ਨੂੰ ਜਾਣਾ
ਚੀਰਾ ਰੰਗਾਨੀਆਂ ਕੇਸਰੀ
ਮਾਹੀ ਵੇ ਮੱਝੀਆਂ ਵਾਲਿਆ ਵੇ
ਕਿਉਂ ਖੜ੍ਹਾ ਏਂ ਮੁੱਖ ਮੋੜ ਕੇ
ਮੱਝੀਆਂ ਤੇਰੀਆਂ ਮੈਂ ਚਰਾਸਾਂ
ਤੂੰ ਆਜਾ ਇਨ੍ਹਾਂ ਨੂੰ ਮੋੜਕੇ
ਮਾਹੀ ਵੇ ਮੱਝੀਆਂ ਵਾਲਿਆ
ਕਿਉਂ ਖੜਾ ਏਂ ਮੁੱਖ ਮੋੜ ਕੇ
ਮੱਝੀਆਂ ਤੇਰੀਆਂ ਮੈਂ ਚਰਾਸਾਂ
ਤੂੰ ਆਜਾ ਇਨ੍ਹਾਂ ਨੂੰ ਮੋੜਕੇ।

ਨਸ਼ੇ ਦੀਏ ਬੰਦ ਬੋਤਲੇ

ਹਾਏ ਓ ਬੰਦ ਬੋਤਲੇ
ਤੈਨੂੰ ਪੀਣਗੇ ਹਾਏ ਓ
ਤੈਨੂੰ ਪੀਣਗੇ ਨਸੀਬਾਂ ਵਾਲੇ
ਨਸ਼ੇ ਦੀਏ ਬੰਦ ਬੋਤਲੇ
ਹਾਏ ਓ ਬੰਦ ਬੋਤਲੇ ।

ਆਪ ਸੱਸੂ ਮੰਜੇ ਲੇਟਦੀ
ਹਾਏ ਓ ਮੰਜੇ ਲੇਟਦੀ
ਸਾਨੂੰ ਮਾਰਦੀ ਹਾਏ ਓ
ਸਾਨੂੰ ਮਾਰਦੀ ਚੱਕੀ ਵੱਲ ਸੈਣਤਾਂ
ਚੱਕੀ ਸਾਥੋਂ ਨਹੀਓਂ ਪੀਸਦੀ
ਹਾਏ ਓ ਨਹੀਓਂ ਪੀਸਦੀ
ਆਪੇ ਪੀਹਣਗੀਆਂ ਸੌਹਰੇ ਦੀਆਂ ਜਾਈਆਂ
ਸਾਥੋਂ ਚੱਕੀ ਨਹੀਓਂ ਪੀਸਦੀ।

ਆਪੇ ਚੱਕੀ ਪੀਸੀ ਜਾਊਗੀ
ਨੀ ਹਾਏ ਪੀਸੀ ਜਾਊਗੀ
ਜਦੋਂ ਡਾਂਗ ਹਾਏ ਨੀ ਜਦੋਂ
ਡਾਂਗ ਸੰਮਾ ਵਾਲੀ ਖੜਕੀ।

ਅੱਧੀ ਰਾਤੀਂ ਘਰ ਵੜਿਆ
ਹਾਏ ਨੀ ਘਰ ਵੜਿਆ
ਆਉਦਾ ਮਾਂ ਨੇ
ਹਾਏ ਨੀ ਆਉਦਾ ਮਾਂ ਨੇ
ਦਿੱਤਾ ਈ ਸਿਖਾ।

ਨੀ ਅੱਧੀ ਰਾਤੀਂ ਮਾਰ ਪਈ
ਹਾਏ ਮਾਰ ਪਈ
ਭੰਨ ਸੁੱਟੀਆਂ
ਹਾਏ ਉਏ ਭੰਨ ਸੁੱਟੀਆਂ
ਮਲੂਕ ਜਿਹੀਆਂ ਹੱਡੀਆਂ।

ਨਾਲੇ ਮਾਹੀਆ ਮੋਤੀ ਚੁਗਦਾ
ਹਾਏ ਉਏ ਮੋਤੀ ਚੁਗਦਾ
ਨਾਲੇ ਪੁੱਛਦਾ
ਹਾਏ ਉਏ ਨਾਲੇ ਪੁੱਛਦਾ
ਕਿੱਥੇ ਕਿੱਥੇ ਵੱਜੀਆ।

ਨਾਲੇ ਸਾਡਾ ਲੌਂਗ ਟੁੱਟਿਆ
ਹਾਏ ਉਏ ਲੌਂਗ ਟੁੱਟਿਆ
ਨਾਲੇ ਭੰਨੀਆਂ
ਹਾਏ ਉਏ ਨਾਲੇ ਭੰਨੀਆਂ
ਮਲੂਕ ਜਿਹੀਆਂ ਹੱਡੀਆਂ।

ਮੇਰੀ ਸੁਖ ਮੰਗ ਗੋਰੀਏ
ਹਾਏ ਉਏ ਮੰਗ ਗੋਰੀਏ
ਦਿਨ ਚੜ੍ਹਦੇ ਨੂੰ
ਹਾਏ ਓ ਦਿਨ ਚੜ੍ਹਦੇ ਨੂੰ
ਲੌਂਗ ਘੜਾਵਾਂ।

ਮਾਰ ਕੇ ਨਾ ਪੁੱਛ ਵੈਰੀਆ
ਹਾਏ ਉਏ ਪੁੱਛ ਵੈਰੀਆ
ਦਿਨ ਚੜ੍ਹਦੇ ਨੂੰ
ਹਾਏ ਉਏ ਦਿਨ ਚੜ੍ਹਦੇ ਨੂੰ

ਕੈਦ ਕਰਾਵਾਂ।

ਨੀ ਅੱਧੀਂ ਰਾਤੀਂ ਖ਼ਤ ਲਿਖਿਆ
ਹਾਏ ਉਏ ਖਤ ਲਿਖਿਆ
ਵੀਰ ਤੜਕੇ ਦੀ
ਹਾਏ ਓਏ ਵੀਰ ਤੜਕੇ ਦੀ
ਗੱਡੀ ਚੜ੍ਹ ਆਇਆ।

ਦੱਸ ਓ ਸ਼ੁਕੀਨ ਚੋਬਰਾ
ਓ ਸ਼ੁਕੀਨ ਚੋਬਰਾ
ਸਾਡੀ ਕੁੜੀ ਨੂੰ
ਹਾਏ ਉਏ ਸਾਡੀ ਭੈਣ ਨੂੰ
ਕਿਵੇਂ ਹੱਥ ਲਾਇਆ?

ਲਾਹੌਰ ਸ਼ਹਿਰ ਕੈਦ ਬੋਲ ਗਈ
ਹਾਏ ਉਏ ਕੈਦ ਬੋਲ ਗਈ
ਜੰਮੂ ਜੇਲ੍ਹ ਵਿੱਚ
ਹਾਏ ਜੰਮੂ ਜੇਲ੍ਹ ਵਿਚ
ਬੋਲ ਗਿਆ ਨਾਵਾਂ

ਨਸ਼ੇ ਦੀਏ ਬੰਦ ਬੋਤਲੇ
ਹਾਏ ਉਏ ਬੰਦ ਬੋਤਲੇ
ਨੀ ਨਾਭੇ ਦੀਏ ਬੰਦ ਬੋਤਲੇ
ਹਾਏ ਉਏ ਬੰਦ ਬੋਤਲੇ
ਤੈਨੂੰ ਪੀਣਗੇ
ਹਾਏ ਉਏ ਤੈਨੂੰ ਪੀਣਗੇ
ਨਸੀਬਾਂ ਵਾਲੇ।

ਬਾਜਰੇ ਦਾ ਸਿੱਟਾ

ਬਾਜਰੇ ਦਾ ਸਿੱਟਾ ਨੀ ਅਸਾਂ ਤਲੀ ਤੇ ਮਰੋੜਿਆ
ਰੁੱਸਿਆ ਜਾਂਦਾ ਮਾਹੀਆ, ਰੁੱਸਿਆ ਜਾਂਦਾ ਮਾਹੀਆ
ਨੀ ਅਸਾਂ ਗਲੀ ਵਿੱਚੋਂ ਮੋੜਿਆ
ਬਾਜਰੇ ਦਾ ਸਿੱਟਾ ਨੀ ਅਸਾਂ ਤਲੀ ਤੇ ਮਰੋੜਿਆ

ਬਾਜਰੇ ਦਾ ਸਿੱਟਾ।

ਤੁਰਿਆ ਤੁਰਿਆ ਜਾਂਦਾ,
ਵੇ ਮੈਂ ਖੜ੍ਹੀ ਹਾਂ ਦਹਿਲੀਜ 'ਤੇ
ਮੋਟੇ ਮੋਟੇ ਹੰਝੂ
ਮੋਟੇ ਮੋਟੇ ਹੰਝੂ ਮੇਰੀ ਰੇਸ਼ਮੀ ਕਮੀਜ਼ ਤੇ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ ਨੀ ਅਸਾਂ ਤਲੀ ਤੇ ਮਰੋੜਿਆ
ਰੁੱਸਿਆ ਜਾਂਦਾ ਮਾਹੀਆ, ਰੁੱਸਿਆ ਜਾਂਦਾ ਮਾਹੀਆ
ਬਾਜਰੇ ਦਾ ਸਿੱਟਾ .....

ਤੂੰ ਚੜ੍ਹ ਜਾਣਾ ਰੇਲੇ
ਪਾਣੀ ਦੇਨੀ ਆਂ ਸ਼ਕਰਕੰਦੀ ਨੂੰ
ਵੇ ਨਾ ਮਾਰੀ
ਵੇ ਨਾ ਝਿੜਕੀ ਆਸ਼ਕ- ਬੰਦੀ ਨੂੰ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ ਨੀ
ਅਸਾਂ ਤਲੀ ਤੇ ਮਰੋੜਿਆ
ਰੁੱਸਿਆ ਜਾਂਦਾ ਮਾਹੀਆ,
ਅਸਾਂ ਟੇਸ਼ਣ ਤੋਂ ਹੈ ਮੋੜਿਆ
ਬਾਜਰੇ ਦਾ ਸਿੱਟਾ .....।

ਤੂੰ ਤੁਰ ਚੱਲਿਆ ਪਰਦੇਸ਼
ਪਾਣੀ ਦੇਨੀ ਆਂ ਕਮਾਦ ਨੂੰ
ਕੱਲੀ ਬੈਠੀ ਯਾਦ ਕਰਾਂ ਮੈਂ
ਮਾਪਿਆਂ ਵਾਲੇ ਰਾਜ ਨੂੰ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ ਨੀ ਅਸਾਂ ਤਲੀ ਤੇ ਮਰੋੜਿਆ
ਰੁੱਸਿਆ ਜਾਂਦਾ ਮਾਹੀਆ,
ਅਸਾਂ ਗਲੀ ਵਿਚੋਂ ਮੋੜਿਆ
ਰੁਸਿਆ ਜਾਦਾ ਮਾਹੀਆ.....।



ਕਿੱਥੋਂ ਆਇਆ ਧਣੀਆਂ

ਤੇ ਕਿੱਥੋਂ ਆਇਆ ਜੀਰਾ
ਲੈ ਕਿੱਥੋਂ ਆਇਆ ਨੀ
ਛੋਟੀਏ ਨਣਦੇ ਤੇਰਾ ਵੀਰਾ।

ਲਾਹੌਰੋਂ ਆਇਆ ਧਣੀਆ
ਪਛੌਰੋ ਆਇਆ ਜੀਰਾ
ਲੈ ਦਿਲੀਓਂ ਆਇਆ ਨੀ
ਛੋਟੀਏ ਨਣਦੇ ਤੇਰਾ ਵੀਰਾ।

ਕਿੱਥੇ ਰੱਖਾਂ ਧਣੀਆ
ਤੇ ਕਿੱਥੇ ਰੱਖਾਂ ਜੀਰਾ
ਲੈ ਕਿੱਥੇ ਬਿਠਾਵਾਂ ਨੀ
ਛੋਟੀਏ ਨਣਦੇ ਤੇਰਾ ਵੀਰਾ।

ਆਲੇ ਰੱਖਾਂ ਧਣੀਆ
ਤੇ ਪੜਛੱਤੀ ਰੱਖਾਂ ਜੀਰਾ
ਲੈ ਪਲੰਘ ਬਿਠਾਵਾਂ ਨੀ
ਛੋਟੀਏ ਨਣਦੇ ਤੇਰਾ ਵੀਰਾ।

ਲੈ ਡੁੱਲ੍ਹ ਗਿਆ ਧਣੀਆ
ਤੇ ਡੁੱਲ੍ਹ ਗਿਆ ਜੀਰਾ
ਲੈ ਰੁੱਸ ਗਿਆ ਨੀ
ਛੋਟੀਏ ਨਣਦੇ ਤੇਰਾ ਵੀਰਾ।

ਕੌਣ ਚੁੱਕੇ ਧਣੀਆਂ
ਤੇ ਕੌਣ ਚੁੱਕੇ ਜੀਰਾ
ਲੈ ਕੌਣ ਮਨਾਵੇ ਨੀ
ਛੋਟੀਏ ਨਣਦੇ ਤੇਰਾ ਵੀਰਾ।

ਨਣਾਨ ਚੁੱਕੇ ਧਣੀਆ
ਜਠਾਣੀ ਚੁੱਕੇ ਜੀਰਾ
ਮੈਂ ਆਪ ਮਨਾਵਾਂ ਨੀ

ਛੋਟੀਏ ਨਣਦੇ ਤੇਰਾ ਵੀਰਾ।

ਲੈ ਚੱਕ ਲਿਆ ਧਣੀਆ
ਤੇ ਚੱਕ ਲਿਆ ਜੀਰਾ
ਲੈ ਮੰਨ ਗਿਆ ਨੀ
ਛੋਟੀਏ ਨਣਦੇ ਤੇਰਾ ਵੀਰਾ।

ਐਧਰ ਸ਼ੀਸ਼ਾ ਉੱਧਰ ਸ਼ੀਸ਼ਾ
ਵਿੱਚ ਵਿਚਾਲੇ ਕੰਘੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਆ ਨੀ ਸੰਤੀ ਆ ਨੀ ਬੰਤੀ
ਗਿੱਧਾ ਐਸਾ ਪਾਈਏ
ਘਰ ਘਰ ਦੇ ਵਿੱਚ
ਗੱਲਾਂ ਹੋਵਣ
ਐਸੀ ਧੁੰਮ ਮਚਾਈਏ
ਹਵਾ ਪੁਰੇ ਦੀ ਅੜੀਏ
ਲਗਦੀ ਕਿੱਡੀ ਚੰਗੀ ਚੰਗੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਵੀਰ ਮੇਰੇ ਦਾ ਵਿਆਹ ਜੋ ਧਰਿਆ
ਖੁਸ਼ੀਆਂ ਖੂਬ ਮਨਾਈਏ
ਆ ਨੀ ਮਾਸੀ ਆ ਨੀ ਮਾਮੀ
ਦਾਦਕਿਆਂ ਦੀ ਹਾਰ ਕਰਾਈਏ
ਬਾਬਲ ਦੇ ਘਰ ਸੋਹਲੇ ਗਾ ਗਾ
ਪੂਰੀ ਰੌਣਕ ਲਾਈਏ
ਮਾਂ ਮੇਰੀ ਨੂੰ ਚਾਅ ਹੈ ਚੜ੍ਹਿਆ
ਅੱਜ ਨੂੰਹ ਨੇ ਆਉਣਾ ਭਾਗੀਂ ਰੰਗੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਐਧਰ ਸ਼ੀਸ਼ਾ ਉੱਧਰ ਸ਼ੀਸ਼ਾ
ਵਿਚ ਵਿਚਾਲੇ ਕੰਘੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਦਿਨ ਸ਼ਗਨਾਂ ਦੇ ਆਏ ਸਹੇਲੀਓ
ਆਪਾਂ ਸ਼ਗਨ ਮਨਾਈਏ
ਭਾਬੋ ਵੀਰੇ ਦੇ ਆਪਾਂ
ਗੀਤ ਖੁਸ਼ੀ ਦੇ ਗਾਈਏ
ਇਹ ਦਿਨ ਫੇਰ ਨ੍ਹੀਂ ਆਉਣਾ
ਆਓ ਆਪਾਂ ਰੀਝਾਂ ਲਾਹੀਏ
ਭਾਬੋਂ ਮੇਰੀ ਕਿੰਨਾਂ ਜਾਂਦੀ ਸੰਗੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਐਧਰ ਸ਼ੀਸ਼ਾ ਉੱਧਰ ਸ਼ੀਸ਼ਾ
ਵਿਚ ਵਿਚਾਲੇ ਕੰਘੀ
ਪਾਓ ਨੀ ਗਿੱਧਾ ਹਾਣ ਦੀਓ
ਮੈਂ ਹੌਲਦਾਰ ਨਾਲ ਮੰਗੀ।

ਵੇ ਮੈ ਪਾਣੀ ਭਰੇ ਨੀ ਆ ਪੱਤਣੋਂ

ਚਿੱਟੇ ਦੰਦ ਨਾ ਰਹਿੰਦੇ ਹੱਸਣੋਂ
ਅੱਲ੍ਹਾ ਜਾਣੇ ਤੇ ਮਾਹੀ ਨਾ ਜਾਣੇ
ਮੇਰਾ ਢੋਲ ਜਵਾਨੀਆਂ ਮਾਣੇ।

ਵੇ ਮੈਂ ਪਾਣੀ ਭਰੇਨੀ ਆਂ ਛਿੱਕ ਦਾ
ਮੇਰਾ ਢੋਲ ਮੁਸਾਫਰ ਨਿੱਤ ਦਾ
ਅੱਲ੍ਹਾ ਜਾਣੇ ਤੇ ਮਾਹੀ ਨਾ ਜਾਣੇ
ਮੇਰਾ ਢੋਲ ਜਵਾਨੀਆਂ ਮਾਣੇ।

ਵੇ ਮੈਂ ਪਾਣੀ ਭਰਨ ਨੂੰ ਚੱਲੀ ਆਂ
ਗੱਲਾਂ ਸਖੀਆ ਦੇ ਨਾਲ ਕਰੇਨੀ ਆਂ
ਅੱਲ੍ਹਾ ਜਾਣੇ ਤੇ ਮਾਹੀ ਨਾ ਜਾਣੇ

ਮੇਰਾ ਢੋਲ ਜਵਾਨੀਆਂ ਮਾਣੇ।

ਮਾਹੀ ਤੁਰਿਆ ਮੈਂ ਖੜ੍ਹੀ ਆਂ ਦਹਿਲੀਜ਼ 'ਤੇ
ਮੋਟੇ ਮੋਟੇ ਹੰਝੂ ਮੇਰੀ ਰੇਸ਼ਮੀ ਕਮੀਜ਼ 'ਤੇ
ਅੱਲ੍ਹਾ ਜਾਣੇ ਤੇ ਮਾਹੀ ਨਾ ਜਾਣੇ
ਮੇਰਾ ਢੋਲ ਜਵਾਨੀਆਂ ਮਾਣੇ।

ਮਾਹੀ ਤੁਰਿਆ ਤੇ ਖੜ੍ਹੀ ਆਂ ਮੈਂ ਕੱਲੀਓਂ
ਮੇਰੀ ਜਿੰਦ ਤਾਂ ਮਾਹੀ ਦੇ ਨਾਲ ਚੱਲੀਓਂ
ਅੱਲ੍ਹਾ ਜਾਣੇ ਤੇ ਮਾਹੀ ਨਾ ਜਾਣੇ
ਮੈਡਾ ਢੋਲ ਜਵਾਨੀਆਂ ਮਾਣੇ
ਮੇਰਾ ਮਾਹੀ ਜਵਾਨੀਆਂ ਮਾਣੇ
ਮੇਰਾ ਰਾਝਾਂ ਜਵਾਨੀਆਂ ਮਾਣੇ।

ਸੱਸ ਮੇਰੀ ਤਾਂ ਬੜੀ ਕੁਪੱਤੀ
ਗਾਲ੍ਹ ਬਿਨਾਂ ਨਾ ਬੋਲੇ
ਨੀ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਉਹਲੇ
ਨੀ ਮੈਂ ਸੱਸ ਕੁੱਟਣੀ .....।

ਕੁੜ ਕੁੜ ਕਰਦੀ ਰਹਿੰਦੀ
ਮੱਥਿਓਂ ਤਿਉੜੀ ਕਦੇ ਨਾ ਲਾਹਵੇ
ਪਿਆਰ ਨਾਲ ਮੈਂ ਜਦੋਂ ਬੁਲਾਵਾਂ
ਅਗਿਓਂ ਖਾਣ ਨੂੰ ਆਵੇ
ਨਿੱਤ ਕਲੇਸ਼ ਦੇ ਨਵੇਂ ਨਵੇਂ
ਉਹ ਹੋਰ ਬਹਾਨੇ ਟੋਲੇ
ਨੀ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਉਹਲੇ
ਨੀ ਮੈਂ ਸੱਸ ਕੁੱਟਣੀ.....।

ਸੌਹਰਾ ਮੇਰਾ ਡਰਦਾ ਮਾਰਾ
ਉੱਚੀ ਕਦੇ ਨਾ ਬੋਲੇ
ਰੁੱਖੀ ਮਿੱਸੀ ਖਾ ਕੇ ਉਹ

ਕਦੇ ਨਾ ਲੱਸੀ ਪਾਣੀ ਮੰਗੇ
ਭੁੰਜੇ ਸੌਂ ਸੌਂ ਰਾਤਾਂ ਕੱਟੇ
ਦੁੱਖ ਕਦੇ ਨਾ ਫੋਲੇ
ਨੀ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਉਹਲੇ
ਨੀ ਮੈਂ ਸੱਸ ਕੁੱਟਣੀ .....।

ਮੇਰੀ ਜਵਾਨੀ ਰੁਲ ਗਈ ਹਾਏ
ਹਾਏ ਚੁੱਕਦੀ ਗੋਹਾ ਕੂੜਾ
ਕੰਘੀ ਪੱਟੀ ਨਾ ਮੁੱਕਦੀ ਉਸਦੀ
ਉਹ ਕਰੇ ਜਲੇਬੀ ਜੂੜਾ
ਸਿਰ ਉੱਤੇ ਕੋਈ ਵਾਲ ਨਾ ਕਾਲਾ
ਖੇਡੇ ਗੁੱਡੀਆਂ ਅਤੇ ਪਟੋਲੇ
ਨੀ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਉਹਲੇ
ਨੀ ਮੈਂ ਸੱਸ ਕੁੱਟਣੀ.....।

ਮੇਰਾ ਮਾਹੀ ਢੋਲ ਸਿਪਾਹੀ
ਜਦ ਛੁੱਟੀ ਘਰ ਆਵੇ
ਖਬਰੇ ਕਿਹੜੇ ਵੇਲੇ ਨੀ ਉਹ
ਕੰਨ ਉਹਦੇ ਭਰ ਜਾਵੇ
ਬਿੜਕਾਂ ਲੈਂਦੀ ਰਹਿੰਦੀ ਨੀ
ਉਹ ਖੜ੍ਹ ਬੂਹੇ ਦੇ ਉਹਲੇ
ਨੀ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਉਹਲੇ
ਨੀ ਮੈਂ ਸੱਸ ਕੁੱਟਣੀ .....।

ਪਿੱਛੇ ਪਿੱਛੇ ਆਉਂਦਾ

ਮੇਰੀ ਪੈੜ ਵਿੰਹਦਾ ਆਈਂ ਵੇ
ਚੀਰੇ ਵਾਲਿਆ ਚੁੰਡਕੇ ਲਿਆਈਂ ਵੇ
ਮੇਰਾ ਲੌਂਗ ਗਵਾਚਾ
ਨਿਗ੍ਹਾ ਮਾਰਦਾ ਆਈਂ ਵੇ
ਮੇਰਾ ਲੌਂਗ ਗਵਾਚਾ।

ਧਰਤੀ ਤੇ ਪੱਬ ਨਾ ਤੂੰ ਲਾਵੇਂ ਉੱਡ ਜਾਵੇਂ
ਮੈਨੂੰ ਕੁਝ ਵੀ ਸਮਝ ਨਾ ਆਏ ਨੀ
ਕਾਲਾ ਘੱਗਰਾ ਸੂਫ ਦਾ
ਧਰਤੀ ਸੁੰਭਰਦਾ ਜਾਏ ਨੀ
ਕਾਲਾ ਘੱਗਰਾ ਸੂਫ ਦਾ
ਚੀਰੇ ਵਾਲਿਆ ਢੁੰਡਕੇ .....।

ਕਾਹਲੀ ਕਾਹਲੀ ਆਈ ਸੀ
ਮੈਂ ਪਿੱਪਲਾਂ ਦੇ ਹੇਠ ਨੀ
ਘੁੰਡ ਕੱਢ ਲਿਆ ਮੈਂ
ਆਵਾਜ਼ ਸੁਣ ਜੇਠ ਦੀ
ਲੀੜੇ 'ਚ ਅੜਕ ਕੇ ਡਿੱਗਿਆ
ਫਰੋਲ ਜਾ ਕੇ ਜੇਬ
ਚੰਦਰੇ ਜੇਠ ਦੀ ਲਿਆਈਂ ਵੇ
ਮੇਰਾ ਲੌਂਗ ਗਵਾਚਾ .....।

ਘੜੀ ਮੁੜੀ ਚੁੰਨੀ ਦੀਆਂ
ਬੁੱਕਲਾਂ ਸੰਵਾਰ ਦੀ
ਮੋਰਾਂ ਵਾਂਗ ਪੈਲਾਂ ਪਾਉਂਦੀ
ਜਾਂਦੀ ਛਾਲਾਂ ਮਾਰਦੀ
ਤੇਰੇ ਲੌਂਗ ਨੂੰ ਕੀ ਰੋਵਾਂ
ਤੇਰੀ ਰਾਹ 'ਚ ਮਜਾਜਣੇ ਨੀ
ਬੰਦਾ ਨਾ ਗਵਾਚਾ ਹੱਥ ਆਵੇ ਨੀ
ਕਾਲਾ ਘੱਗਰਾ ਸੂਫ ਦਾ
ਧਰਤੀ ਸੁੰਭਰਦਾ ਜਾਵੇ ਨੀ .....।

ਨੱਕੋਂ ਨੱਕ ਭਰਿਆ ਸੀ
ਪਾਣੀ ਨਾਲ ਖਾਲ ਵੇ
ਘੱਗਰੇ ਨੂੰ ਟੁੰਗ ਜਦ
ਮਾਰੀ ਸੀ ਮੈਂ ਛਾਲ ਵੇ
ਇੰਝ ਮੈਨੂੰ ਜਾਪੇ ਜਿਵੇਂ
ਨੱਕ ਚੋਂ ਨਿਕਲਕੇ
ਡਿੱਗਿਆ ਜੇਠ ਦੀ ਨਿਆਈਂ ਵੇ

ਮੇਰਾ ਲੌਂਗ ਗਵਾਚਾ
ਨਿਗ੍ਹਾਂ ਮਾਰਦਾ .....।

ਪਝੰਤਰਾਂ ਰੁਪਈਆਂ ਉੱਤੇ
ਪਾ ਲਿਆ ਤੂੰ ਪਾਣੀ ਨੀ
ਅੱਧ ਤੋਲੇ ਸੋਨੇ ਪਿੱਛੇ
ਬੜੀ ਰੇਤ ਛਾਣੀ ਨੀ
ਕਰਦੇ ਮਖੌਲ ਮੈਨੂੰ
ਲੋਕ ਲੌਂਗ ਭਾਲਦੇ ਨੂੰ
ਭਾਬੀ ਵੀ ਟਕੋਰਾ ਲਾਵੇ
ਨੀ ਕਾਲਾ ਘੱਗਰਾ ਸੂਫ ਦਾ
ਧਰਤੀ ਸੁੰਭਰਦਾ ਜਾਵੇ ਨੀ.....।

ਵੇ ਮੁੜ ਆ ਵਤਨਾਂ ਨੂੰ
ਮੇਰੀ ਮਹਿੰਦੀ ਦਾ ਰੰਗ ਉਦਾਸ
ਵੇ ਮੁੜ ਆ ਵਤਨਾਂ ਨੂੰ .....।

ਛਣਕ ਛਣਕ ਕੇ ਕਦੀ ਨਾ ਛਣਕਿਆ
ਤ੍ਰਿੰਝਣੀ ਮੇਰਾ ਚੂੜਾ
ਰਾਤੀਂ ਬੈਠੀ ਪਈ ਉਡੀਕਾਂ
ਭਿੱਜ ਗਿਆ ਲਾਲ ਭੰਗੂੜਾ
ਵੇ ਉਮਰਾ ਲੰਘ ਜਾਣੀ
ਤੇਰੇ ਕੰਮ ਨਾ ਆਉਣੇ ਰਾਸ
ਵੇ ਮੁੜ ਆ ਵਤਨਾਂ ਨੂੰ
ਮੇਰੀ ਮਹਿੰਦੀ ਦਾ ਰੰਗ ਉਦਾਸ
ਵੇ ਮੁੜ ਆ ਵਤਨਾਂ ਨੂੰ .....।

ਰੁੱਤੀ ਰੁੱਤੀ ਮੇਵੇ ਆਉਂਦੇ
ਵਣਜ ਕਰਨ ਵਣਜਾਰੇ
ਇੱਕ ਮੇਵਾ ਇਹ ਜੋਬਣ
ਜਿਸਦਾ ਮੁਲ ਕੋਈ ਨਾ ਤਾਰੇ
ਵੇ ਕਦਰਾਂ ਪੈਣ ਕਿਵੇਂ
ਜਦ ਤੂੰ ਹੀ ਨ ਹੋਇਓਂ ਪਾਸ

ਵੇ ਮੁੜ ਆ ਵਤਨਾਂ ਨੂੰ
ਮੇਰੀ ਮਹਿੰਦੀ ਦਾ ਰੰਗ ਉਦਾਸ
ਵੇ ਮੁੜ ਆ ਵਤਨਾਂ ਨੂੰ .....।

ਭੱਜ ਭੁੱਜ ਜੀਕਣ ਭੱਠੀ ਵਿੱਚੋਂ
ਨਿਕਲ ਨਿਕਲ ਜਾਏ ਦਾਣਾ
ਬੋਲ ਨਾ ਸਕੇ ਹਿੱਕੜੀ ਮੇਰੀ
ਮਨ ਮੇਰਾ ਕੁਰਲਾਣਾ
ਸੁਣ ਜੇ ਇਕ ਵਾਰੀ ਵੇ
ਮੈਂ ਸਾਰੀ ਉਸਦੀ ਦਾਸ
ਵੇ ਮੁੜ ਆ ਵਤਨਾਂ ਨੂੰ
ਮੇਰੀ ਮਹਿੰਦੀ ਦਾ ਰੰਗ ਉਦਾਸ
ਵੇ ਮੁੜ ਆ ਵਤਨਾਂ ਨੂੰ .....।

ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ
ਹਾੜਾ ਵੇ ਮੇਰੀ ਜਿੰਦ ਨੂੰ ਨਾ ਹੋਰ ਤੜਪਾ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ

ਬਾਹਾਂ ਮੇਰੀਆਂ ਦਾ ਰੱਖੀ ਤੂੰ ਖਿਆਲ ਵੇ
ਇਹਨਾਂ ਲਿਫ ਜਾਣੈ ਗਜਰੇ ਦੇ ਨਾਲ ਵੇ
ਮੇਰੀ ਪਤਲੀ ਕਲਾਈ
ਹੱਥ ਘੁੱਟ ਕੇ ਨਾ ਪਾਈਂ
ਮੈਨੂੰ ਗਜਰੇ ਚੜ੍ਹਾਉਣ ਦਾ ਹੈ ਚਾਅ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ

ਮੇਰੇ ਗਜਰੇ ਦਾ ਗਾੜ੍ਹਾ ਪੀਲਾ ਰੰਗ ਵੇ
ਕਦੀ ਆਹ ਗਲੀ ਔਹ ਗਲੀ ਲੰਘ ਵੇ
ਮੈਨੂੰ ਗਜਰੇ ਚੜ੍ਹਾਈਂ
ਮੇਰੀ ਬਾਂਹ ਭਰ ਜਾਈਂ
ਮੈਨੂੰ ਗਜਰੇ ਚੜ੍ਹਾਉਣ ਘਰ ਆ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ
ਤੇਰੇ ਗਜਰੇ ਦਾ ਰੰਗ ਸੂਹਾ ਲਾਲ ਵੇ
ਰਹੇ ਹਰਦਮ ਤੇਰਾ ਹੀ ਖਿਆਲ ਵੇ

ਤੇਰੀ ਕਰਦੀ ਉਡੀਕ
ਜਾਵੇ ਸਾਰਾ ਦਿਨ ਬੀਤ
ਬੈਠੀ ਰਾਹਾਂ ਵਿਚ ਨੈਣ ਵਿਛਾਅ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ

ਤੇਰੇ ਗਜਰੇ ਦੇ ਵਾਂਗ ਮੇਰਾ ਦਿਲ ਵੇ
ਦਿਲ ਤੋੜੀਂ ਨਾ ਤੂੰ ਆ ਕੇ ਜਾਵੀਂ ਮਿਲ ਵੇ
ਹੁਣ ਪਾਵੀਂ ਨਾ ਵਿਛੋੜਾ
ਵੇ ਮੈਂ ਦੋਵੇਂ ਹੱਥ ਜੋੜਾਂ
ਕਿਤੇ ਵੇਖਦੀ ਰਵ੍ਹਾਂ ਨਾ ਤੇਰਾ ਰਾਹ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ

ਕਿਵੇਂ ਰੋਕਾਂਗੀ ਮੈਂ ਗਜਰੇ ਦੇ ਚੀਰ ਨੂੰ
ਪਤਾ ਲੱਗ ਜਾਊ ਨਣਦ ਦੇ ਵੀਰ ਨੂੰ
ਕਿਸ ਮਰਦ ਪਰਾਏ
ਤੈਨੂੰ ਗਜਰੇ ਚੜ੍ਹਾਏ
ਫੜ ਬਾਂਹ ਕੋਲ ਆਪਣੇ ਬਿਠਾਅ
ਭਾਈ ਵੇ ਜਰਾ ਹੌਲੀ ਹੌਲੀ ਗਜਰੇ ਚੜ੍ਹਾ

ਸਾੜ੍ਹੀ ਲੈ ਦੇ ਵੇ ਦੁਹਰੇ ਲੱਪੇ ਵਾਲੀ
ਵੇ ਚੌਹਰੇ ਲੱਪੇ ਵਾਲੀ
ਵੇ ਮੁੰਡਿਆ ਸਿਆਲ ਕੋਟੀਆ।

ਸਾੜ੍ਹੀ ਲੈ ਦੁੰਗਾ ਦੁਹਰੇ ਲੱਪੇ ਵਾਲੀ
ਨੀ ਚੌਹਰੇ ਲੱਪੇ ਵਾਲੀ
ਨੀ ਬੀ ਏ ਵਿਚੋਂ ਪਾਸ ਹੋ ਜਾਵਾਂ।

ਨੀ ਰੋਵਾਂ ਚੁਬਾਰੇ ਵਿਚ ਚੜ੍ਹ ਕੇ
ਬੂਹੇ ਦਾ ਕੁੰਡਾ ਹੱਥੀਂ ਫੜ੍ਹ ਕੇ
ਨੀ ਮਾਹੀ ਕੋਲੇ ਖੜ੍ਹ ਕੇ
ਨੀ ਬੀ ਏ ਵਿੱਚੋਂ ਫੇਲ੍ਹ ਹੋ ਗਿਆ।

ਸਾੜ੍ਹੀ ਲੈ ਦੇ ਵੇ ਦੁਹਰੇ ਲੱਪੇ ਵਾਲੀ

ਵੇ ਚੌਹਰੇ ਲੱਪੇ ਵਾਲੀ

ਨੀ ਤੋਰੀਏ ਨੂੰ ਵਿੱਕ ਲੈਣ ਦੇ।
ਨੀ ਮੈਂ ਰੋਵਾਂ ਖੇਤ ਵਿਚ ਖੜ੍ਹ ਕੇ
ਤੇ ਵੱਟ ਉਤੇ ਚੜ੍ਹ ਕੇ
ਬੰਬੀ ਕੋਲੇ ਖੜ੍ਹ ਕੇ
ਨੀ ਤੋਰੀਏ ਨੂੰ ਤੇਲਾ ਖਾ ਗਿਆ।

ਸਾੜ੍ਹੀ ਲੈ ਦੇ ਵੇ ਦੁਹਰੇ ਲੱਪੇ ਵਾਲੀ
ਵੇ ਚੌਹਰੇ ਲੱਪੇ ਵਾਲੀ
ਵੇ ਮੁੰਡਿਆ ਸਿਆਲ ਕੋਟੀਆ

ਸਾੜ੍ਹੀ ਲੈ ਦੂੰਗਾ ਦੁਹਰੇ ਲੱਪੇ ਵਾਲੀ
ਨੀ ਚੌਹਰੇ ਲੱਪੇ ਵਾਲੀ
ਨੀ ਬੂਰਾ ਝੋਟਾ ਵਿੱਕ ਲੈਣ ਦੇ।
ਨੀ ਮੈਂ ਰੋਵਾਂ ਬੂਰੇ ਦੇ ਕੋਲੇ ਖੜ੍ਹ ਕੇ
ਬੂਰੇ ਦਾ ਸੰਗਲ ਫੜ੍ਹ ਕੇ
ਨੀ ਖੁਰਲੀ 'ਤੇ ਚੜ੍ਹ ਕੇ
ਨੀ ਬੂਰੇ ਨੂੰ ਤਾਂ ਰੱਬ ਲੈ ਗਿਆ।

ਸਾੜ੍ਹੀ ਲੈ ਦੇ ਵੇ ਦੁਹਰੇ ਲੱਪੇ ਵਾਲੀ
ਵੇ ਚੌਹਰੇ ਲੱਪੇ ਵਾਲੀ
ਵੇ ਮੁੰਡਿਆ ਸਿਆਲ ਕੋਟੀਆ।

ਸਾਡਾ ਲਾਲ ਏ ਕੁਵਾਰਾ

ਉਹ ਤਾਂ ਅੱਸੀ ਸਾਲ ਦਾ ਸਾਰਾ
ਦੱਸੋ ਲੋਕੋ
ਕਿਵੇਂ ਉਹਦਾ ਵਿਆਹ ਕਰੀਏ
ਬੇਬੇ ਕਿਥੋਂ ਲੱਭੀਏ
ਉਏ ਅੰਮਾਂ ਕਿਥੋਂ ਲੱਭੀਏ।

ਬੇਬੇ ਲੈਣ ਗਿਆ ਬੰਬਈ
ਉਏ ਅੰਮਾਂ ਲੈਣ ਗਿਆ ਬੰਬਈ

ਉੱਤੇ ਛੱਤ ਡਿੱਗ ਪਈ
ਮਸਾ ਭੱਜਕੇ ਜਾਨ ਬਚਾਈ
ਦੱਸੋ ਲੋਕੋ
ਕਿਵੇਂ ਉਹਦਾ ਵਿਆਹ ਕਰੀਏ
ਬੇਬੇ ਕਿਥੋਂ ਲੱਭੀਏ
ਉਏ ਅੰਮਾਂ ਕਿਥੋਂ ਲੱਭੀਏ।

ਬੇਬੇ ਲੈਣ ਗਿਆ ਉਹ ਖਾਰੇ
ਲੈ ਕੇ ਕਾਣੇ ਆਲੂ ਬੁਖਾਰੇ
ਅੱਗੋਂ ਕੁੜਮਾਂ ਛਿੱਤਰ ਮਾਰੇ
ਦੱਸੋਂ ਲੋਕੋ
ਕਿਵੇਂ ਉਹਦਾ ਵਿਆਹ ਕਰੀਏ
ਬੇਬੇ ਕਿਥੋਂ ਲੱਭੀਏ
ਉਏ ਅੰਮਾਂ ਕਿਥੋਂ ਲੱਭੀਏ।
ਬੇਬੇ ਲੈਣ ਗਿਆ ਪਟਿਆਲੇ
ਉਥੇ ਡਿੱਗ ਪਿਆ ਗੰਦੇ ਨਾਲੇ
ਅੱਗੋਂ ਕੁੜਮਾਂ ਛਿੱਤਰ ਲਾਹ ਲੇ
ਦੱਸੋ ਲੋਕੋ
ਕਿਵੇਂ ਉਹਦਾ ਵਿਆਹ ਕਰੀਏ
ਬੇਬੇ ਕਿਥੋਂ ਲੱਭੀਏ
ਉਏ ਅੰਮਾਂ ਕਿਥੋਂ ਲੱਭੀਏ।

ਸਾਡਾ ਲਾਲ ਏ ਕੁਵਾਰਾ
ਉਹ ਤਾਂ ਅੱਸੀ ਸਾਲ ਦਾ ਸਾਰਾ
ਦੱਸੋ ਲੋਕੋ
ਕਿਵੇਂ ਉਹਦਾ ਵਿਆਹ ਕਰੀਏ
ਬੇਬੇ ਕਿਥੋਂ ਲੱਭੀਏ
ਉਏ ਅੰਮਾਂ ਕਿਥੋਂ ਲੱਭੀਏ।



ਵਿਹੜੇ ਵਿੱਚ ਵੰਗਾਂ ਛਣਕਾਉਂਦੀਂ ਫਿਰਾਂ ਜਾਣ ਕੇ

ਰੁੱਸੇ ਹੋਏ ਢੋਲ ਨਾ ਮਨਾਇਆ ਤਾਂ ਵੀ ਆਣ ਕੇ
ਵਿਹੜੇ ਵਿਚ ਵੰਗਾਂ ਛਣਕਾਉਂਦੀ ਫਿਰਾਂ ਜਾਣ ਕੇ
ਰੁੱਸੇ ਹੋਏ ਢੋਲ ਨਾ ਮਨਾਇਆ ਤਾਂ ਵੀ ਆਣ ਕੇ।

ਚਾਟੀ 'ਚ ਮਧਾਣੀ ਪਾਈ ਹੋਏ
ਚਾਂਦੀ 'ਚ ਮਧਾਣੀ ਪਾਈ
ਆਵਾਜ਼ ਸੁਣੀ ਗਈ ਨਾ
ਰੋਟੀ ਖਾਣ ਆਇਆ ਮਾਹੀ
ਰੋਟੀ ਮੈਥੋਂ ਲਹੀ ਨਾ
ਉਸ ਦਿਨ ਡਰਦੀ ਨੇ
ਮੈਂ ਤਾਂ ਮੈਦੇ ਨੂੰ ਵੀ ਗੁੰਨਿਆ ਸੀ ਛਾਣ ਕੇ
ਵਿਹੜੇ ਵਿਚ ਵੰਗਾਂ ਛਣਕਾਉਂਦੀ ਫਿਰਾਂ ਜਾਣ ਕੇ
ਰੁੱਸੇ ਹੋਏ ਢੋਲ ਨਾ ਮਨਾਇਆ ਤਾਂ ਵੀ ਆਣ ਕੇ।

ਕਿਹੜੀ ਗੱਲੋਂ ਹੋਏ
ਕਿਹੜੀ ਗੱਲੋਂ ਰੁਸਿਆਂ ਏ
ਪੁੱਛਿਆ ਨਣਾਨ ਨੇ
ਕੱਲ੍ਹ ਤਾਂ ਉਹ ਆਖਦਾ ਸੀ
ਤੇਰੇ 'ਚ ਪ੍ਰਾਣ ਨੇ
ਖਬਰੇ ਕੀ ਬੈਠਾ ਹੋਇਆ
ਦਿਲ ਵਿਚ ਠਾਣ ਕੇ
ਰੁੱਸੇ ਹੋਏ ਢੋਲ ਨਾ ਮਨਾਇਆ ਤਾਂ ਵੀ ਆਣ ਕੇ
ਵਿਹੜੇ ਵਿਚ ਵੰਗਾਂ ਛਣਕਾਉਂਦੀ ਫਿਰਾਂ ਜਾਣ ਕੇ।

ਪਿੰਡ ਮੇਰੇ ਪੇਕਿਆਂ ਦਾ ਮੇਰੇ ਨਾਵਾਂ ਦੇ ਕੁਨਾਂ ਨਾ ਪਾਵੀਂ
ਵੇ ਪਿੰਡ ਮੇਰੇ ਪੇਕਿਆਂ ਦਾ .....।

ਕੁੜੀਆਂ ਨੇ ਮੇਰੇ ਕੋਲ ਸਾਂਗਾਂ ਤੇ ਲਾਉਂਦੀਆਂ
ਬੱਲੀ ਬੱਲੀ ਆਖ ਤੇਰੇ ਵਾਂਗ ਨੇ ਬੁਲਾਉਂਦੀਆਂ
ਵੇ ਮਹਿੰਦੀ ਵਾਲੇ ਹੱਥ ਰੰਗਲੇ
ਕਿਸੇ ਹੋਰ ਦੇ ਅੱਗੇ ਨਾ ਜੁੜਾਵੀਂ
ਪਿੰਡ ਮੇਰੇ ਪੇਕਿਆ ਦਾ ਮੇਰੇ ਨਾਵਾਂ .....।

ਕਰਕੇ ਇਸ਼ਾਰੇ ਭੈੜੀ ਭਾਬੀ ਮੈਨੂੰ ਹੱਸਦੀ ਏ
ਗੱਲ ਬੱਲੇ ਆਈ ਗੱਲ ਅੰਮੀ ਵੀ ਨਾ ਦੱਸਦੀ ਏ
ਨਿੱਕੀ ਜਿਹੀ ਗੱਲ ਬਦਲੇ

ਐਵੇਂ ਉਹਦੀਆਂ ਨਾ ਮਿੰਨਤਾਂ ਕਰਾਵੀਂ
ਪਿੰਡ ਮੇਰੇ ਪੇਕਿਆ ਦਾ ਮੇਰੇ ਨਾਵਾਂ .....।

ਮਾਪਿਆਂ ਦੇ ਘਰ ਧੀਆਂ, ਧੀਆਂ ਸਦਾ ਰਹਿੰਦੀਆਂ
ਸਭ ਕੁਝ ਸਹਿੰਦੀਆਂ ਤੇ ਕੁਝ ਵੀ ਨਾ ਕਹਿਦੀਆਂ
ਵੇ ਜਦ ਤੇਰੇ ਪਿੰਡ ਮੈਂ ਗਈ
ਜੋ ਜੀ ਕਰੂ ਆਖ ਕੇ ਬੁਲਾਵੀਂ
ਵੇ ਪਿੰਡ ਮੇਰੇ ਪੇਕਿਆਂ ਦਾ
ਮੇਰੇ ਨਾਵਾਂ ਦੇ ਕੁਨਾਂ ਨਾ ਪਾਵੀਂ
ਵੇ ਪਿੰਡ ਮੇਰੇ ਪੇਕਿਆਂ ਦਾ ।

ਵਗਣ ਪੁਰੇ ਦੀਆਂ ਵਾਵਾਂ

ਨੀ ਪੀਂਘ ਚੜ੍ਹਾਅ ਕੁੜੀਏ
ਵਗਣ ਪੁਰੇ ਦੀਆਂ ਵਾਵਾਂ
ਨੀ ਪੀਂਘ ਚੜ੍ਹਾਅ ਕੁੜੀਏ।

ਝੂਟ ਝੂਟ ਕੇ ਹੋਈ ਦਿਵਾਨੀ
ਸਦਾ ਨਾ ਰਹਿਣੀ ਰੂਪ ਜਵਾਨੀ
ਰੀਝਾਂ ਲਾਹ ਲੈ ਰੱਜ ਰੱਜ ਕੁੜੀਏ
ਮਾਣ ਲੈ ਠੰਡੀਆਂ ਛਾਂਵਾਂ
ਨੀ ਪੀਂਘ ਚੜ੍ਹਾਅ ਕੁੜੀਏ।
ਵਗਣ ਪੁਰੇ ਦੀਆਂ ਵਾਵਾਂ
ਨੀ ਪੀਂਘ ਚੜ੍ਹਾਅ ਕੁੜੀਏ।

ਚੁੰਨੀ ਤੇਰੀ ਉੱਡ ਉੱਡ ਜਾਵੇ
ਗੁੱਤ ਨਾਗਣੀ ਪਈ ਵਲ ਖਾਵੇ
ਵੰਗਾਂ ਦੀ ਛਣਕਾਰ ਪਵੇ ਜਦ
ਰਾਹੀ ਭੁੱਲ ਜਾਂਦੇ ਨੇ ਰਾਹਾਂ
ਨੀ ਪੀਂਘ ਚੜ੍ਹਾਅ ਕੁੜੀਏ।
ਵਗਣ ਪੁਰੇ ਦੀਆ ਵਾਵਾਂ
ਨੀ ਪੀਂਘ ਚੜ੍ਹਾਅ ਕੁੜੀਏ।
ਜਦ ਜਦ ਪੀਂਘ ਹੁਲਾਰਾ ਖਾਵੇ
ਪਿਆਰਾਂ ਦੀ ਦੁਨੀਆ ਵਸ ਜਾਵੇ

ਤੂੰ ਮਸਤੀ ਵਿਚ ਪੀਂਘ ਚੜ੍ਹਾਵੇਂ
ਮੈਂ ਮਸਤੀ ਦੇ ਵਿਚ ਗਾਵਾਂ
ਨੀ ਪੀਂਘ ਚੜ੍ਹਾਅ ਕੁੜੀਏ।
ਵਗਣ ਪੁਰੇ ਦੀਆ ਵਾਵਾਂ
ਨੀ ਪੀਂਘ ਚੜ੍ਹਾਅ ਕੁੜੀਏ।



ਰਸੀਆ ਨਿੰਬੂ ਲਿਆਂਦੇ ਵੇ

ਮੇਰੇ ਉੱਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ
ਮੈਨੂੰ ਹੁਣ ਕੀ ਹੋ ਗਿਆ
ਰਸੀਆ ਨਿੰਬੂ ਲਿਆਂਦੇ ਵੇ
ਮੇਰੇ ਉਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ
ਮੈਨੂੰ ਹੁਣ ਕੀ ਹੋ ਗਿਆ।

ਨਾ ਇਹ ਨਿੰਬੂਆ ਨੇੜੇ ਤੇੜੇ
ਨਾ ਨਿੰਬੂਆਂ ਨਾਰਨੌਲ
ਸ਼ਾਬਾਸ਼ੇ ਮੇਰੇ ਮਾਹੀ ਦੇ
ਜਿਸ ਨਿੰਬੂ ਲਿਆਂਦਾ ਟੋਲ
ਰਸੀਆ ਨਿੰਬੂ ਲਿਆਦੇ ਵੇ
ਮੇਰੇ ਉਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ .....।

ਨਾ ਨਿੰਬੂਆਂ ਇਹ ਨੇੜੇ ਤੇੜੇ
ਨਾ ਨਿੰਬੂਆ ਕਸ਼ਮੀਰ
ਸ਼ਾਬਾਸ਼ੇ ਮੇਰੇ ਮਾਹੀ ਦੇ
ਜਿਸ ਨਿੰਬੂ ਲਿਆਂਦਾ ਚੀਰ
ਰਸੀਆ ਨਿੰਬੂ ਲਿਆਦੇ ਵੇ
ਮੇਰੇ ਉਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ .....।
ਨਾ ਨਿੰਬੂਆ ਇਹ ਨੇੜੇ ਤੇੜੇ
ਨਾ ਨਿੰਬੂਆ ਕਲਕੱਤੇ
ਸ਼ਾਬਾਸ਼ੇ ਮੇਰੇ ਮਾਹੀ ਦੇ

ਜਿਸ ਨਿੰਬੂ ਲਿਆਦੇ ਕੱਚੇ
ਰਸੀਆ ਨਿੰਬੂ ਲਿਆਦੇ ਵੇ
ਮੇਰੇ ਉਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ .....।

ਨਾ ਨਿੰਬੂਆ ਇਹ ਨੇੜੇ ਤੇੜੇ
ਨਾ ਨਿੰਬੂਆ ਹਰਿਦੁਆਰ
ਸ਼ਾਬਾਸ਼ੇ ਮੇਰੇ ਮਾਹੀ ਦੇ
ਜਿਸ ਨਿੰਬੂ ਲਿਆਦੇ ਚਾਰ
ਰਸੀਆ ਨਿੰਬੂ ਲਿਆਦੇ ਵੇ
ਮੇਰੇ ਉਠੀ ਕਲੇਜੇ ਪੀੜ
ਹੁਣ ਮੋਈ ਹੁਣੇ ਮੋਈ
ਮੈਨੂੰ ਹੁਣ ਕੀ ਹੋ ਗਿਆ
ਰਸੀਆ ਨਿੰਬੂ .....।



ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਉਏ
ਛੋਟੇ ਦੇਵਰਾ ਤੇਰੀ ਦੂਰ ਬਲਾਈਂ ਵੇ
ਨਾ ਲੜ ਸੋਹਣਿਆ ਤੇਰੀ ਇਕ ਭਰਜਾਈ ਵੇ
ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਉਏ।

ਕੁਕੜੀ ਉਹ ਲੈਣੀ ਜਿਹੜੇ ਆਂਡੇ ਦਿੰਦੀ ਏ
ਸੌਹਰੇ ਨਹੀਂ ਜਾਣਾ ਸੱਸ ਤਾਹਨੇ ਦਿੰਦੀ ਏ
ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਉਏ।

ਕੁਕੜੀ ਉਹ ਲੈਣੀ ਏ ਜਿਹੜੀ ਕੁੜ ਕੁੜ ਕਰਦੀ ਏ
ਸੌਹਰੇ ਨਹੀਂ ਜਾਣਾ ਸੱਸ ਬੁੜ ਬੁੜ ਕਰਦੀ ਏ
ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਉਏ।
ਕੁਕੜੀ ਉਹ ਲੈਣੀ ਜਿਹਦੀ ਨਿੱਕੀ ਕਲਗੀ ਏ
ਸੌਹਰੇ ਨਹੀਂ ਜਾਣਾ ਸੱਸ ਪੇਕੇ ਪੁਣਦੀ ਏ

ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਉਏ।

ਸੁੱਥਣਾਂ ਛੀਂਟ ਦੀਆਂ ਮੁਲਤਾਨੋਂ ਆਈਆਂ ਨੇ
ਕਿ ਮਾਵਾਂ ਆਪਣੀਆਂ ਜਿਨ੍ਹਾਂ ਰੀਝਾਂ ਲਾਹੀਆਂ ਨੇ
ਸੁਥਣਾਂ ਛੀਂਟ ਦੀਆਂ ਮੁਲਤਾਨੋਂ ਆਈਆਂ ਨੇ
ਸੱਸਾ ਬੇਗਾਨੜੀਆਂ ਜਿੰਨ੍ਹਾਂ ਗਲੋਂ ਲੁਹਾਈਆਂ ਨੇ।

ਨਿੰਦਿਆਂ ਵੱਡਿਆਂ ਦੀ ਨਾ ਕਦੇ ਸਹਾਰਾਂ ਨੀ
ਤੁਰ ਜਾ ਪੇਕੇ ਤੂੰ ਮੈਂ ਰਵ੍ਹਾਂ ਕੁੰਵਾਰਾ ਨੀ
ਮਾਹੀਆ ਭੁੱਲ ਗਈ ਮੈਂ ਭੁੱਲ ਬਖਸ਼ਾਵਾਂ ਵੇ
ਅੱਗੇ ਵੱਡਿਆਂ ਦੇ ਮੈਂ ਸੀਸ ਨਿਵਾਵਾਂ ਵੇ ।

ਮਾਵਾਂ ਲਾਡ ਲਡਾਅ ਧੀਆਂ ਨੂੰ ਵਿਗਾੜਨ ਨੀ
ਸੱਸਾਂ ਦੇ ਦੇ ਮੱਤਾ, ਸਾਰੀ ਉਮਰ ਸੰਵਾਰਨ ਨੀ
ਕਾਲਾ ਡੋਰੀਆ ਕੁੰਡੇ ਨਾਲ ਅੜਿਆ ਨੀ
ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਨੀ।



ਰੇਲਾਂ ਵਾਲਿਓ ਰੇਲਾਂ ਵਿਚ ਦੇਜਕੇ

ਨਵਾਂ ਵਿਆਹ ਕਰ ਲੈ ਅੰਮਾਂ ਨੂੰ ਵੇਚ ਕੇ
ਅੰਮਾਂ ਨਹੀਂ ਵਿਕਦੀ ਉਹ ਬੁੱਢੀ ਤੇਰੀ ਏ
ਤੈਨੂੰ ਵੇਚਾਂਗਾ ਜਿਹੜੀ ਨਵੀਂ ਵਛੇਰੀ ਏ।

ਰੇਲਾਂ ਵਾਲਿਓ ਰੇਲਾਂ ਵਿਚ ਦੇਜਕੇ
ਨਵਾਂ ਵਿਆਹ ਕਰ ਲੈ ਭੈਣਾਂ ਨੂੰ ਵੇਚ ਕੇ
ਭੈਣਾਂ ਨਹੀਂ ਵਿਕਦੀਆਂ ਉਹ ਮਾਲ ਪਰਾਇਆ ਏ
ਤੈਨੂੰ ਵੇਚਾਂਗਾ ਜਿੰਨਹੂ ਖੱਟਿਆ ਖਵਾਇਆ ਏ।

ਰੇਲਾਂ ਵਾਲਿਓ ਰੇਲਾਂ ਵਿਚ ਦੇਜਕੇ
ਨਵਾਂ ਵਿਆਹ ਕਰ ਲੈ ਭੂਆ ਨੂੰ ਵੇਚ ਕੇ
ਭੂਆ ਨਹੀਂ ਵਿਕਦੀ ਉਹ ਫੁਫੜ ਡਾਢਾ ਏ
ਤੈਨੂੰ ਵੇਚਾਂਗਾ ਜੀਹਨੇ ਖੱਟਿਆ ਖਾਧਾ ਏ।
ਰੇਲਾਂ ਵਾਲਿਓ ਰੇਲਾਂ ਵਿਚ ਦੇਜਕੇ

ਨਵਾਂ ਵਿਆਹ ਕਰ ਲੈ ਬੇਬੇ ਨੂੰ ਵੇਚ ਕੇ
ਬੇਬੇ ਨਹੀਂ ਵਿਕਦੀ ਉਹ ਬੁੱਢੀ ਠੇਰੀ ਏ
ਤੈਨੂੰ ਵੇਚਾਂਗਾ ਜਿਹੜੀ ਨਵੀਂ ਵਛੇਰੀ ਏ।



ਵਗਦੀ ਸੀ ਰਾਵੀ ਮਾਹੀ ਵੇ

ਵਿਚ ਦੋ ਫੁੱਲ ਪੀਲੇ ਢੋਲਾ
ਇਕ ਫੁਲ ਮੰਗਿਆ ਮਾਹੀ ਵੇ
ਕਿਉਂ ਪਿਉਂ ਦਲੀਲੇ ਢੋਲਾ।

ਵਗਦੀ ਸੀ ਰਾਵੀ ਗੋਰੀਏ
ਵਿਚ ਦੋ ਫੁੱਲ ਕਾਲੇ ਢੋਲਾ
ਇਕ ਫੁੱਲ ਮੰਗਿਆ ਗੋਰੀਏ
ਨੀ ਸਾਰਾ ਬਾਗ ਹਵਾਲੇ ਢੋਲਾ।

ਵਗਦੀ ਸੀ ਰਾਵੀ ਮਾਹੀ ਵੇ
ਵਿਚ ਬੂਟਾ ਚਲਾਈ ਦਾ ਢੋਲਾ
ਮੈਂ ਨਾ ਜੰਮਦੀ ਮਾਹੀ ਵੇ
ਤੂੰ ਕਿੱਥੋਂ ਵਿਆਹੀ ਦਾ ਢੋਲਾ।
ਵਗਦੀ ਸੀ ਰਾਵੀ ਗੋਰੀਏ ਨੀ
ਵਿਚ ਸੁੱਟ ਗਨੇਰੀਆਂ ਢੋਲਾ
ਤੂੰ ਨਾ ਜੰਮਦੀ ਗੋਰੀਏ ਨੀ
ਸਾਨੂੰ ਹੋਰ ਬਥੇਰੀਆਂ ਢੋਲਾ।
ਵਗਦੀ ਸੀ ਰਾਵੀ ਮਾਹੀ ਵੇ
ਵਿਚ ਸੁੱਟਦੀ ਸੀ ਪੇਠੇ ਢੋਲਾ
ਤੂੰ ਪਰਦੇਸੀ ਮਾਹੀ ਵੇ
ਮੇਰੀ ਢਲਗੀ ਜਵਾਨੀ ਪੇਕੇ ਢੋਲਾ।
ਵਗਦੀ ਸੀ ਰਾਵੀ ਮਾਹੀ ਵੇ
ਵਿਚ ਸੁੱਟਾਂ ਮਧਾਣੀ ਢੋਲਾ
ਤੂੰ ਦੂਰ ਵਸੇਦਾ ਮਾਹੀ ਵੇ
ਘਰ ਲੜੇਂ ਜਠਾਣੀ ਢੋਲਾ।
ਵਗਦੀ ਏ ਰਾਵੀ ਮਾਹੀ ਵੇ
ਵਿੱਚ ਸੁਟਦੀਆਂ ਰੱਸਾ
ਤੇਰੇ ਬਾਝੋਂ ਮਾਹੀ ਵੇ

ਸਾਡੀਆਂ ਹੋਈਆਂ ਨੇ ਬੱਸਾਂ।
ਵਗਦੀ ਏ ਰਾਵੀ ਮਾਹੀ ਵੇ
ਵਿੱਚ ਉੱਗੀਆਂ ਨੇ ਬੇਰੀਆਂ
ਛੇਤੀ ਆਜਾ ਮਾਹੀ ਵੇ
ਮੈਨੂੰ ਨਿੱਤ ਉਡੀਕਾਂ ਤੇਰੀਆਂ।
ਵਗਦੀ ਏ ਰਾਵੀ ਮਾਹੀ ਵੇ
ਵਿਚ ਇਕ ਫੁੱਲ ਤਰਦਾ
ਛੇਤੀ ਆਜਾ ਮਾਹੀ ਵੇ
ਮੇਰਾ ਚਿੱਤ ਨਹੀਂ ਲਗਦਾ।
ਵਗਦੀ ਏ ਰਾਵੀ ਮਾਹੀ ਵੇ
ਵਿਚ ਸੁੱਟਦੀਆਂ ਫਾਲਾਂ
ਤੇਰੇ ਬਾਂਝੋ ਮਾਹੀ ਵੇ
ਸੱਸ ਨਿੱਤ ਦੇਂਦੀ ਏ ਗਾਲਾਂ।
ਵਗਦੀ ਏ ਰਾਵੀ ਮਾਹੀ ਵੇ
ਕਿਤੇ ਸੈਰ ਨੂੰ ਜਾਈਏ
ਘਰ ਆ ਮਾਹੀ
ਆਪਾ ਜਸ਼ਨ ਮਨਾਈ ਏ।



ਲੰਮਾ ਸੀ ਵਿਹੜਾ ਵੇ ਜਾਲਮਾਂ

ਵਿਚ ਕਲੀਆਂ ਦਾ ਬੂਟਾ
ਚਲਦੀ ਸੀ ਪੱਛੋਂ ਵੇ ਜਾਲਮਾਂ
ਖਿੜ ਰਹੀਆਂ ਸੀ ਕਲੀਆਂ।
ਚਲਦਾ ਸੀ ਪੁਰਾ ਜੀ ਜਾਲਮਾਂ
ਡਿੱਗ ਰਹੀਆਂ ਸੀ ਕਲੀਆਂ।
ਲੈਂਦੀ ਸੀ ਬੋਹੀਆ ਜੀ ਜਾਲਮਾਂ
ਚੁਗ ਲੈਂਦੀ ਸੀ ਕਲੀਆਂ।
ਵੱਟਦੀ ਸੀ ਡੋਰਾਂ ਜੀ ਜਾਲਮਾਂ
ਪਰੋਂ ਲੈਂਦੀ ਸੀ ਕਲੀਆਂ।
ਪ੍ਰੋ ਪ੍ਰੋ ਕੇ ਕਲੀਆਂ ਜੀ ਜਾਲਮਾਂ
ਤੇਰੇ ਚੀਰੇ ਤੇ ਧਰੀਆਂ।
ਚੀਰੇ ਧਰੀਆਂ ਜੀ ਜਾਲਮਾਂ
ਸਜ ਰਹੀਆਂ ਸੀ ਕਲੀਆਂ।

ਮੱਖਣ ਤੇ ਸੰਧੂਰ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਰੰਗ ਤੇ ਪਤੰਗ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਝੱਲਿਆ ਨਾ ਜਾਵੇ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਨਜ਼ਰਾਂ ਨਾ ਲੱਗਣ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ ।
ਚੰਦ ਵਾਂਗ ਚਮਕੇ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।

ਇਕ ਮੇਰਾ ਸੌਹਰਾ ਨੀ ਬੁਰਾ ਹਾਏ ਸੌਹਰਾ ਨੀ ਬੁਰਾ
ਸਾਥੋਂ ਬਾਪੂ ਜੀ ਅਖਵਾਏ ਸਾਥੋਂ ਆਖਿਆ ਨਾ ਜਾਵੇ
ਮੂੰਹੋਂ ਬੁੱਢਿਆ ਨਿਕਲ ਜਾਵੇ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਇਕ ਮੇਰੀ ਸੱਸ ਨੀ ਬੁਰੀ ਹਾਏ ਸੱਸ ਨੀ ਬੁਰੀ
ਸਾਥੋਂ ਬੇਬੇ ਜੀ ਅਖਵਾਏ ਸਾਥੋਂ ਆਖਿਆ ਨਾ ਜਾਵੇ
ਮੂੰਹੋਂ ਬੁੜ੍ਹੀਏ ਨਿਕਲ ਜਾਵੇ ਰੰਗ ਮਾਹੀਏ ਦਾ।
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਇਕ ਮੇਰੀ ਨਣਦ ਨੀ ਬੁਰੀ ਹਾਏ ਨਣਦ ਨੀ ਬੁਰੀ
ਸਾਥੋਂ ਭੈਣ ਜੀ ਅਖਵਾਏ ਸਾਥੋਂ ਆਖਿਆ ਨਾ ਜਾਵੇ
ਮੂੰਹੋਂ ਕੁੜੀਏ ਨਿਕਲ ਜਾਵੇ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਇਕ ਮੇਰੀ ਜਠਾਣੀ ਨੀ ਬੁਰੀ ਹਾਏ ਜਠਾਣੀ ਨੀ ਬੁਰੀ
ਸਾਥੋਂ ਭੈਣ ਜੀ ਅਖਵਾਏ ਸਾਥੋਂ ਆਖਿਆ ਨਾ ਜਾਵੇ
ਮੂੰਹੋਂ ਸ਼ਰੀਕਣੀ ਨਿਕਲ ਜਾਵੇ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਇਕ ਸਾਡਾ ਜੇਠ ਨੀ ਬੁਰਾ ਹਾਏ ਜੇਠ ਨੀ ਬੁਰਾ
ਸਾਥੋਂ ਵੀਰ ਜੀ ਅਖਵਾਏ ਸਾਥੋਂ ਆਖਿਆ ਨਾ ਜਾਵੇ
ਮੂੰਹੋਂ ਵੇ ਜੇਠਾ ਨਿਕਲ ਜਾਏ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਇਕ ਸਾਡਾ ਢੋਲ ਨੀ ਚੰਗਾ ਹਾਏ ਢੋਲ ਨੀ ਚੰਗਾ
ਸਾਥੋਂ ਚੰਨ ਜੀ ਅਖਵਾਏ ਸਾਥੋਂ ਆਖਿਆ ਵੀ ਜਾਏ

ਮੂੰਹੋਂ ਸੋਂਖਾ ਨਿਕਲ ਜਾਏ ਰੰਗ ਮਾਹੀਏ ਦਾ
ਸ਼ਾਵਾ ਰੰਗ ਮਾਹੀਏ ਦਾ ਰੰਗ ਤੇ ਪਤੰਗ ਰੰਗ ਮਾਹੀਏ ਦਾ।

ਝੱਲਿਆ ਨਾ ਜਾਵੇ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਨਜ਼ਰਾਂ ਨਾ ਲੱਗਣ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਚੰਦ ਵਾਂਗ ਚਮਕੇ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਮੱਖਣ ਤੇ ਸੰਧੂਰ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।
ਰੰਗ ਤੇ ਪਤੰਗ ਰੰਗ ਮਾਹੀਏ ਦਾ – ਸ਼ਾਵਾ ਰੰਗ ਮਾਹੀਏ ਦਾ।

ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਕਾਲੇ ਨੂੰ ਮੈਂ ਮੰਗੀ ਤੇ ਮੈਂ ਸੌਂ ਮਣ
ਭੁੱਬਲ ਵੰਡੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਗੋਰੇ ਨੂੰ ਮੈਂ ਮੰਗੀ ਤੇ ਮੈਂ ਸੌਂ ਮਣ
ਸ਼ੱਕਰ ਵੰਡੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਕਾਲਾ ਸਾਡੇ ਅੰਦਰ ਵੜਿਆ
ਸਾਡਾ ਮਾਲ ਡੰਗਰ ਡਰਿਆ
ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਗੋਰਾ ਸਾਡੇ ਅੰਦਰ ਵੜਿਆ
ਤੇ ਚੌਂ ਮੁਖੀਆ ਦੀਵਾ ਜਗਿਆ
ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਜਦ ਕਾਲੇ ਸੇਜ ਵਛਾਈ
ਉੱਤੇ ਚੂਹੀ ਲਿਟਦੀ ਆਈ
ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਜਦ ਗੋਰੇ ਸੇਜ ਵਛਾਈ
ਉੱਤੇ ਪਰੀ ਝੂੰਮਦੀ ਆਈ
ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ
ਕੁੜਤੀ ਨੀ ਰੀਲ੍ਹ ਦੀਏ .....ਸ਼ਾਵਾ ਨੀ ਰੀਲ੍ਹ ਦੀਏ।

ਰਾਹੀਆ ਰਾਹੇ ਜਾਂਦਿਆ ਵੇ

ਪੀਲੂ ਖਾਂਦਿਆਂ ਵੇ , ਆਖੀਂ ਢੋਲੇ ਨੂੰ ਜਾ
ਦਾਖਾਂ ਤਾਂ ਪੱਕੀਆਂ ਵੇ
ਅਸਾਂ ਨਾ ਚੱਖੀਆਂ ਵੇ ਢੋਲਾ ਮੁੜ ਘਰ ਆ।

ਰਾਹੀਆ ਰਾਵਲਾ ਵੇ
ਮਾਹੀਆ ਸਾਂਵਲਾ ਵੇ
ਸਾਡਾ ਲੱਥਾ ਨਹੀਓਂ ਚਾਅ
ਅੰਬੀਂ ਬੂਰ ਪਿਆ ਵੇ
ਢੋਲਾ ਦੂਰ ਗਿਆ ਵੇ
ਮੈਨੂੰ ਤੱਤੀ ਨੂੰ ਤਾਅ।

ਰਾਹੀਆ ਰਾਹੇ ਜਾਂਦਿਆਂ ਵੇ
ਪੀਲੂ ਖਾਂਦਿਆ ਵੇ
ਆਖੀਂ ਢੋਲੇ ਨੂੰ ਜਾ
ਦਾਖਾਂ ਪੱਕੀਆਂ ਵੇ
ਅਸਾਂ ਨਾ ਚੱਖੀਆਂ ਵੇ।

ਰੋਂਦੀ ਛੋੜ ਗਿਆ ਵੇ
ਮੁੱਖੜਾ ਮੋੜ ਗਿਆ ਵੇ
ਕਦੇ ਸਾਡੀ ਪਵੇਗੀ ਹਾਅ।

ਰਾਹੀਆ ਰਾਹੇ ਜਾਂਦਿਆ ਵੇ
ਪੀਲੂ ਖਾਂਦਿਆ ਵੇ
ਆਖੀਂ ਢੋਲੇ ਨੂੰ ਜਾ

ਦਾਖਾਂ ਪੱਕੀਆਂ ਵੇ
ਅਸਾਂ ਨਾ ਚੱਖੀਆਂ ਵੇ
ਰਾਹੀਆ ਰਾਹੇ ਜਾਂਦਿਆ ਵੇ
ਪੀਲੂ ਖਾਂਦਿਆ ਵੇ।

ਚੰਨਾ ਵੇ ਦੂਰ ਵਸੇਂਦਿਆ

ਛੰਮ ਛੰਮ ਵਰਸਣ ਨੈਣ
ਤੈਨੂੰ ਤੱਕਣ ਵਾਸਤੇ
ਨਿੱਤ ਨਿੱਤ ਤਰਲੇ ਲੈਣ
ਫੁੱਲ ਖਿੜੇ ਸਭ ਬਾਗ ਦੇ ਆਈ ਰੁੱਤ ਬਹਾਰ
ਪਤਝੜ ਸਾਡੇ ਵਾਸਤੇ ਲੋਕਾਂ ਲਈ ਬਹਾਰ।

ਹਰੀਆਂ ਹਰੀਆਂ ਟਾਹਣੀਆਂ ਪੀਲੇ ਪੀਲੇ ਫੁੱਲ
ਸਈਓ ਸਾਡੇ ਬਾਗ ਵਿੱਚ ਗਈ ਹਨੇਰੀ ਝੁੱਲ

ਖੰਭ ਹੁੰਦੇ ਜੇ ਬਦਨ 'ਤੇ ਚੜ੍ਹਦੀ ਉੱਡ ਅਕਾਸ਼
ਪਲ ਵਿਚ ਸਹੀਓ ਪਹੁੰਚਦੀ ਚੰਨ ਅਪਣੇ ਦੇ ਪਾਸ

ਕੋਠੇ ਉੱਤੇ ਕੋਠੜੀ ਹੇਠ ਵਗੇ ਦਰਿਆ
ਮੈਂ ਮਛਲੀ ਦਰਿਆ ਦੀ ਤੂੰ ਬਗਲਾ ਬਣਕੇ ਆ

ਸੱਜਣ ਗਏ ਪਰਦੇਸ ਨੂੰ ਘੜੀ ਪਵੇ ਨਾ ਚੈਨ
ਅੱਜ ਮਾੜੇ ਅਸੀਂ ਹੋ ਗਏ ਰੋ ਰੋ ਨੈਣ ਪਏ ਕਹਿਣ

ਕਾਲਿਆ ਕਾਵਾਂ ਬੋਲ ਵੇ ਜਾ ਮਾਹੀ ਦੇ ਦੇਸ
ਖ਼ਬਰ ਲਿਆਵਾਂ ਮਾਹੀ ਦੀ, ਕਰ ਜੋਗਣ ਦਾ ਵੇਸ

ਆਟਾ ਸਾਡਾ ਭੁੜਕਿਆ, ਬੰਨੇ ਬੋਲਿਆ ਕਾਗ
ਤੜਕੇ ਚਿੜੀਆਂ ਜਾਗੀਆਂ ਸੌਂ ਗਏ ਸਾਡੇ ਭਾਗ

ਕਾਲੇ ਬੱਦਲ ਆ ਗਏ ਬਿਜਲੀ ਦੀ ਲਿਸ਼ਕਾਰ
ਮੇਰੇ ਨੈਣ ਉਡੀਕ ਵਿਚ, ਵਰਸਣ ਮੋਹਲੇਧਾਰ

ਫੁੱਲ ਖਿੜੇ ਕਚਨਾਰ ਦੇ ਪੈਲਾਂ ਪਾਵਣ ਮੋਰ
ਚੰਨ ਚੁਫੇਰੇ ਭਾਲਦੇ, ਮੇਰੇ ਨੈਣ ਚਕੋਰ

ਕਿੱਧਰ ਪਾਵਾਂ ਚਿੱਠੀਆਂ ਦੱਸ ਨਾ ਗਏ ਮੁਕਾਮ
ਦਰਦ ਕਲੇਜੇ ਉੱਠਿਆ ਆਉਂਦਾ ਨਹੀਂ ਆਰਾਮ



ਹਾਲ ਵੇ ਰੱਬਾ
ਲੁੱਟੀ ਹੀਰ ਵੇ ਫਕੀਰ ਦੀ
ਹਾਲ ਵੇ ਰੱਬਾ
ਮੈਂ ਮਾਰੀ ਤੇਰਿਆਂ ਗ਼ਮਾਂ ਦੀ

ਬਾਬਲ ਵਰ ਇਹ ਕੀ ਸਹੇੜਿਆ
ਜਿਉਂ ਚਰਖੇ ਦਾ ਮੁੰਨਾ
ਗੁੱਲੀ ਡੰਡਾ ਫਿਰੇ ਖੇਡਦਾ
ਘਰ ਸੁੰਨੇ ਦਾ ਸੁੰਨਾ
ਲੁੱਟੀ ਹੀਰ ਵੇ ਫਕੀਰ ਦੀ
ਹਾਲ ਵੇ ਰੱਬਾ
ਮਾਰੀ ਤੇਰਿਆਂ ਗ਼ਮਾਂ ਦੀ।

ਬਾਬਲ ਵਰ ਇਹ ਕੀ ਸਹੇੜਿਆ
ਕਾਲਾ ਮੈਂ ਨਾ ਭਾਵੇ
ਕੋਠੇ ਚੜ੍ਹ ਕੇ ਵੇਖਣ ਲੱਗੀ
ਕਾਲਾ ਬੱਦਲ ਚੜ੍ਹਿਆ ਆਵੇ
ਲੁੱਟੀ ਹੀਰ ਵੇ ਫਕੀਰ ਦੀ
ਹਾਲ ਵੇ ਰੱਬਾ
ਮੈਂ ਮਾਰੀ ਤੇਰਿਆਂ ਗ਼ਮਾਂ ਦੀ।

ਬਾਬਲ ਵਰ ਇਹ ਕੀ ਸਹੇੜਿਆ
ਮਧਰਾ ਮੈਂ ਨਾ ਭਾਵੇ
ਕੋਠੇ ਚੜ੍ਹ ਕੇ ਵੇਖਣ ਲੱਗੀ
ਖੰਨ੍ਹੂੰ ਗੀਟਾ ਰਿੜ੍ਹਿਆ ਆਵੇ
ਲੁੱਟੀ ਹੀਰ ਵੇ ਫਕੀਰ ਦੀ,
ਹਾਲ ਵੇ ਰੱਬਾ

ਮੈਂ ਮਾਰੀ ਤੇਰਿਆਂ ਗ਼ਮਾਂ ਦੀ।

ਬਾਬਲ ਵਰ ਇਹ ਕੀ ਸਹੇੜਿਆ
ਲੰਮਾ ਲੰਮ ਸਲੰਮਾ
ਇਕ ਮੰਜੇ ਤੇ ਆਪ ਸੌਂਦਾ
ਦੂਜੇ ਉਤੇ ਟੰਗਾਂ
ਲੁੱਟੀ ਹੀਰ ਵੇ ਫਕੀਰ ਦੀ,
ਸੋਹਣਿਆ ਵੇ
ਮਾਰੀ ਤੇਰਿਆਂ ਗ਼ਮਾਂ ਦੀ।

ਆਏ ਚੇਤ ਦੇ ਚਲਵੰਤ
ਜਿੰਨ੍ਹਾਂ ਦੇ ਨਿੱਤ ਉਠ ਜਾਂਦੇ ਕੰਤ
ਦਿਲਾਂ ਦਾ ਭੇਤ ਨਾ ਦਿੰਦੇ ਅੰਤ
ਦਿਲਾਂ ਦੀਆਂ ਮਹਿਲ ਮੋਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ।

ਚੜ੍ਹਿਆ ਮਹੀਨਾ ਵਿਸਾਖ
ਸਾਡੇ ਬਾਗੀ ਪੱਕੀ ਦਾਖ
ਅਸਾਂ ਲਿਖ ਭੇਜੀ ਅਰਦਾਸ
ਤੁਸਾਂ ਆਉਣਾ ਸਾਡੇ ਪਾਸ
ਸਾਨੂੰ ਹੋਰ ਨੀ ਕਿਸੇ ਦੀ ਆਸ
ਆਸਾਂ ਸ਼ਾਮ ਜੀ ਉਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਚੜ੍ਹਿਆ ਮਹੀਨਾ ਜੇਠ
ਨੀਲਾ ਘੋੜਾ ਲੈ ਲਾ ਹੇਠ
ਆ ਕੇ ਬਾਲ ਬੱਚਾ ਤੂੰ ਵੇਖ
ਮੈਨੂੰ ਸੱਧਰਾਂ ਭਰੀਆਂ
ਉਡੀਕਾਂ ਸ਼ਾਮ ਜੀ ਓਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਆਏ ਹਾੜ੍ਹ ਦੇ ਹੜ੍ਹੱਕੇ
ਬਾਗੀ ਅੰਬ ਅਨਾਰ ਪੱਕੇ
ਉੱਬੇ ਚੋਰਾਂ ਦੇ ਹੜ੍ਹੱਕੇ
ਅਸੀਂ ਰਾਖੀ ਕਰ ਕਰ ਥੱਕੇ
ਖਾਤਰ ਸ਼ਾਮ ਜੀ ਓਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਚੜ੍ਹਿਆ ਮਹੀਨਾ ਸਾਉਣ
ਕੁੜੀਆਂ ਹੱਸਣ ਖੇਡਣ ਗਾਉਣ
ਪੀਘਾਂ ਪਾਉਣ ਤੇ ਚੜ੍ਹਾਉਣ
ਸੁਰਮੇ ਪਾਉਣ ਤੇ ਮਟਕਾਉਣ
ਸਾਡੇ ਦਿਲ ਵਿਚ ਰੀਝਾਂ ਆਉਣ
ਸ਼ਾਮ ਜੀ ਓਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਭਾਦੋਂ ਦੇ ਦਿਨ ਆਏ
ਸੁਫਨੇ ਚਾਰ ਚੁਫੇਰਿਓ ਆਏ
ਹੁਣ ਮੈਂ ਕੀ ਕਰਾਂ ਮੇਰੀ ਮਾਏ
ਸਾਡੇ ਜਾਦੂ ਦਾਮਣ ਪਾਏ
ਲਿਖਤਾਂ ਸ਼ਾਮ ਜੀ ਓਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਅੱਸੂ ਦੇ ਦਿਨ ਆਏ
ਸਈਆਂ ਰੱਤੜੇ ਪਲੰਘ ਡਹਾਏ
ਉੱਤੇ ਰੰਗਲੇ ਲੇਫ ਵਿਛਾਏ
ਸਾਡੇ ਘਰ ਆ ਕੇ ਤੂੰ ਵੇਖ
ਮੈਨੂੰ ਉਡੀਕਾਂ ਸ਼ਾਮ ਜੀ ਓਏ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਚੜ੍ਹਿਆ ਕੱਤਾ ਤੇ ਕੱਤਣ ਕੁੜੀਆਂ

ਦੇਵਣ ਮੱਤਾਂ ਤੇ ਲਗਦੀਆਂ ਬੁਰੀਆਂ
ਸਾਡੇ ਵੱਜਣ ਕਾਲਜੇ ਛੁਰੀਆਂ
ਸ਼ਾਮ ਜੀ ਉਏ ਘਾਟਾਂ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਮੱਘਰ ਦੇ ਦਿਨ ਆਏ ਮੈਂ ਦੁਪੱਟਾ ਰੰਗਿਆ
ਤੂੰ ਘਰ ਹੈ ਨੀ ਵੇ ਮੈਂ ਰੰਗ ਕਿੱਲੇ ਟੰਗਿਆ
ਮੇਰੇ ਪੈਣ ਕਾਲਜੇ ਹੌਲ
ਤੇਰਾ ਨਿਤ ਦਿਨ ਨਾਮ ਲੈਣ
ਸ਼ਾਮ ਜੀ ਉਏ ਜੀਭਾਂ ਮੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਪੋਹ ਦਗੇ ਅੰਗਿਆਰੀ
ਲਹਿੰਗੇ ਨਾਲ ਸਜੇ ਫੁਲਕਾਰੀ
ਖੜ੍ਹ ਕੇ ਵੇਖ ਜਵਾਨੀ ਮੇਰੀ
ਵੇ ਮੈਂ ਸੜਦੀ ਤੇਰੇ ਨਾਲ ਤੁਰਦੀ
ਸ਼ਾਮ ਜੀ ਉਏ ਤਾਘਾਂ ਮੈਨੂੰ ਤੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਮਾਘੀ ਮੇਲਾ ਵੇਖਣ ਆਈਆਂ
ਤੇਰੀਆਂ ਤਾਈਆਂ ਤੇ ਭਰਜਾਈਆਂ
ਰਲ ਕੇ ਮੈਨੂੰ ਦੇਣ ਵਧਾਈਆਂ
ਸ਼ਾਮ ਤੇਰਾ ਆ ਨੀ ਗਿਆ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ

ਫੱਗਣ ਫਾਗਣੀ ਮੇਲੇ
ਪੰਜੇ ਪੀਰ ਪੀਰਾਂ ਵਿਚ ਖੇਲੇ
ਸਈਓ ਗੜਵਾ ਭਰਿਆ ਪਾਣੀ ਦਾ
ਨੌਕਰ ਉਠ ਗਿਆ
ਅੱਜ ਢੋਲ ਨਿਮਾਣੀ ਦਾ

ਨੀ ਤੂੰ ਵੇਖ ਮੇਰੀਏ ਮਾਏ ਨੀ ਲਿਖਤਾਂ ਮੇਰੀਆਂ
ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ
ਉਏ ਸ਼ਾਵਾ ਸ਼ਾਵਾ ਦਿਲਾਂ ਦੀਆਂ ਮਹਿਲ ਮੋਰੀਆਂ



ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ

ਭਾਂਡਾ ਟੀਂਡਾ ਵੰਡਣ ਲੱਗੇ ਗਾਗਰ ਨੂੰ ਹੱਥ ਪਾਈਂ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ

ਪੈਲੀ ਪੱਠਾ ਵੰਡਣ ਲੱਗੇ ਮੋਟਰ ਵਾਲੀ ਨੂੰ ਹੱਥ ਪਾਈਂ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ

ਮੱਝਾਂ ਗਾਵਾਂ ਵੰਡਣ ਲੱਗੇ ਬੂਰੀ ਨੂੰ ਹੱਥ ਪਾਈਂ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ

ਘਰ ਬਾਰ ਵੰਡਣ ਲੱਗੇ ਚੁਬਾਰੇ ਨੂੰ ਹੱਥ ਪਾਈਂ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ

ਬੁੱਢਾ ਬੁੱਢੀ ਵੰਡਣ ਲੱਗੇ ਬਾਹਰ ਨੂੰ ਤੁਰ ਜਾਈਂ ਵੇ
ਸੂਹੇ ਵੇ ਚੀਰੇ ਵਾਲਿਆ ਹੁਣ ਮੈਂ ਤੇਰੀ ਹੋਈ ਵੇ



ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਮੈਨੂੰ ਸੱਗੀ ਕਰਾਦੇ ਫੁੱਲ ਫੇਰ ਸਹੀ
ਮੈਨੂੰ ਸੱਗੀ ਕਰਾਦੇ ਫੁੱਲ ਫੇਰ ਸਹੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਤੈਨੂੰ ਸੱਗੀ ਵੀ ਕਰਾਦੂੰ ਤੈਨੂੰ ਫੁੱਲ ਵੀ ਕਰਾਦੂੰ
ਨੀ ਕੀ ਲੱਗਦੀ ਐਂ ਮੇਰੀ

ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਠਾਣੇਦਾਰ ਮੇਰਾ ਸਰਦਾਰ ਮੇਰਾ
ਵੇ ਮੈਂ ਰਜਤ ਤੇਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਮੈਨੂੰ ਕਾਂਟੇ ਕਰਾ ਦੇ ਰਿੰਗ ਫੇਰ ਸਹੀ
ਵੇ ਮੈਂ ਬਾਂਦੀ ਤੇਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਤੈਨੂੰ ਕਾਂਟੇ ਵੀ ਕਰਾਦੂੰ ਤੈਨੂੰ ਰਿੰਗ ਵੀ ਕਰਾਦੂੰ
ਨੀ ਕੀ ਲੱਗਦੀ ਐਂ ਮੇਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਠਾਣੇਦਾਰ ਮੇਰਾ ਸਰਦਾਰ ਮੇਰਾ
ਵੇ ਮੈਂ ਰੱਜਤ ਤੇਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ
ਸ਼ਾਵਾ ਸ਼ਾਵਾ ਵੇ ਸਿਪਾਹੀਆ ਤੇਰੀ ਤਲਬ ਧਰੀ

ਪਿੱਪਲ ਦਿਆਂ ਪੱਤਿਆ

ਕੇਹੀ ਖੜ ਖੜ ਲਾਈ ਆ
ਪੱਤ ਝੜੇ ਪੁਰਾਣੇ
ਰੁੱਤ ਨਵਿਆਂ ਦੀ ਆਈ ਆ

ਪਿੱਪਲ ਦਿਆਂ ਪੱਤਿਆ
ਕੇਹੀ ਛੱਡੀ ਲਾਲੀ ਆ
ਅਹਿਲ ਜਵਾਨੀ ਢੋਲਾ
ਅਸੀਂ ਪੇਕੇ ਗਾਲੀ ਆ

ਪਿੱਪਲ ਦਿਆਂ ਪੱਤਿਆ

ਕੇਹੀ ਛਾਂ ਕੀਤੀ ਆ
ਉਮਰ ਬਸੰਤੀ ਚੰਨਾ
ਸਾਡੀ ਐਵੇਂ ਬੀਤੀ ਆ

ਪਿੱਪਲ ਦਿਆਂ ਪੱਤਿਆ
ਕੇਹੀਆ ਛੱਡੀਆਂ ਲਗਰਾਂ ਨੀ
ਢੋਲ ਪਰਦੇਸੀ ਸਹੀਓ
ਕੌਣ ਲਿਆਵੇ ਖ਼ਬਰਾਂ ਨੀ

ਪਿੱਪਲ ਦਿਆਂ ਪੱਤਿਆ
ਤੇਰੇ ਪੱਤ ਸਾਵੇ ਵੇ
ਨਿੱਤ ਕੁਰਲਾਵਾਂ ਬੀਬਾ
ਮੈਂ ਤੇਰੇ ਹਾਵੇ ਵੇ

ਪਿੱਪਲ ਦਿਆਂ ਪੱਤਿਆ
ਕੇਹੀ ਖੜ ਖੜ ਲਾਈ ਆ
ਪੱਤ ਝੜੇ ਪੁਰਾਣੇ ਬੀਬਾ
ਵੇ ਰੁੱਤ ਨਵਿਆਂ ਦੀ ਆਈ ਆ



ਗੋਰਾ ਗੋਰਾ ਮੁਖੜਾ ਤੇ ਕਾਲੀ ਕਾਲੀ ਲਿਟ ਵੇ
ਦੀਵਾ ਜਗੇ ਲਾਹੌਰ ਸ਼ਹਿਰ ਵਿਚ ਵੇ
ਚਾਨਣ ਹੁੰਦਾ ਏ ਹੀਰਿਆ
ਕਿ ਚਾਨਣ ਹੁੰਦਾ ਏ ਢੋਲਾ

ਵੇਖੋ ਆਇਆ ਹੀਰੇ ਦਾ ਪਿਓ
ਪਾਟੇ ਕੱਪੜੇ ਤੇ ਲੱਗਦਾ ਏ ਦਿਓ
ਇਹ ਬਾਪ ਤੇਰਾ ਏ ਹੀਰਿਆ
ਕਿ ਇਹ ਪਿਉ ਤੇਰਾ ਏ ਹੀਰਿਆ
ਕਿ ਇਹ ਪਿਉ ਤੇਰਾ ਏ ਢੋਲਾ

ਕਿੱਧਰੋਂ ਆਇਆ ਹੀਰੇ ਦਾ ਸੌਹਰਾ
ਕੱਢੀ ਟੌਹਰ ਤੇ ਬਾਬੂ ਪੂਰਾ
ਇਹ ਪਿਉ ਮੇਰਾ ਏ ਹੀਰਿਆ

ਕਿ ਇਹ ਪਿਉ ਮੇਰਾ ਏ ਢੋਲਾ

ਕਿੱਧਰੋਂ ਆਈ ਹੀਰੇ ਦੀ ਮਾਂ
ਗਲ ਵਿਚ ਰੱਸਾ ਤੇ ਲੱਗਦੀ ਏ ਗਾਂ
ਇਹ ਮਾਂ ਤੇਰੀ ਏ ਹੀਰਿਆ
ਕਿ ਇਹ ਮਾਂ ਤੇਰੀ ਏ ਢੋਲਾ
ਕਿ ਮਾਂ ਤੇਰੀ ਏ ਢੋਲਾ

ਵੇਖੋ ਆਈ ਹੀਰੇ ਦੀ ਸੱਸ
ਸਿਲਕ ਦਾ ਸੂਟ ਤੇ ਗਲ ਵਿਚ ਹੱਸ
ਇਹ ਮਾਂ ਮੇਰੀ ਏ ਹੀਰਿਆ
ਵੇ ਇਹ ਮਾਂ ਮੇਰੀ ਏ ਹੀਰਿਆ
ਕਿ ਇਹ ਮਾਂ ਮੇਰੀ ਐ ਢੋਲਾ

ਵੇਖੋ ਆਇਆ ਹੀਰੇ ਦਾ ਵੀਰਾ
ਲੱਤੋ ਲੰਗਾ ਤੇ ਅੱਖੋ ਟੀਰਾ
ਇਹ ਵੀਰ ਤੇਰਾ ਏ ਹੀਰਿਆ
ਕਿ ਇਹ ਵੀਰ ਤੇਰਾ ਏ ਢੋਲਾ
ਕਿ ਇਹ ਵੀਰ ਤੇਰਾ ਏ ਹੀਰਿਆ

ਵੇਖੋ ਆਇਆ ਹੀਰੇ ਦਾ ਸਾਲਾ
ਇਹ ਤਾਂ ਸਭ ਤੋਂ ਭਾਗਾਂ ਵਾਲਾ
ਇਹ ਵੀਰ ਮੇਰਾ ਏ ਹੀਰਿਆ
ਕਿ ਇਹ ਵੀਰ ਮੇਰਾ ਏ ਢੋਲਾ
ਵੇ ਇਹ ਵੀਰ ਮੇਰਾ ਏ ਹੀਰਿਆ

ਵੇਖੋ ਆਈ ਹੀਰੇ ਦੀ ਭੈਣ
ਗਲ ਵਿਚ ਜੁਲਫਾਂ ਲੱਗਦੀ ਡੈਣ
ਇਹ ਭੈਣ ਤੇਰੀ ਏ ਹੀਰਿਆ
ਵੇ ਇਹ ਭੈਣ ਤੇਰੀ ਏ ਢੋਲਾ
ਕਿ ਇਹ ਭੈਣ ਤੇਰੀ ਏ ਹੀਰਿਆ

ਵੇਖੋ ਆਈ ਹੀਰੇ ਦੀ ਸਾਲੀ
ਇਹ ਤਾਂ ਲੱਗਦੀ ਮਹਿਲਾਂ ਵਾਲੀ

ਇਹ ਭੈਣ ਮੇਰੀ ਏ ਹੀਰਿਆ
ਕਿ ਇਹ ਭੈਣ ਮੇਰੀ ਏ ਢੋਲਾ
ਵੇ ਇਹ ਭੈਣ ਮੇਰੀ ਏ ਹੀਰਿਆ

ਕਪਾਹ ਦੀਆਂ ਬੱਤੀਆਂ ਦਾ ਦੀਵਾ ਬਲੇਂਦਾ
ਚਾਨਣ ਹੁੰਦਾ ਏ ਢੋਲਾ
ਵੇ ਲੋਅ ਪਈ ਆਉਂਦੀ ਏ ਢੋਲਾ
ਵੇ ਚਾਨਣ ਹੁੰਦਾ ਏ ਹੀਰਿਆ
ਵੇ ਚਾਨਣ ਹੁੰਦਾ ਏ ਸੋਹਣਿਆ

ਗੋਰਾ ਗੋਰਾ ਮੁੱਖੜਾ
ਤੇ ਕਾਲੀ ਕਾਲੀ ਲਿਟ ਵੇ
ਦੀਵਾ ਜਗੇ ਲਾਹੌਰ ਸ਼ਹਿਰ ਵਿਚ ਵੇ
ਚਾਨਣ ਹੁੰਦਾ ਏ ਹੀਰਿਆ
ਕਿ ਚਾਨਣ ਹੁੰਦਾ ਏ ਢੋਲਾ
ਵੇ ਚਾਨਣ ਹੁੰਦਾ ਏ ਸੋਹਣਿਆ



ਵੇ ਲਾਹੌਰੋਂ ਰੇੜਾ ਰੇੜ੍ਹਿਆ
ਘਰ ਆਜਾ ਮੱਖਣ ਦਿਆ ਪੇੜਿਆ
ਕਿ ਪਟ ਦਿਆ ਵੇ ਲੱਛਿਆ ਢੋਲਾ
ਰੇਸ਼ਮ ਦਿਆ ਵੇ ਲੱਛਿਆ ਢੋਲਾ

ਤੇਰੀ ਮਾਂ ਲੜੇ ਨਹੀਓਂ ਲੜਨਾ
ਉਹਦੇ ਸਿਰ ਪੈਰਾਂ ਤੇ ਧਰਨਾ
ਕਿ ਵੱਡੀ ਵਡੇਰੀ ਏ ਢੋਲਾ
ਕਿ ਮਾਂ ਬਰਾਬਰ ਏ ਢੋਲਾ

ਤੇਰੀ ਭੈਣ ਲੜੇ ਨਹੀਓਂ ਲੜਨਾ
ਜੋ ਮੰਗੇ ਸੋ ਹਾਜਰ ਕਰਨਾ
ਧੀ ਧਿਆਣੀ ਏ ਢੋਲਾ
ਕਿ ਸੌਹਰੇ ਦੀ ਜਾਈ ਏ ਢੋਲਾ
ਵੇ ਲਾਹੌਰੋਂ ਰੇੜਾ ਰੇੜ੍ਹਿਆ

ਤੇਰੀ ਭਾਬੋ ਲੜੇ ਤਾਂ ਲੜਨਾ
ਡੱਟਕੇ ਮੁਕਾਬਲਾ ਕਰਨਾ
ਸ਼ਰੀਕਣੀ ਮੇਰੀ ਆ ਢੋਲਾ
ਕਿ ਭਾਬੋ ਤੇਰੀ ਆ ਢੋਲਾ
ਵੇ ਲਾਹੌਰੋਂ ਰੇੜਾ ਰੇੜ੍ਹਿਆ

ਮਾਹੀ ਤੂੰ ਆਪ ਤੇ ਘਰ ਨਹੀਂ ਵੜਦਾ
ਤਾਂ ਹੀਂ ਸਾਰਾ ਟੱਬਰ ਮੇਰੇ ਨਾਲ ਲੜਦਾ
ਮੈਂ ਤਾਂ ਕੱਖੋਂ ਹੌਲੀ ਆਂ ਢੋਲਾ
ਵੇ ਤੇਰੀ ਜੋਰੂ ਆਂ ਢੋਲਾ
ਵੇ ਲਾਹੌਰੋਂ ਰੇੜਾ ਰੇੜ੍ਹਿਆ

ਘਰ ਆ ਜਾ ਮੱਖਣ ਦਿਆ ਪੇੜਿਆ
ਕਿ ਪਟ ਦਿਆ ਵੇ ਲੱਛਿਆ ਢੋਲਾ
ਕਿ ਰੇਸ਼ਮ ਦਿਆ ਵੇ ਲੱਛਿਆ ਢੋਲਾ

ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਗੋਰਿਆ ਨੂੰ ਦਫਾ ਕਰੋ, ਮੈਂ ਆਪ ਤਿੱਲੇ ਦੀ ਤਾਰ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਕਾਲਾ ਗੁੜ ਦੇਸੀ ਮੈਂ ਖਾਵਾਂ ਚਿੱਟੜੇ ਨਾਲ
ਹੁਲਾਰਾ ਤਾਂ ਲੈਣਾ ਜੇ ਕਾਲਾ ਚੜ੍ਹਸੀ ਨਾਲ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਸੱਸੜੀਏ ਤੇਰੇ ਪੰਜ ਪੁੱਤਰ
ਦੋ ਦੇਵਰ ਤੇ ਦੋ ਜੇਠ
ਜਿਹੜਾ ਮੇਰੇ ਹਾਣ ਦਾ
ਉਹ ਚਲਾ ਗਿਆ ਪਰਦੇਸ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਕਾਲਾ ਗੁੜ੍ਹ ਦੇਸੀ
ਮੈਂ ਖਾਵਾਂ ਚਿੱਟੜੇ ਨਾਲ

ਹੁਲਾਰਾ ਤਾਂ ਲੈਣਾ
ਜੇ ਕਾਲਾ ਚੜ੍ਹਸੀ ਨਾਲ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਸਸੜੀਏ ਤੇਰੇ ਪੰਜ ਪੁੱਤਰ
ਦੋ ਐਬੀ ਦੋ ਸ਼ਰਾਬੀ
ਜਿਹੜਾ ਮੇਰੇ ਹਾਣ ਦਾ
ਉਹ ਖਿੜਿਆ ਫੁੱਲ ਗੁਲਾਬੀ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ
ਗੋਰਿਆਂ ਨੂੰ ਦਫਾ ਕਰੋ
ਮੈਂ ਆਪ ਤਿੱਲੇ ਦੀ ਤਾਰ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਕਾਲਾ ਗੁੜ ਦੇਸੀ ਮੈਂ ਖਾਸਾਂ ਚਿੱਟੜੇ ਨਾਲ
ਹੁਲਾਰਾ ਤਾਂ ਲੈਣਾ ਜੇ ਕਾਲਾ ਚੜ੍ਹਸੀ ਨਾਲ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਸੱਸੜੀਏ ਤੇਰੇ ਪੰਜ ਪੁੱਤਰ
ਦੋ ਟੀਨ, ਦੋ ਕਨਸਤਰ
ਜਿਹੜਾ ਮੇਰੇ ਹਾਣ ਦਾ
ਉਹ ਚਲਾ ਗਿਆ ਏ ਦਫਤਰ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ
ਗੋਰਿਆਂ ਨੂੰ ਦਫਾ ਕਰੋ ਮੈਂ ਆਪ ਤਿਲੇ ਦੀ ਤਾਰ

ਕਾਲਾ ਗੁੜ ਦੇਸੀ ਮੈਂ ਖਾਸਾਂ ਚਿੱਟੜੇ ਨਾਲ
ਹੁਲਾਰਾ ਤਾਂ ਲੈਣਾ ਜੇ ਕਾਲਾ ਚੜ੍ਹਸੀ ਨਾਲ
ਕਾਲਾ ਸ਼ਾਹ ਕਾਲਾ, ਮੇਰਾ ਕਾਲਾ ਏ ਸਰਦਾਰ

ਕਾਜੀਆਂ ਮੁਹੱਲੇ ਨੀ ਮੈਂ ਵੇਚਣ ਗਈ ਸੋਏ
ਉਸ ਗਲੀ ਦੇ ਮੁੰਡੇ ਨੀ ਮੇਰੇ ਸਾਰੇ ਵਾਕਫ ਹੋਏ
ਸੂਹੇ ਚੀਰੇ ਵਾਲਾ ਵਿਖਾਈ ਦੇ ਗਿਆ
ਨੀ ਮਾਏ ਹੁਣ ਮੋਈ ਹੁਣੇ ਮੋਈ
ਮੈਨੂੰ ਹੁਣ ਕੀ ਹੋ ਗਿਆ

ਨੀ ਮਾਏ ਹੁਣ ਮੋਈ ਹੁਣੇ ਮੋਈ
ਮੈਨੂੰ ਹੁਣ ਕੀ ਹੋ ਗਿਆ
ਸੂਹੇ ਚੀਰੇ ਵਾਲਾ ਵਿਖਾਈ ਦੇ ਗਿਆ

ਕਾਜੀਆਂ ਮੁਹੱਲੇ ਨੀ ਮੈਂ ਵੇਚਣ ਗਈ ਬੇਰ
ਲੈਣ ਵਾਲੇ ਥੋੜ੍ਹੇ ਤੇ ਵੇਖਣ ਵਾਲੇ ਢੇਰ
ਛੈਲ ਛਬੀਲਾ ਗੱਭਰੂ ਕੁਝ ਕਹਿ ਗਿਆ
ਹੁਣ ਮੋਈ ਹੁਣੇ ਮੋਈ ਮੈਨੂੰ
ਹੁਣ ਕੀ ਹੋ ਗਿਆ
ਹਾਏ ਨੀ ਛੈਲ ਛਬੀਲਾ ਗੱਭਰੂ ਕੁਝ ਕਹਿ ਗਿਆ
ਹੁਣ ਮੋਈ ਹੁਣੇ ਮੋਈ ਨੀ
ਮੈਨੂੰ ਹੁਣ ਕੀ ਹੋ ਗਿਆ

ਕਾਜੀਆਂ ਮੁਹੱਲੇ ਨੀ ਮੈਂ ਵੇਚਣ ਗਈ ਸੋਏ
ਉਸ ਗਲੀ ਦੇ ਮੁੰਡੇ ਨੀ ਮੇਰੇ ਸਾਰੇ ਆਸ਼ਕ ਹੋਏ
ਤਵੀਤੀ ਵਾਲਾ ਮੁੰਡਾ ਮੇਰਾ ਦਿਲ ਲੈ ਗਿਆ
ਹੁਣ ਮੋਈ ਹੁਣੇ ਮੋਈ ਨੀ
ਮੈਨੂੰ ਹੁਣ ਕੀ ਹੋ ਗਿਆ
ਤਵੀਤੀ ਵਾਲਾ ਮੁੰਡਾ ਮੇਰਾ ਦਿਲ ਲੈ ਗਿਆ



ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ

ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ
ਕੀ ਭਾਅ ਲਾਏ ਭਾਈ ਕਰੇਲੇ
ਅੱਧਾ ਸੇਰ ਦੇ ਜਾ ਕਰੇਲੇ

ਹੋਰਾਂ ਦੇ ਮਾਹੀ ਕਾਰਾਂ ਤੇ ਚੜ੍ਹਦੇ
ਹੋਰਾਂ ਦੇ ਮਾਹੀ ਕਾਰਾਂ ਤੇ ਚੜ੍ਹਦੇ
ਮੇਰਾ ਮਾਹੀਆਂ ਠੇਲੇ
ਭਾਈ ਕਰੇਲੇ ਵਾਲਿਆ
ਦੇ ਜਾ ਕਰੇਲੇ ਦੇ ਜਾ ਕਰੇਲੇ

ਹੋਰਾਂ ਦੇ ਮਾਹੀਏ ਸਿਨਮਾ ਵੇਖਣ
ਮੇਰਾ ਮਾਹੀਆ ਮੇਲੇ

ਮੇਰਾ ਮਾਹੀਆ ਮੇਲੇ
ਭਾਈ ਕਰੇਲੇ ਵਾਲਿਆ
ਦੇ ਜਾ ਕਰੇਲੇ

ਹੋਰਾਂ ਦੇ ਮਾਹੀਏ ਐਮ ਏ ਕਰ ਗਏ
ਹੋਰਨਾ ਦੇ ਮਾਹੀਏ ਐਮ ਏ ਕਰ ਗਏ
ਮੇਰਾ ਮਾਹੀ ਦਸਵੀਂ ਫੇਲ੍ਹ ਏ
ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ

ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ
ਹੋਰਾਂ ਦੇ ਮਾਹੀ ਖਾਂਦੇ ਕਿਸ਼ਮਿਸ
ਹੋਰਨਾਂ ਦੇ ਮਾਹੀ ਖਾਂਦੇ ਕਿਸ਼ਮਿਸ
ਮੇਰਾ ਮਾਹੀਆ ਕੇਲੇ
ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ
ਕਿਸ ਭਾਅ ਲਾਏ ਕਰੇਲੇ
ਦੇ ਜਾ ਅੱਧਾ ਸੇਰ ਕਰੇਲੇ
ਭਾਈ ਕਰੇਲੇ ਵਾਲਿਆ ਦੇ ਜਾ ਕਰੇਲੇ



ਹਾਏ ਸਹੇਲੀਏ ਝੁੱਡੂ ਨੀ

ਹਾਏ ਸਹੇਲੀਏ ਝੁੱਡੂ ਨੀ
ਝੁੱਡੂ ਦੀਆਂ ਕੀ ਦੱਸਾਂ
ਨਾਲੇ ਰੋਵਾਂ ਤੇ ਨਾਲੇ ਹੱਸਾਂ
ਨਾਲੇ ਪੱਤ ਮਾਪਿਆਂ ਦੀ ਰੱਖਾ
ਸਹੀਲੀਓ ਝੁੱਡੂ ਨੀ

ਝੁੱਡੂ ਗਿਆ ਸੀ ਮੇਲੇ
ਉੱਥੋਂ ਲੈ ਆਇਆ ਸੜੇ ਕੇਲੇ
ਮੈਂ ਨਾ ਖਾਧੇ ਤੇ ਕਢਦਾ ਈ ਡੇਲੇ
ਸਹੇਲੀਓ ਝੁੱਡੂ ਨੀ
ਝੁੱਡੂ ਦੀਆਂ ਕੀ ਦੱਸਾਂ
ਨਾਲੇ ਰੋਵਾਂ ਤੇ ਨਾਲੇ ਹੱਸਾਂ
ਨਾਲੇ ਪੱਤ ਮਾਪਿਆਂ ਦੀ ਰੱਖਾਂ
ਸਹੇਲੀਓ ਝੁੱਡੂ ਨੀ

ਝੁੱਡੂ ਗਿਆ ਬਾਜ਼ਾਰ
ਅੱਗੇ ਮੋਟਰ ਤੇ ਪਿੱਛੇ ਕਾਰ
ਫਸ ਗਿਆ ਦੋਵਾਂ ਦੇ ਵਿਚਕਾਰ
ਸਹੇਲੀਓ ਝੁੱਡੂ ਨੀ
ਝੁੱਡੂ ਦੀਆਂ ਕੀ ਦੱਸਾਂ
ਨਾਲੇ ਰੋਵਾਂ ਤੇ ਨਾਲੇ ਹੱਸਾਂ
ਨਾਲੇ ਪੱਤ ਮਾਪਿਆਂ ਦੀ ਰੱਖਾਂ
ਸਹੇਲੀਓ ਝੁੱਡੂ ਨੀ

ਝੁੱਡੂ ਨੀ ਝੁੱਡੂ ਨੇ ਖਾ ਲਏ ਅੰਬ
ਉਹ ਤਾਂ ਹੋ ਗਿਆ ਡਾਢਾ ਤੰਗ
ਜੇ ਪੁੱਛਿਆ ਤਾਂ ਕੱਢੇ ਦੰਦ
ਸਹੇਲੀਓ ਝੁੱਡੂ ਨੀ
ਝੁੱਡੂ ਦੀਆਂ ਕੀ ਦੱਸਾਂ
ਨਾਲੇ ਰੋਵਾਂ ਤੇ ਨਾਲੇ ਹੱਸਾਂ
ਸਹੇਲੀਓ ਝੁੱਡੂ ਨੀ

ਇਸ ਝੁੱਡੂ ਦੇ ਪੁੱਠੇ ਚਾਲੇ
ਭੇਜਿਆ ਮੁਲਤਾਨ
ਤੇ ਤੁਰ ਗਿਆ ਬਰਨਾਲੇ
ਉਥੇ ਖੇਡੇ ਪੁੱਠੇ ਚਾਲੇ
ਸਹੇਲੀਓ ਝੁੱਡੂ ਨੀ
ਝੁੱਡੂ ਦੀਆਂ ਕੀ ਦੱਸਾਂ
ਨਾਲੇ ਰੋਵਾਂ ਤੇ ਨਾਲੇ ਹੱਸਾਂ
ਸਹੇਲੀਓ ਝੁੱਡੂ ਨੀ

ਉੱਚਾ ਨੀਂਵਾਂ ਚੌਂਤਰਾ ਮੈਂ ਪਾਵਾਂ ਭੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ
ਕਹਿੰਦਾ ਰੋਟੀ ਵੀ ਨਾ ਖਾਈਂ
ਸਾਡਾ ਆਟਾ ਮੁੱਕ ਜੂ
ਭੁੱਖੀ ਵੀ ਨਾ ਰਹੀਂ
ਤੇਰਾ ਲੱਕ ਸੁੱਕ ਜੂ

ਏਦੂੰ ਚੰਗਾ ਮੂੰਹ ਨੂੰ ਨੀ ਤੂੰ ਲਾ ਲੈ ਜਿੰਦਰਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਉੱਚਾ ਨੀਂਵਾਂ ਚੌਂਤਰਾ ਮੈਂ ਪਾਵਾਂ ਭੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਕੱਪੜੇ ਵੀ ਨਾ ਧੋਈਂ
ਸਾਡਾ ਸਾਬਣ ਮੁੱਕ ਜੂ
ਮੈਲੇ ਵੀ ਨਾ ਰੱਖੀ
ਕੋਈ ਚੂਹਾ ਟੁੱਕ ਜੂ
ਤੇਰਾ ਮੇਰਾ ਐਵੇ ਕੋਈ ਪੈ ਜੂ ਪੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਉੱਚਾ ਨੀਂਵਾਂ ਚੌਂਤਰਾ ਮੈਂ ਪਾਵਾਂ ਭੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਕਹਿੰਦਾ ਭਾਂਡੇ ਵੀ ਨਾ ਮਾਂਜੀਂ
ਭਾਂਡੇ ਘਸ ਜਾਣਗੇ
ਜੂਠੇ ਵੀ ਨਾ ਰੱਖੀਂ
ਕੁੱਤੇ ਚੱਟ ਜਾਣਗੇ
ਭੁੰਜੇ ਪਾ ਕੇ ਖਾ ਲਓ ਇਹੀ ਕੰਮ ਚੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਉੱਚਾ ਨੀਂਵਾਂ ਚੌਂਤਰਾ ਮੈਂ ਪਾਵਾਂ ਭੰਗੜਾ
ਮਾਪਿਆਂ ਨੇ ਸਹੇੜਿਆ ਨੀ ਕੰਜੂਸ ਬੰਨੜਾ

ਜੁੱਤੀ ਮੇਰੀ ਜਾਂਦੀ ਏ ਪਹਾੜੀਏ ਦੇ ਨਾਲ
ਪੌਲਾ ਮੇਰਾ ਜਾਂਦਾ ਇਸ ਡੋਗਰੇ ਦੇ ਨਾਲ

ਪਹਿਲੀ ਪਹਿਲੀ ਵਾਰ ਸਾਨੂੰ ਸੌਹਰਾ ਲੈਣ ਆ ਗਿਆ
ਸੌਹਰਾ ਨੀ ਸੌਹਰਾ ਬੁੱਢੜਾ ਮਨ ਦਾ ਖੁਰੜਾ
ਮੈਂ ਇਹਦੇ ਨਾਲ ਨਹੀਂ ਜਾਣਾ
ਨਹੀਂ ਜਾਣਾ ਮੇਰੀ ਮਾਏ

ਮੈਂ ਇਹਦੇ ਨਾਲ ਨਹੀਂ ਜਾਣਾ
ਜੁੱਤੀ ਮੇਰੀ ਜਾਂਦੀ ਏ ਪਹਾੜੀਏ ਦੇ ਨਾਲ
ਪੌਲਾ ਮੇਰਾ ਜਾਂਦਾ ਇਸ ਡੋਗਰੇ ਦੇ ਨਾਲ

ਦੂਜੀ ਦੂਜੀ ਵਾਰ ਸਾਨੂੰ ਜੇਠ ਲੈਣ ਆ ਗਿਆ
ਜੇਠ ਨੀ ਜੇਠ ਪੂਰਾ ਸੇਠ
ਮਾਰਾ ਮੁੱਕੀ ਤੇ ਭੰਨ ਦਿਆਂ ਪੇਟ
ਮੈਂ ਇਹਦੇ ਨਾਲ ਨਹੀਂ ਜਾਣਾ
ਨਹੀਂ ਜਾਣਾ ਮੇਰੀ ਮਾਏ
ਮੈਂ ਇਹਦੇ ਨਾਲ ਨਹੀਂ ਜਾਣਾ

ਤੀਜੀ ਤੀਜੀ ਵਾਰ ਮੈਨੂੰ ਦਿਉਰ ਲੈਣ ਆ ਗਿਆ
ਦਿਉਰ ਨੀ ਦਿਉਰ ਕੰਧ ਦਾ ਲਿਉੜ
ਧੱਕਾ ਦੇਵਾਂ ਤੇ ਚੱਕੇ ਜਾਣ ਪੌੜ
ਮੈਂ ਇਹਦੇ ਨਾਲ ਨਹੀਂ ਜਾਣਾ

ਚੌਥੀ ਚੌਥੀ ਵਾਰ ਸਾਨੂੰ ਆਪ ਲੈਣ ਆ ਗਿਆ
ਰਾਂਝਾ ਨੀ ਰਾਂਝਾ ਮੇਰੇ ਦਿਲ ਦਾ ਸਾਂਝਾ
ਮੇਰਾ ਦਿਲ ਜਾਨੀ ਮੇਰਾ ਢੋਲ ਸਿਪਾਹੀ
ਤੁਰ ਜਾਵਾਂ ਤੁਰ ਜਾਵਾਂ ਮੇਰੀ ਮਾਏ
ਮੈਂ ਇਹਦੇ ਨਾਲ ਤੁਰ ਜਾਵਾਂ

ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ
ਜੁਗ ਜੁਗ ਜੀਵਨ ਮਾਵਾਂ ਦੇ ਜਾਏ
ਭੈਣਾਂ ਦੀ ਅਸੀਸ ਵੀਰਾ ਸੁਖੀ ਵੱਸੀਂ ਵੇ
ਰਹੀ ਭਾਵੇ ਦੂਰ ਦਿਲੋਂ ਨੇੜੇ ਵੱਸੀਂ ਵੇ
ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ

ਅਸੀਂ ਵੀਰੇ ਤੋਂ ਦੁਪੱਟਾ ਮੰਗਵਾ ਲਿਆ
ਭਾਬੋ ਰਾਣੀ ਨੇ ਮੱਥੇ 'ਤੇ ਵੱਟ ਪਾ ਲਿਆ
ਸਾਡਾ ਇਹਨਾਂ ਭਾਬੀਆਂ ਤੇ ਕੋਈ ਜੋਰ ਨਾ
ਕੋਈ ਜੋਰ ਨਾ ਕੋਈ ਖੋਰ ਨਾ
ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ

ਅਸੀਂ ਵੀਰੇ ਤੋਂ ਚੂੜੀਆਂ ਮੰਗਵਾ ਲਈਆਂ
ਭਾਬੋ ਰਾਣੀ ਨੇ ਮੱਥੇ ਤਿਉੜੀਆਂ ਪਾ ਲਈਆਂ
ਸਾਡਾ ਇਨ੍ਹਾਂ ਭਾਬੀਆਂ ਤੇ ਕੋਈ ਜੋਰ ਨਾ
ਕੋਈ ਜੋਰ ਨਾ ਤੇ ਕੋਈ ਖੋਰ ਨਾ
ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ

ਅੱਖੋ ਭੈਣਾਂ ਦੇ ਵੀਰਾ ਹੰਝੂ ਪੂੰਝ ਵੇ
ਅੱਜ ਡਾਰੋ ਵਿਛੜ ਚੱਲੀ ਕੂੰਜ ਵੇ
ਦੂਰ ਬੈਠੇ ਵੀਰ ਜਦ ਯਾਦ ਆਉਣਗੇ
ਦਿਲ ਪਰਦੇਸੀਆਂ ਦੇ ਤੜਪਾਉਣਗੇ
ਸਾਡੇ ਸਰੂਆਂ ਦੇ ਠੰਡੇ ਠੰਡੇ ਸਾਏ

ਅੰਮੜੀ ਦੇ ਵਿਹੜਿਆ ਵੇ
ਜ਼ਿੰਦਗੀ ਦੇ ਖੇੜਿਆ ਵੇ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ
ਅੰਮੜੀ ਦੇ ਵਿਹੜਿਆ ਵੇ
ਜ਼ਿੰਦਗੀ ਦੇ ਖੇੜਿਆ ਵੇ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ
ਗੁੱਡੀਆਂ ਪਟੋਲੇ
ਮੈਥੋ ਹੋ ਗਏ ਨੇ ਉਹਲੇ
ਮੇਰੀ ਅੱਖੀਆਂ ਚੋਂ ਡੁੱਲਦੇ ਨੇ ਚਾਅ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਅੱਖੀਆਂ ਤੇ ਹੱਥ ਰੱਖ ਸਖੀਆਂ ਖਲੋਤੀਆਂ
ਹੰਝੂਆਂ ਦੇ ਨਾਲ ਜਿਨ੍ਹਾਂ ਚੁੰਨੀਆਂ ਨੇ ਧੋਤੀਆਂ
ਖਾਲੀ ਹੋਇਆ ਵਿਹੜਾ
ਖੇਡੂ ਸਾਡੇ ਨਾਲ ਕਿਹੜਾ
ਇਕ ਦੂਜੀ ਤਾਈ ਕਹਿੰਦੀ ਏ ਸੁਣਾ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਹੱਥਾਂ ਦੀ ਇਹ ਮਹਿੰਦੀ
ਮੈਨੂੰ ਦਿੰਦੀ ਏ ਚਿਤਾਵਨੀ

ਉਮਰ ਕੁਆਰੀ ਬੀਬਾ
ਕਦੇ ਵੀ ਨਾ ਆਵਨੀ
ਜਵਾਨੀ ਦਾ ਕਸੂਰ
ਹੋ ਗਏ ਮਾਪੇ ਮਜਬੂਰ
ਤਾਂਹੀਓਂ ਡੋਲੀ ਵਿਚ ਦਿੱਤਾ ਅੱਜ ਪਾ
ਤੈਨੂੰ ਕਿਵੇ ਦੇਵਾਂ ਮੈਂ ਭੁਲਾ

ਖੇਡ ਖੇਡ ਖੇਡਾਂ ਜਿੰਥੇ
ਕਦੇ ਨਾ ਸੀ ਥਕਦੀ
ਅੱਜ ਉਨ੍ਹਾਂ ਥਾਵਾਂ ਨੂੰ ਮੈਂ
ਵੇਖ ਵੀ ਨਾ ਸਕਦੀ
ਨਦੀ ਅੱਜ ਜਿਹੜੀ
ਮੇਰੇ ਨੈਣਾਂ ਵਿਚ ਉੱਛਲੀ
ਮੈਂ ਘੁੰਡ ਵਿਚ ਲਈ ਏ ਲੁਕਾ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਭੁਲੇਖੇ ਵਿਚ ਨਿੱਕੇ ਵੀਰ
ਭੈਣ ਭੈਣ ਕਹਿਣਗੇ
ਖਾਲੀ ਵਿਹੜਾ ਵੇਖਕੇ
ਕਲੇਜੇ ਹੌਲ ਪੈਣਗੇ
ਬਾਬਲੇ ਦੇ ਹਾਰ ਵਿੱਚੋਂ
ਅੰਬੋ ਦੇ ਸ਼ਿੰਗਾਰ ਵਿੱਚੋਂ
ਮੋਤੀ ਅੱਜ ਦਿੱਤਾ ਏ ਲੁਟਾ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਖੁਸ਼ ਰਹਿ ਤੂੰ ਵਸਦਾ ਰਹੁ
ਅੰਮੜੀ ਦੇ ਵੇਹੜਿਆ
ਮੇਰੇ ਪਿਆਰੇ ਬਾਬਲੇ ਨੇ
ਵਰ ਹੈ ਸਹੇੜਿਆ
ਇਹੋ ਮੇਰੀ ਆਤਮਾ
ਤੇ ਕੂਪ ਪਰਮਾਤਮਾ
ਇਹੋ ਮੇਰੀ ਸੱਧਰਾਂ
ਤੇ ਇਹੋ ਮੇਰਾ ਚਾਅ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਅੰਮੜੀ ਦੇ ਵਿਹੜਿਆ ਵੇ
ਜ਼ਿੰਦਗੀ ਦੇ ਖੇੜਿਆ ਵੇ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ
ਗੱਡੀਆਂ ਪਟੋਲੇ
ਮੈਥੋ ਹੋ ਗਏ ਨੇ ਉਹਲੇ
ਮੇਰੀ ਅੱਖੀਆਂ ਚੋਂ ਡੁੱਲ੍ਹਦੇ ਨੇ ਚਾਅ
ਅੰਮੜੀ ਦੇ ਵਿਹੜਿਆ ਵੇ
ਜ਼ਿੰਦਗੀ ਦੇ ਖੇੜਿਆ ਵੇ
ਤੈਨੂੰ ਕਿਵੇਂ ਦੇਵਾਂ ਮੈਂ ਭੁਲਾ

ਵਿਸਾਖ ਦੇ ਮਹੀਨੇ ਜੀ ਵਿਸਾਖੀ ਆਈ
ਪਰਦੇਸੀ ਮੇਰਾ ਮਾਹੀ ਜੀ ਉਦਾਸੀ ਛਾਈ
ਜੇਠ ਘੋੜਾ ਹੇਠ ਵੇ ਬੀਬਾ ਧੁੱਪਾਂ ਪੈਣ ਵੇ ਬਲਾਈ
ਵੇ ਦਮਾ ਦਿਆ ਲੋਭੀਆ ਪਰਦੇਸ ਨਾ ਜਾਈ

ਹਾੜ ਦੇ ਮਹੀਨੇ ਜੀ ਬੱਦਲ ਘਿਰ ਆਏ ਕਾਲੇ
ਜੀ ਲਾਲ ਛੱਡਕੇ ਨਾ ਜਾਈ ਲੈ ਚੱਲੀਂ ਨਾਲੇ

ਸੌਣ ਦੇ ਮਹੀਨੇ ਮੀਂਹ ਝਿਲਮਿਲ ਕਣੀਆਂ
ਬੋਹੜਾਂ ਉਤੇ ਪੀਂਘਾਂ ਪਿਆਰ ਦੀਆਂ ਤਣੀਆਂ

ਭਾਦੋਂ ਦੇ ਮਹੀਨੇ ਜੀ ਪਪੀਹਾ ਪਿਆ ਬੋਲਦਾ
ਮਾਹੀ ਘਰ ਹੈ ਨਹੀਂ ਜੀ ਮੇਰਾ ਜਿਉੜਾ ਡੋਲਦਾ

ਅੱਸੂ ਦੇ ਮਹੀਨੇ ਜੀ ਸ਼ਰਾਧ ਮਸਾ ਆਏ
ਨਿਖਰੀਆਂ ਰਾਤਾਂ ਲੋਹੜੇ ਤਾਰਿਆਂ ਨੇ ਪਾਏ

ਕੱਤਕ ਦੇ ਮਹੀਨੇ ਜੀ ਦੀਵਾਲੀ ਮੁੜ ਆਈ
ਜਿਨ੍ਹਾਂ ਘਰ ਮਾਹੀ ਜੀ ਉਨ੍ਹਾਂ ਕੀਤੀ ਘਿਓ ਦੀ ਕੜਾਹੀ

ਮੱਘਰ ਦੇ ਮਹੀਨੇ ਜੀ ਮੈਂ ਧਾਰ ਪਈ ਕੱਢਦੀ
ਕਾਲੀ ਸ਼ਾਹ ਰਾਤ ਮੈਨੂੰ ਖਾਂਦੀ ਪਈ ਵੱਢਦੀ

ਪੋਹ ਦੇ ਮਹੀਨੇ ਜੀ ਠੰਡ ਦੇ ਆਏ ਲੋਹੜੇ
ਤੇਰੀ ਮਿੱਠੀ ਯਾਦ ਸਹਾਰੇ ਕੱਤੇ ਰਾਤਾਂ ਨੂੰ ਗੋਹੜੇ

ਮਾਘ ਦੇ ਮਹੀਨੇ ਜੀ ਮੈਂ ਅਸ਼ਨਾਨ ਕਰਦੀ
ਮੋਤੀਆਂ ਦੇ ਥਾਲ ਹੱਥੋਂ ਪੁੰਨ ਦਾਨ ਕਰਦੀ

ਫੱਗਣ ਦੇ ਮਹੀਨੇ ਸਰ੍ਹੋਂ ਖੇਤੀਂ ਫੁੱਲੀ ਏ
ਹੋਲੀ ਦੀ ਬਹਾਰ ਧਰਤੀ ਤੇ ਡੁੱਲੀ ਏ

ਚੇਤ ਦੇ ਮਹੀਨੇ ਜੀ ਸਾਨੂੰ ਆਏ ਨਰਾਤੇ
ਸਾਡਾ ਜੀ ਨਾ ਲੱਗਦਾ ਜੀ ਸਾਨੂੰ ਆ ਮਿਲ ਆਪੇ

ਇਕ ਮਾਹੇ ਦੋ ਮਾਹੇ ਤਿੰਨ ਮਾਹੇ ਚੱਲਦੇ ਆਏ
ਵੇ ਲਾਲ ਜੰਮੂ ਦਰਿਆ ਤੁਸਾਂ ਪੱਤਣ ਡੇਰੇ ਲਾਏ

ਚੇਤਰ ਦੇ ਮਹੀਨੇ ਵੇ ਲਾਲ ਚਿੱਤ ਲੱਗਦਾ ਨਾ ਮੇਰਾ
ਪੱਤਣ ਤੋਂ ਪਾਰ ਰੱਬਾ ਡਾਢਿਆ ਮਾਹੀ ਦਾ ਡੇਰਾ

ਵਿਸਾਖ ਪੱਕੀ ਦਾਖ ਲਾਲ ਅੱਲੀ ਤੋੜ ਵੀ ਨਾ ਸਕਾਂ
ਵੇ ਲਾਲ ਪੀਆ ਪਰਦੇਸ ਦਾਖਾਂ ਕਿਸ ਬਿਧ ਚੱਖਾਂ

ਜੇਠ ਘੋੜਾ ਹੇਠ ਵੇ ਰੱਬਾ ਧੁੱਪਾਂ ਪੈਣ ਵੇ ਬਲਾਈ
ਵੇ ਲਾਲ ਕੱਤਾਂਗੀ ਨਿਕੜਾ ਘਰ ਬੈਠਕੇ ਖਾਈਂ

ਹਾੜ੍ਹ ਦੇ ਮਹੀਨੇ ਵੇ ਲਾਲ ਮੈਂ ਕੱਪੜੇ ਸੀਵਾਂ
ਤੇਰੇ ਬਾਝੋ ਚੰਨਾ ਇਕ ਘੜੀ ਵੀ ਨਾ ਜੀਵਾਂ

ਸੌਣ ਦੇ ਮਹੀਨੇ ਵੇ ਲਾਲ ਵੇ ਰਿਝਮਿਝ ਕਣੀਆਂ
ਵੇ ਲਾਲ ਜੋਬਨ ਦੀਆਂ ਲਹਿਰਾਂ ਸਾਨੂੰ ਮੁਸ਼ਕਾਨ ਕਣੀਆਂ

ਭਾਂਦੋ ਦੇ ਮਹੀਨੇ ਵੇ ਲਾਲ ਇਹ ਬੰਬੀਹਾ ਬੋਲੇ
ਵੇ ਮੈਂ ਅੱਲੜ੍ਹ ਵਰੇਸ ਮੇਰਾ ਜਿਉੜਾ ਡੋਲੇ

ਅੱਸੂ ਦੇ ਮਹੀਨੇ ਵੇ ਲਾਲ ਦੋ ਰੱਖਾਂ ਮੈਂ ਨਰਾਤੇ
ਵੇ ਲਾਲ ਸ੍ਰੀ ਭਗਵਾਨ ਘਰ ਆਏ ਆਪੇ

ਕੱਤਕ ਦੇ ਮਹੀਨੇ ਵੇ ਲਾਲ ਦੀਵਾਲੀ ਦੀਵੇ ਲਿਆਈ
ਵੇ ਲਾਲ ਜਿੰਨ੍ਹਾਂ ਘਰ ਮਾਹੀ ਬੱਤੀ ਪਿਆਰ ਵਾਲੀ ਪਾਈ

ਮੱਘਰ ਦੇ ਮਹੀਨੇ ਵੇ ਲਾਲ ਅਸਾਂ ਡੋਰੀਏ ਰੰਗਾਏ
ਵੇ ਲਾਲ ਜਿੰਨ੍ਹਾਂ ਘਰ ਮਾਹੀ ਉਹਨਾਂ ਰੱਜ ਕੇ ਹੰਢਾਏ

ਪੋਹ ਦੇ ਮਹੀਨੇ ਵੇ ਲਾਲ ਲੋਹੜੀ ਸ਼ਗਨਾਂ ਦੀ ਆਈ
ਵੇ ਲਾਲ ਜਿੰਨ੍ਹਾਂ ਘਰ ਮਾਹੀ ਉਹਨਾਂ ਮਿਲੀ ਵਧਾਈ

ਮਾਘ ਦੇ ਮਹੀਨੇ ਵੇ ਲਾਲ ਇਹ ਸੀਤ ਸੀਤ ਵਾਵਾਂ
ਹੋਵਾਂ ਪੰਛੀ ਵੇ ਮਾਹੀ ਤੇਰੇ ਕੋਲ ਆਪੇ ਉੱਡ ਆਵਾਂ

ਫੱਗਣ ਦੇ ਮਹੀਨੇ ਵੇ ਲਾਲ ਹੋਲੀ ਰੰਗ ਲਿਆਈ
ਜਿੰਨ੍ਹਾਂ ਘਰ ਲਾਲ ਆਏ ਉਹਨਾਂ ਰੱਜਕੇ ਮਨਾਈ

ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
ਚੱਲ ਨਿਆਂ ਕਰਾ ਲੈ ਵੇ ਰਾਂਝਣਾ ਤੂੰ ਕਾਲਾ ਮੈਂ ਗੋਰੀ
ਤਾਰੇ ਐਸੇ ਚਮਕਣ ਵੇ ਰਾਂਝਣਾ ਜਿਉਂ ਹੰਸਾ ਦੀ ਜੋੜੀ
ਜਦ ਤਾਰੇ ਚਮਕਣ ਵੇ ਰਾਂਝਾ ਨੂਰ ਮਹਿਲ ਦੀ ਮੋਰੀ

ਮੈਨੂੰ ਸੂਟ ਸਵ੍ਹਾ ਦੇ ਵੇ ਰਾਂਝਣਾ ਮਾਂ ਆਪਣੀ ਤੋਂ ਚੋਰੀ
ਤੈਨੂੰ ਪਾਉਣਾ ਨਹੀਂ ਆਉਣਾ ਪਾ ਜਾਉਗਾ ਕੋਈ ਹੋਰੀ
ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
ਚਲ ਨਿਆਂ ਕਰਾ ਲੈ ਵੇ ਰਾਂਝਣਾ ਤੂੰ ਕਾਲਾ ਮੈਂ ਗੋਰੀ

ਮੈਨੂੰ ਬੂਟ ਲਿਆ ਦੇ ਵੇ ਰਾਂਝਣਾ ਮਾਂ ਆਪਣੀ ਤੋਂ ਚੋਰੀ
ਤੈਨੂੰ ਪਾਉਣੇ ਨਹੀਂ ਆਉਣੇ ਨੀ ਪਾ ਜੁਗਾ ਕੋਈ ਹੋਰੀ
ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
ਚਲ ਨਿਆਂ ਕਰਾ ਲੈ ਵੇ ਰਾਂਝਣਾ ਤੂੰ ਕਾਲਾ ਮੈਂ ਗੋਰੀ

ਮੈਨੂੰ ਕਾਂਟੇ ਕਰਾਦੇ ਵੇ ਰਾਂਝਣਾ ਮਾਂ ਆਪਣੀ ਤੋਂ ਚੋਰੀ
ਤੈਨੂੰ ਪਾਉਣੇ ਨਹੀਂ ਆਉਣੇ ਨੀ ਪਾ ਜੁਗਾ ਕੋਈ ਹੋਰੀ
ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
ਚਲ ਨਿਆਂ ਕਰਾ ਲੈ ਵੇ ਰਾਂਝਣਾ ਤੂੰ ਕਾਲਾ ਮੈਂ ਗੋਰੀ

ਤਾਰੇ ਐਸੇ ਚਮਕਣ ਵੇ ਰਾਂਝਣਾ ਜਿਉਂ ਹੰਸਾਂ ਦੀ ਜੋੜੀ
ਜਦ ਤਾਰੇ ਚਮਕਣ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ

ਸੜਕੇ ਸੜਕੇ ਜਾਦੀਏਂ ਮੁਟਿਆਰੇ ਨੀ
ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ ਹੋ
ਨੀ ਅੜੀਏ ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ ਹੋ

ਕੌਣ ਕੱਢੇ ਤੇਰਾ ਕਾਂਡੜਾ ਮੁਟਿਆਰੇ ਨੀ
ਕੌਣ ਸਹੇ ਤੇਰੀ ਪੀੜ ਬਾਂਕੀਏ ਨਾਰੇ ਨੀ ਹੋ
ਕਿ ਅੜੀਏ ਕੌਣ ਸਹੇ ਤੇਰੀ ਪੀੜ ਕਿ ਬਾਂਕੀਏ ਨਾਰੇ ਨੀ ਹੋ

ਭਾਬੋ ਕੱਢੇ ਮੇਰਾ ਕਾਂਡੜਾ ਸਿਪਾਹੀਆ ਵੇ
ਵੀਰ ਸਹੇ ਕੰਡੇ ਪੀੜ ਜਾਂਦਿਆਂ ਰਾਹੀਆ ਵੇ ਹੋ
ਕਿ ਵੀਰ ਸਹੇ ਕੰਡੇ ਪੀੜ ਤੇ ਜਾਂਦਿਆ ਰਾਹੀਆ ਵੇ ਹੋ

ਕੰਡਾ ਤਾਂ ਤੇਰਾ ਮੈਂ ਕੱਢਾ ਮੁਟਿਆਰੇ ਨੀ
ਮੈਂ ਸਹਿ ਲੂੰਗਾ ਪੀੜ ਬਾਂਕੀਏ ਨਾਰੇ ਨੀ ਹੋ
ਨੀ ਅੜੀਏ ਮੈਂ ਸਹਿ ਲੂੰਗਾ ਪੀੜ ਬਾਂਕੀਏ ਨਾਰੇ ਨੀ ਹੋ

ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ
ਬਾਪ ਮੇਰਾ ਸਰਦਾਰ ਵੀਰਾ ਠਾਣੇਦਾਰ ਵੇ ਹੋ
ਮੈਂ ਰੱਖਾਂ ਉਨ੍ਹਾਂ ਦੀ ਲੱਜ ਕਿ ਜਾਂਦਿਆ ਰਾਹੀਆ ਵੇ ਹੋ
ਵੇ ਅੜਿਆ ਮੈਂ ਰੱਖਾਂ ਉਹਨਾਂ ਦੀ ਲੱਜ ਕਿ ਜਾਂਦਿਆ ਰਾਹੀਆ ਵੇ ਹੋ

ਨਿੱਕੀ ਹੁੰਦੀ ਨੂੰ ਛੱਡ ਗਿਆ ਮੁਟਿਆਰੇ ਨੀ
ਹੁਣ ਹੋਈ ਮੁਟਿਆਰ ਕਿ ਬਾਂਕੀਏ ਨਾਰੇ ਨੀ ਹੋ

ਕਿ ਅੜੀਏ ਹੁਣ ਹੋਈ ਮੁਟਿਆਰ ਕਿ ਬਾਂਕੀਏ ਨਾਰੇ ਨੀ ਹੋ

ਸੌ ਗੁਨਾਹ ਮੇਰੇ ਰੱਬ ਬਖਸ਼ੇ ਢੋਲ ਸਿਪਾਹੀਆ ਵੇ
ਇਕ ਬਖਸ਼ੇਗਾ ਤੂੰ ਕਿ ਮੇਰਿਆ ਮਾਹੀਆ ਵੇ ਹੋ
ਵੇ ਅੜਿਆ ਇਕ ਬਖਸ਼ੇਗਾ ਤੂੰ ਕਿ ਮੇਰਿਆ ਮਾਹੀਆ ਵੇ

ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ
ਕੰਡਾ ਚੁਭਾ ਤੇਰੇ ਪੈਰ ਕਿ ਬਾਂਕੀਏ ਨਾਰੇ ਨੀ ਹੋ
ਨੀ ਅੜਿਆ ਕੰਡਾ ਚੁਭਾ ਤੇਰੇ ਪੈਰ ਕਿ ਬਾਂਕੀਏ ਨਾਰੇ ਨੀ ਹੋ

ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ
ਮੈਡੇ ਗਲੇ ਦਿਆ ਤਵੀਤਾ
ਢੋਲਾ ਮੰਦਾ ਤੇ ਕੁਝ ਨਹੀਂ ਕੀਤਾ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ

ਸਾਡੇ ਕਾਗ ਬਨੇਰੇ ਉੱਤੇ ਬੋਲਿਆ
ਢੋਲਾ ਮੰਦਾ ਤੇ ਕੁਝ ਵੀ ਨਾ ਬੋਲਿਆ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ

ਵੇ ਤੁਸਾਂ ਕੰਧਾਂ ਤੋਂ ਮਾਰੀ ਆ ਅੱਖ ਵੇ
ਮੇਰਾ ਆਟੇ ਦੇ ਵਿਚ ਹੱਥ ਵੇ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ

ਮੈਂ ਇੱਥੇ ਤੇ ਢੋਲਾ ਪਰਬਤ ਵੇ
ਸਾਡੀ ਖੂਹੀ ਦਾ ਪਾਣੀ ਸ਼ਰਬਤ ਵੇ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ

ਵੇ ਮੈਂ ਕੰਧਾਂ ਤੋਂ ਸੁੱਟੀਆਂ ਰੱਸੀਆਂ

ਨਾ ਤੂੰ ਪੁੱਛੀਆਂ ਤੇ ਨਾ ਮੈਂ ਦੱਸੀਆਂ
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ
ਆ ਬਹੁ ਸਾਹਮਣੇ ਕੋਲੋਂ ਦੀ ਰੁੱਸ ਕੇ ਨਾ ਲੰਘ ਮਾਹੀਆ



ਫਿਰਨੀ ਆ ਬੰਨੇ ਨੀ ਬਨੇਰੇ ਚਾਰ ਚੁਫੇਰੇ
ਕੁੰਡਾ ਨੀ ਮੇਰਾ ਕਿਸ ਖੜਕਾਇਆ ਹਈ ਸ਼ਾਵਾ
ਕੁੰਡਾ ਨੀ ਮੇਰਾ ਕਿਸ ਖੜਕਾਇਆ ਹਈ ਸ਼ਾਵਾ

ਇਕ ਚੰਨਾ ਮਾਪਿਆਂ ਵਿਛੋੜਾ ਮਾਪਿਆਂ ਵਿਛੋੜਾ
ਦੂਜਾ ਵੇ ਮਾਹੀ ਤੂੰ ਚਿਰ ਲਾਇਆ ਹਈ ਸ਼ਾਵਾ
ਦੂਜਾ ਤੇ ਜਾਨੀ ਤੂੰ ਚਿਰ ਲਾਇਆ ਹਈ ਸ਼ਾਵਾ

ਇਕ ਤਾਂ ਚੰਨਾ ਵੇ ਰਾਤ ਹਨੇਰੀ ਹਾਏ ਉਏ ਰਾਤ ਹਨੇਰੀ
ਦੂਜਾ ਨੀ ਚੰਨ ਬੱਦਲਾਂ ਚ ਆਇਆ ਹਈ ਸ਼ਾਵਾ
ਦੂਜਾ ਨੀ ਚੰਨ ਬੱਦਲਾਂ ਚ ਆਇਆ ਹਈ ਸ਼ਾਵਾ

ਪੁੱਛ ਨੀ ਆਂ ਢੋਲੇ ਜੀ ਦੀ ਮਾਂ ਕੋਲੋਂ ਹਾਏ ਉਏ ਮਾਂ ਕੋਲੋਂ
ਪੁੱਤ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ
ਪੁੱਤ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ

ਇਕ ਮੇਰਾ ਪੁੱਤ ਪਰਦੇਸੀ ਹਾਏ ਉਏ ਪੁੱਤ ਪਰਦੇਸੀ
ਦੂਜਾ ਨੀ ਮੈਨੂੰ ਨੂੰਹ ਨੇ ਸਤਾਇਆ ਹਈ ਸ਼ਾਵਾ
ਦੂਜਾ ਨੀ ਏਸ ਨੂੰਹ ਨੇ ਸਤਾਇਆ ਹਈ ਸ਼ਾਵਾ

ਪੁੱਛ ਨੀ ਆਂ ਢੋਲੇ ਜੀ ਦੀ ਭੈਣ ਕੋਲੋਂ ਹਾਏ ਉਏ ਭੈਣ ਕੋਲੋਂ
ਵੀਰਾ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ
ਵੀਰਾ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ

ਇਕ ਮੇਰਾ ਵੀਰ ਪਰਦੇਸੀ ਹਾਏ ਉਏ ਵੀਰ ਪਰਦੇਸੀ
ਦੂਜਾ ਨੀ ਮੈਨੂੰ ਭਾਬੋ ਨੇ ਸਤਾਇਆ ਹਈ ਸ਼ਾਵਾ
ਦੂਜਾ ਨੀ ਮੈਨੂੰ ਭਾਬੋ ਨੇ ਸਤਾਇਆ ਹਈ ਸ਼ਾਵਾ

ਪੁੱਛ ਨੀ ਆਂ ਢੋਲੇ ਦੀ ਭਾਬੀ ਕੋਲੋਂ ਹਾਏ ਉਏ ਭਾਬੀ ਕੋਲੋਂ

ਦਿਉਰ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ
ਦਿਉਰ ਤੇਰਾ ਅਜੇ ਵੀ ਨਾ ਆਇਆ ਹਈ ਸ਼ਾਵਾ

ਇਕ ਮੇਰਾ ਦਿਉਰ ਪਰਦੇਸੀ ਹਾਏ ਉਏ ਦਿਉਰ ਪਰਦੇਸੀ
ਦੂਜਾ ਨੀ ਮੈਨੂੰ ਦਰਾਣੀ ਨੇ ਸਤਾਇਆ ਹਈ ਸ਼ਾਵਾ
ਦੂਜਾ ਨੀ ਮੈਨੂੰ ਦਰਾਣੀ ਨੇ ਸਤਾਇਆ ਹਈ ਸ਼ਾਵਾ

ਫਿਰਨੀ ਆਂ ਬੰਨੇ ਨੀ ਬਨੇਰੇ ਚਾਰ ਚੁਫੇਰੇ
ਕੁੰਡਾ ਨੀ ਮੇਰਾ ਕਿਸ ਖੜਕਾਇਆ ਹਈ ਸ਼ਾਵਾ
ਕੁੰਡਾ ਨੀ ਮੇਰਾ ਕਿਸ ਖੜਕਾਇਆ ਹਈ ਸ਼ਾਵਾ

ਇਕ ਤਾਂ ਚੰਨਾ ਵੇ ਰਾਤ ਹਨੇਰੀ ਹਾਏ ਉਏ ਰਾਤ ਹਨੇਰੀ
ਦੂਜਾ ਨੀ ਚੰਨ ਬੱਦਲਾਂ ਚ ਆਇਆ ਹਈ ਸ਼ਾਵਾ
ਦੂਜਾ ਨੀ ਚੰਨ ਬੱਦਲਾਂ ਚ ਆਇਆ ਹਈ ਸ਼ਾਵਾ

ਇਕ ਚੰਨਾ ਵੇ ਮਾਪਿਆਂ ਵਿਛੋੜਾ ਹਾਏ ਉਏ ਮਾਪਿਆਂ ਵਿਛੋੜਾ
ਦੂਜਾ ਵੇ ਮਾਹੀ ਤੂੰ ਚਿਰ ਲਾਇਆ ਹਈ ਸ਼ਾਵਾ
ਦੂਜਾ ਵੇ ਜਾਨੀ ਤੂੰ ਚਿਰ ਲਾਇਆ ਹਈ ਸ਼ਾਵਾ

ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ
ਮੈਂ ਤਾਂ ਹੋ ਗਈ ਆਂ ਹਾਲੋਂ ਬੇਹਾਲ ਨੀ ਮਾਏ
ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ

ਚੀਰੇ ਵਾਲਾ ਤੇ ਆਇਆ ਮੈਨੂੰ ਲੈਣ ਨੀ ਮਾਏ
ਸੋਹਣੇ ਲੱਗਦੇ ਨੇ ਮੈਨੂੰ ਉਹਦੇ ਨੈਣ ਨੀ ਮਾਏ
ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ
ਮੈਂ ਤਾਂ ਹੋ ਗਈ ਆਂ ਹਾਲੋਂ ਬੇਹਾਲ ਨੀ ਮਾਏ

ਨੀਲੀ ਘੋੜੀ ਤੇ ਕਾਠੀ ਤਿਲੇਦਾਰ ਨੀ ਮਾਏ
ਘੋੜੀ ਚੜ੍ਹਦਾ ਤੇ ਲੱਗਦੈ ਠਾਣੇਦਾਰ ਨੀ ਮਾਏ
ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ
ਮੈਂ ਤਾਂ ਹੋ ਗਈ ਆਂ ਹਾਲੋਂ ਬੇਹਾਲ ਨੀ ਮਾਏ

ਜਦ ਮੈਂ ਵਿਆਹੀ ਤਾਂ ਹੱਥੀ ਚੂੜੀਆਂ ਮਾਏ
ਦਿਨੇ ਲੜਦਾ ਤੇ ਰਾਤੀਂ ਗੱਲਾਂ ਗੂੜ੍ਹੀਆਂ ਮਾਏ
ਕੰਘੀ ਵਾਹਵਾਂ ਤੇ ਦੁਖਣ ਮੇਰੇ ਵਾਲ ਨੀ ਮਾਏ
ਮੈਂ ਤਾਂ ਹੋ ਗਈ ਆਂ ਹਾਲੋਂ ਬੇਹਾਲ ਨੀ ਮਾਏ

ਸੁਰਮਾ ਵਿਕਣਾ ਆਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਸੁਰਮਾ ਵਿਕਣਾ ਆਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਹੋਰਾ ਤੇ ਲੀਤਾ ਸ਼ੀਸ਼ੀ ਬੋਤਲ
ਹੋਰਾ ਤੇ ਲੀਤਾ ਸ਼ੀਸ਼ੀ ਬੋਤਲ
ਸੱਸ ਨੇ ਮੱਟ ਭਰਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਮੇਰੀ ਸੱਸ ਨੇ ਮੱਟ ਭਰਾਇਆ ਨੀ ਇਕ ਲੱਪ ਸੁਰਮੇ ਦੀ

ਹੋਰਨਾਂ ਨੇ ਲੀਤਾ ਪੈਸਾ ਧੇਲੀ ਹੋਰਨਾਂ ਨੇ ਲੀਤਾ ਪੈਸਾ ਧੇਲੀ
ਸੱਸ ਨੇ ਟਕਾ ਭਨਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਮੇਰੀ ਸੱਸ ਨੇ ਟਕਾ ਭਨਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਹੋਰਾਂ ਨੇ ਪੀਸਿਆ ਸਿੱਲ ਜਾ ਚੱਪਣੀ
ਹੋਰਾਂ ਨੇ ਪੀਸਿਆ ਸਿੱਲ ਜਾ ਚੱਪਣੀ
ਸੱਸ ਨੇ ਚੱਕੀ ਪਿਸਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਮੇਰੀ ਸੱਸ ਨੇ ਚੱਕੀ ਪਿਸਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਹੋਰਨਾਂ ਪਾਇਆ ਸ਼ੀਸ਼ੀ ਬੋਤਲ
ਹੋਰਨਾਂ ਪਾਇਆ ਸ਼ੀਸ਼ੀ ਬੋਤਲ
ਸੱਸ ਨੇ ਮੱਟ ਭਰਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਮੇਰੀ ਸੱਸ ਨੇ ਮੱਟ ਭਰਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਹੋਰਨਾਂ ਪਾਇਆ ਸੁਰਮ ਸਲਾਈ
ਹੋਰਨਾਂ ਪਾਇਆ ਸੁਰਮ ਸਲਾਈ
ਸੱਸ ਨੇ ਲੱਪ ਲੱਪ ਪਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਮੇਰੀ ਸੱਪ ਨੇ ਲੱਪ ਲੱਪ ਪਾਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ
ਸੁਰਮਾ ਵਿਕਣਾ ਆਇਆ ਨੀ ਇਕ ਲੱਪ ਸੁਰਮੇ ਦੀ
ਸ਼ਾਵਾ ਨੀ ਇਕ ਲੱਪ ਸੁਰਮੇ ਦੀ

ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਤਾੜੀ ਮਾਰ ਉਡਾਵਾ ਮੇਰੀ ਮਹਿੰਦੀ ਲਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਸੀਟੀ ਮਾਰ ਉਡਾਵਾਂ ਮੇਰੀ ਸੁਰਖੀ ਲਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਅੱਡੀ ਮਾਰ ਉਡਾਵਾਂ ਮੇਰੀ ਝਾਂਜਰ ਲਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਹੋਕਰ ਮਾਰ ਉਡਾਵਾਂ ਮੇਰੀ ਵਾਜ ਨਾ ਸਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਪਿੱਛੇ ਦੌੜ ਉਡਾਵਾਂ ਮੈਨੂੰ ਗਰਮੀ ਪੈਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਜੇ ਮੈਂ ਬਾਹਾਂ ਉਲਾਰ ਉਡਾਵਾਂ ਸਿਰ ਤੋਂ ਚੁੰਨੀ ਲਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ

ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ
ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ ਵੇ



ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਗੋਦੀ ਚੱਕ ਖਿਡਾਇਆ ਨੀ ਗਿਰਧਾਰੀ ਲਾਲ
ਲੋਰੀਆਂ ਦੇ ਦੇ ਵੱਡਾ ਕੀਤਾ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਗੁੱਲੀ ਡੰਡਾ ਖੇਡਣੋਂ ਮਸਾ ਹਟਾਇਆ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਜਦ ਮੈਂ ਆਟਾ ਗੁੰਨਣ ਲੱਗੀ
ਆਟੇ ਚ ਪਾਣੀ ਪਾਵੇ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਕੌਲੀ 'ਚ ਪਾ ਕੇ ਦਾਲ ਨਾ ਖਾਵੇ ਤੋੜੀ ਨੂੰ ਮੂੰਹ ਲਾਵੇ
ਵੇਖ ਕੇ ਇਹਦੀਆਂ ਝੱਲ ਵਲੱਲੀਆਂ ਹਾਸਾ ਨਿਕਲਦਾ ਜਾਵੇ
ਹਾਏ ਮੂੰਹ ਲਬੇੜੀ ਬੈਠਾ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਲੱਛਣ ਇਹਦੇ ਵੇਖੋ ਨੀ ਇਹਦਾ ਝੱਗਾ ਉਧੜਿਆ ਜਾਵੇ
ਹਰ ਕੰਮ ਇਹਦਾ ਉਲਟਾ ਹੁੰਦਾ ਪੁੱਠਾ ਕੱਛਾ ਪਾਵੇ
ਹਾਏ ਹਾਏ ਕੌਣ ਇਹਨੂੰ ਸਮਝਾਵੇ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਜਦ ਮੈਂ ਪੇਕੇ ਜਾਣ ਨੂੰ ਕਹਿੰਦੀ ਰੋ ਰੋ ਜਾਨ ਨੂੰ ਖਾਵੇ
ਕਦੇ ਤਾਂ ਆਵੇ ਗੁੱਸਾ ਮੈਨੂੰ ਕਦੇ ਤਰਸ ਜਿਹਾ ਆਵੇ
ਹਾਏ ਹਾਏ ਅੜੀਓ ਬਹੁਤਾ ਹੀ ਸਤਾਵੇ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ

ਗੋਦੀ ਚੱਕ ਖਿਡਾਇਆ ਨੀ ਗਿਰਧਾਰੀ ਲਾਲ

ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ
ਸ਼ਾਵਾ ਨੀ ਗਿਰਧਾਰੀ ਲਾਲ ਬੱਲੇ ਨੀ ਗਿਰਧਾਰੀ ਲਾਲ



ਰਾਹੇ ਰਾਹੇ ਜਾਣ ਵਾਲਿਆ ਹਾਏ ਉਏ ਜਾਣ ਵਾਲਿਆ
ਮੇਰਾ ਡਿੱਗਿਆ ਰੁਮਾਲ ਫੜਾਵੀਂ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਕਿਹੜੀ ਏ ਤੂੰ ਲਾਟ ਦੀ ਬੱਚੀ ਉਏ ਲਾਟ ਸਾਹਿਬ ਦੀ ਬੱਚੀ
ਤੇਰਾ ਡਿੱਗਿਆ ਰੁਮਾਲ ਫੜਾਵਾਂ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਵੇ ਲੈ ਜਾ ਮੇਰਾ ਲੱਕ ਮਿਣ ਕੇ ਓ ਹਾਏ ਓ ਲੱਕ ਮਿਣ ਕੇ
ਜਾਵੀਂ ਮੱਸਿਆ ਲਿਆਵੀਂ ਲਹਿੰਗਾ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਵੇ ਲੈ ਜਾ ਮੇਰਾ ਗੁੱਟ ਮਿਣ ਕੇ ਓ ਹਾਏ ਓ ਗੁੱਟ ਮਿਣ ਕੇ
ਜਾਵੀਂ ਮੱਸਿਆ ਲਿਆਵੀਂ ਚੂੜਾ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਵੇ ਲੈ ਜਾ ਮੇਰਾ ਗਲ ਮਿਣ ਕੇ ਓ ਹਾਏ ਓ ਗਲ ਮਿਣ ਕੇ
ਜਾਵੀਂ ਮੱਸਿਆ ਲਿਆਵੀਂ ਗਾਨੀ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਰਾਹੇ ਰਾਹੇ ਜਾਣ ਵਾਲਿਆ ਹਾਏ ਓਏ ਜਾਣ ਵਾਲਿਆ
ਮੇਰਾ ਡਿੱਗਿਆ ਰੁਮਾਲ ਫੜਾਵੀਂ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ

ਕਿਹੜੀ ਏ ਤੂੰ ਲਾਟ ਦੀ ਬੱਚੀ ਓ ਲਾਟ ਸਾਹਬ ਦੀ ਬੱਚੀ
ਨੀ ਤੇਰਾ ਡਿਗਿਆ ਰੁਮਾਲ ਫੜਾਵਾਂ ਤੂੰਬਾ ਖੜਕੇ ਈ ਨਾ
ਸ਼ਾਵਾ ਤੂੰਬਾ ਖੜਕੇ ਈ ਨਾ ਸ਼ਾਵਾ ਤੂੰਬਾ ਖੜਕੇ ਈ ਨਾ



ਨੀ ਮੈਨੂੰ ਮੱਲੋਮੱਲੀ ਵੰਗਾਂ ਨੀ ਚੜ੍ਹਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ
ਮੇਰੀ ਸੱਧਰਾਂ ਨੂੰ ਮੁੜ ਕੇ ਜਗਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ

ਹੋਕਾ ਦਿੰਦਾ ਦਿੰਦਾ ਜਦੋਂ ਗਲੀ ਵਿੱਚੋਂ ਲੰਘਿਆ
ਸ਼ਰਮ ਦੇ ਮਾਰੇ ਮੇਰਾ ਦਿਲ ਜਰਾ ਸੰਗਿਆ
ਨੀ ਮੈਂ ਵੰਗਾਂ ਵਾਲਾ ਕਹਿ ਕੇ ਬੁਲਾ ਲਿਆ
ਨੀ ਮੁੰਡਾ ਮੇਰੇ ਪਿੰਡ ਦਾ

ਵੰਗਾਂ ਨੀ ਚੜਾਂਦਾ ਰਿਹਾ ਮੈਨੂੰ ਹੌਲੀ ਹੌਲੀ ਨੀ
ਸ਼ਰਮ ਦੀ ਮਾਰੀ ਮੈਂ ਤਾਂ ਕੁਝ ਵੀ ਨਾ ਬੋਲੀ ਨੀ
ਨੀ ਭੈੜਾ ਅੱਖਾਂ ਨਾਲ ਕੁਝ ਸਮਝਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ

ਵੰਗਾਂ ਮੈਂ ਚੜ੍ਹਾ ਕੇ ਜਦੋਂ ਵਿਹੜੇ ਵਿਚ ਆਈ ਨੀ
ਅੰਮੜੀ ਨੇ ਵੇਖ ਮੈਨੂੰ ਘੂਰੀ ਜਿਹੀ ਪਾਈ ਨੀ
ਮੇਰੀ ਭਾਬੋ ਨੂੰ ਭਰਮ ਕੋਈ ਖਾ ਗਿਆ
ਨੀ ਮੁੰਡਾ ਮੇਰੇ ਪਿੰਡ ਦਾ

ਜਾਗਦਿਆਂ ਸਾਰੀ ਸਾਰੀ ਰਾਤ ਲੰਘ ਜਾਏ ਨੀ
ਛਣਕਣ ਵੰਗਾਂ ਤੇ ਸਵਾਦ ਜਿਹਾ ਆਏ ਨੀ
ਨੀ ਮੈਨੂੰ ਤਾਰੇ ਗਿਨਣੇ ਸਿਖਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ
ਨੀ ਮੈਨੂੰ ਮੱਲੋਮੱਲੀ ਵੰਗਾਂ ਚੜ੍ਹਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ
ਮੇਰੀ ਸੱਧਰਾਂ ਨੂੰ ਮੁੜ ਕੇ ਜਗਾ ਨੀ ਗਿਆ
ਨੀ ਮੁੰਡਾ ਮੇਰੇ ਪਿੰਡ ਦਾ



ਮਿੱਟੀ ਦਿਆ ਘੜਿਆ ਹੋ ਮਿੱਟੀ ਦਿਆ ਘੜਿਆ
ਚੱਲ ਦੂਸਰੇ ਕਿਨਾਰੇ ਮਹੀਵਾਲ ਦੇ ਦੁਆਰੇ

ਦੋਵੇਂ ਪੱਲੇ ਮੈਂ ਪਸਾਰੇ ਤੇਰੇ ਸਾਹਮਣੇ ਵੇ ਅੜਿਆ
ਮਿੱਟੀ ਦਿਆ ਘੜਿਆ

ਮਾਹੀ ਮੇਰਾ ਬਾਗ ਤੇ ਮੈਂ ਫੁੱਲ ਹਾਂ ਗੁਲਾਬ ਦਾ
ਰੋੜ ਨਾ ਦੇਵੀਂ ਵੇ ਕਿਤੇ ਹੁਸਨ ਪੰਜਾਬ ਦਾ
ਮੇਰੀ ਚੜ੍ਹਦੀ ਜਵਾਨੀ ਉੱਤੇ ਕਰੀ ਮਿਹਰਬਾਨੀ
ਮਹੀਵਾਲ ਦੀ ਨਿਸ਼ਾਨੀ ਨਾ ਗਵਾਈਂ ਵੇ ਤੂੰ ਅੜਿਆ
ਮਿੱਟੀ ਦਿਆ ਘੜਿਆ

ਘੜਿਆ ਵੇ ਵੇਖ ਵੇਖ ਸੂਕਦੇ ਝਨਾਂ ਨੂੰ
ਛੱਡ ਨਾ ਜਾਈ ਵੇ ਮੇਰੀ ਚੂੜੇ ਵਾਲੀ ਬਾਂਹ ਨੂੰ
ਵੇ ਵੇਖ ਹੌਸਲਾ ਨਾ ਹਾਰ ਵੇ ਮੈਂ ਪਤਲੀ ਜਹੀ ਨਾਰ
ਮੇਰਾ ਹੌਲਾ ਜਿਹਾ ਭਾਰ ਵੇ ਤੂੰ ਕਿਹੜੀ ਗੱਲੋਂ ਡਰਿਆ
ਮਿੱਟੀ ਦਿਆ ਘੜਿਆ

ਘੜੇ ਜਦ ਵੇਖਿਆ ਝਨਾਂ ਠਾਠਾਂ ਮਾਰਦਾ
ਛੱਡ ਗਿਆ ਸਾਥ ਉਹ ਵੀ ਸੋਹਣੀ ਮੁਟਿਆਰ ਦਾ
ਐਸੀ ਚੁੱਭੀ ਜਦ ਲਾਈ ਫੇਰ ਸ਼ਕਲ ਨਾ ਵਿਖਾਈ
ਸੋਹਣੀ ਦਿੰਦੀ ਰਹੀ ਦੁਹਾਈ
ਭੈੜੇ ਪੱਲਾ ਵੀ ਨਾ ਫੜਿਆ
ਮਿੱਟੀ ਦਿਆ ਘੜਿਆ
ਚਲ ਦੂਸਰੇ ਕਿਨਾਰੇ ਮਹੀਵਾਲ ਦੇ ਦੁਆਰੇ
ਦੋਵੇਂ ਪੱਲੇ ਮੈਂ ਪਸਾਰੇ ਤੇਰੇ ਸਾਹਮਣੇ ਵੇ ਅੜਿਆ
ਮਿੱਟੀ ਦਿਆ ਘੜਿਆ



ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ
ਸੱਸ ਕੋਲੋਂ ਸੰਗ ਲੱਗਦੀ ਦੱਸ ਉਹਨੂੰ ਮੈਂ ਕਿਵੇਂ ਸਮਝਾਵਾਂ
ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ

ਪੈਰੀਂ ਪਾ ਕੇ ਨਵੇਂ ਸਗਲੇ ਤੈਨੂੰ ਪੈਲੀਆਂ 'ਚ ਟੋਲਦੀ ਨਾ ਥੱਕਾਂ
ਵੇ ਨਾਂ ਤੇਰਾ ਨਹੀਂ ਲੈਣਾ ਤੈਨੂੰ ਵਾਜ ਵੀ ਮਾਰ ਨਾ ਸਕਾਂ
ਵੇ ਸੰਗਦੀ ਮੈਂ ਏਸ ਗੱਲ ਤੋਂ ਤੇਰੀ ਦਾਤਰੀ ਨੂੰ ਘੁੰਗਰੂ ਲਵਾਵਾਂ
ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ

ਵਾਢੀ ਕਰਦੇ ਦੇ ਤੇਰੇ ਡੌਲੇ ਮੈਂ ਫਰਕਦੇ ਵੇਖਾਂ
ਮੋਤੀ ਮੁੜ੍ਹਕੇ ਦੇ ਤੇਰੇ ਮੱਥੇ ਤੇ ਚਮਕਦੇ ਵੇਖਾਂ
ਵੇ ਚੁੰਨੀ ਦੀ ਮੈਂ ਝੱਲ ਮਾਰ ਕੇ ਤੇਰੇ ਮੱਥੇ ਦਾ ਮੁੜ੍ਹਕਾ ਸੁਕਾਵਾਂ
ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ

ਚੁੰਨੀ ਅਸਮਾਨੀ ਰੰਗ ਦੀ ਮੇਰੇ ਸਿਰ ਤੇ ਜਦੋਂ ਕੋਈ ਵੇਖੇਂ
ਵਾਢੀਆਂ ਨੂੰ ਨਾਲ ਪਵੇ ਉਹਨੂੰ ਬਦਲੀ ਦੇ ਪੈਣ ਭੁਲੇਖੇਂ
ਵੇ ਸੰਗਦੀ ਮੈਂ ਏਸ ਗੱਲ ਤੋਂ ਵਿੱਚ ਬੁੱਕਲਾਂ ਦੇ ਆਰਸੀ ਛੁਪਾਵਾਂ
ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ

ਰੋਟੀ ਮੈਂ ਖੁਆਵਾਂ ਚੰਨ ਵੇ ਤੈਨੂੰ ਬੈਠ ਕੇ ਕਿੱਕਰ ਦੀ ਛਾਂਵੇਂ
ਵੇ ਹੌਲੀ ਹੌਲੀ ਗੱਲ ਕਰਦਾ ਵੱਡੇ ਵੀਰ ਦੇ ਕੋਲੋਂ ਸ਼ਰਮਾਵੇਂ
ਵੇ ਲੰਮਾ ਸਾਰਾ ਘੁੰਡ ਕੱਢ ਕੇ ਮੈਂ ਵੀ ਨੈਣ ਤੇਰੇ ਤਰਸਾਵਾਂ
ਵੇ ਢੋਲਾ ਮੇਰਾ ਚਿੱਤ ਕਰਦਾ ਭੱਤਾ ਲੈ ਕੇ ਖੇਤ ਵੱਲ ਆਵਾਂ
ਵੇ ਸੱਸ ਕੋਲੋਂ ਸੰਗ ਲੱਗਦੀ ਦੱਸ ਉਹਨੂੰ ਮੈਂ ਕਿਵੇਂ ਸਮਝਾਵਾਂ



ਨੀ ਨਾਲੇ ਹੱਥੋ ਪੈਸੇ ਲੈ ਗਿਆ

ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ
ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ

ਚਾੜ੍ਹਦਾ ਸੀ ਸ਼ੌਂਕ ਨਾਲ ਚੁਣ ਚੁਣ ਚੂੜੀਆਂ
ਆਖਦਾ ਸੀ ਦੇਵਾਂਗਾ ਨੀ ਰੰਗ ਦੀਆਂ ਗੁੜੀਆਂ
ਨੀ ਮੈਨੂੰ ਲੱਗਦਾ ਸੀ ਇਸ ਤਰ੍ਹਾਂ
ਨੀ ਜਿਵੇਂ ਜਪਦਾ ਏ ਭਗਤੀ ਮਾਲਾ
ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ

ਛੇ ਛੇ ਚਾੜ੍ਹਦਾ ਤੇ ਚਾਰ ਚਾਰ ਤੋੜਦਾ
ਕਦੀ ਵੀਣੀ ਘੁੱਟ ਬਾਂਹ ਸੀ ਮਰੋੜਦਾ
ਨੀ ਸੰਗਦੀ ਮੈਂ ਕੁਝ ਨਾ ਕਹਾਂ
ਮੈਨੂੰ ਜਾਪਦਾ ਸੀ ਦਾਲ ਵਿਚ ਕਾਲਾ

ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ

ਪਿੱਛੇ ਜਿਹੇ ਦੇ ਗਿਆ ਸੀ ਵੰਗਾਂ ਮੂੰਹੋਂ ਮੰਗੀਆਂ
ਸਾਰੀਆਂ ਸਹੇਲੀਆਂ ਨੇ ਆਖਿਆ ਸੀ ਚੰਗੀਆਂ
ਨੀ ਮਰ ਜਾਣਾ ਆਖਦਾ ਸੀ
ਗੁੱਸੇ ਹੋਵੇਗਾ ਆ ਕੇ ਤੇਰਾ ਲਾਲਾ
ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ

ਆਖਦਾ ਸੀ ਨਾਲੇ ਵੰਗਾਂ ਸੋਹਣੀਆਂ ਲਿਆਵਾਂਗਾ
ਬੰਬਈਓਂ ਆਇਆ ਮਾਲ ਨੀ ਮੈਂ ਕੱਲ੍ਹ ਲੈ ਕੇ ਆਵਾਂਗਾ
ਨੀ ਉਂਝ ਤੇ ਉਹ ਹੱਸਮੁੱਖ ਸੀ
ਪਰ ਰੰਗ ਦਾ ਬੜਾ ਸੀ ਕਾਲਾ
ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ
ਨੀ ਨਾਲੇ ਹੱਥੋਂ ਪੈਸੇ ਲੈ ਗਿਆ
ਮੌਜਾਂ ਲੈ ਗਿਆ ਨੀ ਭਾਬੀ ਵੰਗਾਂ ਵਾਲਾ

ਛੱਡ ਚੱਲੀ ਹਾਂ ਘਰ ਵੀਰ ਦਾ ਭਾਬੋ ਹੀਰ ਦਾ
ਬਾਬਲ ਦਾ ਵਿਹੜਾ
ਜਿਸਨੂੰ ਅੱਜ ਤੱਕ ਆਖਦੀ ਸਾਂ ਮੇਰਾ ਮੇਰਾ

ਅੰਮੜੀ ਦੀ ਮਮਤਾ ਪ੍ਰੀਤ ਮੈਨੂੰ ਖਿੱਚਦੀ
ਪ੍ਰੀਤ ਮੈਨੂੰ ਖਿੱਚਦੀ
ਪੈ ਗਿਆ ਵਿਛੋੜਾ ਹੰਝੂ ਝੁੱਲੇ ਅੱਖਾਂ ਵਿਚ ਦੀ
ਹਾਏ ਅੱਖਾਂ ਵਿਚ ਦੀ
ਵੀਰਾਂ ਨੂੰ ਮਿਲ ਗਏ ਦੇਸ ਨੀ ਸਾਨੂੰ ਪਰਦੇਸ ਨੀ
ਕੋਈ ਅਗਲਾ ਡੇਰਾ
ਜਿਸਨੂੰ ਅੱਜ ਤੱਕ ਆਖਦੀ ਸਾਂ ਮੇਰਾ ਮੇਰਾ

ਦਾਦੀ ਨੇ ਸੀ ਕਦੇ ਮੈਨੂੰ ਲਾਡ ਲਡਾਇਆ
ਹਾਏ ਲਾਡ ਲਡਾਇਆ

ਪਾਲ ਪਲੋਸ ਕੇ ਅੱਜ ਡੋਲੀ ਵਿੱਚ ਪਾਇਆ
ਹਾਏ ਡੋਲੀ ਵਿੱਚ ਪਾਇਆ
ਬਾਬੇ ਨੀ ਵੀ ਆਪਣੀ ਪੋਤਰੀ ਓ ਕੀਤੀ ਉਪਰੀ
ਕਰ ਤਕੜਾ ਜੇਰਾ
ਜਿਸਨੂੰ ਅੱਜ ਤੱਕ ਆਖਦੀ ਸਾਂ ਮੇਰਾ ਮੇਰਾ

ਸਖੀਓ ਸਤਾਉਣ ਮੈਨੂੰ ਯਾਦਾਂ ਨੀ ਪਿਆਰੀਆਂ
ਹਾਏ ਯਾਦਾਂ ਨੀ ਪਿਆਰੀਆਂ
ਅੜੀਓ ਜੁਦਾਈਆਂ ਮੈਥੋਂ ਜਾਣ ਨਾ ਸਹਾਰੀਆਂ
ਹਾਏ ਜਾਣ ਨਾ ਸਹਾਰੀਆਂ
ਜਿੰਦ ਹੋਈ ਗਮਗੀਨ ਜਿਹੀ ਨੀ ਬਲਹੀਨ ਜਿਹੀ
ਦਿਲ ਘਟਦਾ ਏ ਮੇਰਾ
ਜਿਸਨੂੰ ਅੱਜ ਤੱਕ ਆਖਦੀ ਸਾਂ ਮੇਰਾ ਮੇਰਾ

ਜਿਉਣ ਵੇ ਭਰਾਵਾ ਤੇਰੇ ਬੈਲਾਂ ਦੀਆਂ ਜੋੜੀਆਂ
ਜਿਉਣ ਤੇਰੀਆਂ ਮੱਝੀਆਂ ਤੇ ਜਿਉਣ ਤੇਰੀਆਂ ਘੋੜੀਆਂ
ਵੱਸਣ ਤੇਰੇ ਘਰ ਬਾਰ ਵੇ ਕਿ ਸਾਡੇ ਹਾਰ ਵੇ
ਜੇ ਕਦੇ ਪਾਈਏ ਫੇਰਾ
ਜਿਸਨੂੰ ਅੱਜ ਤੱਕ ਆਖਦੀ ਸਾਂ ਮੇਰਾ ਮੇਰਾ

ਜੁੱਤੀ ਕਸੂਰੀ ਪੈਰੀਂ ਨਾ ਪੂਰੀ

ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ
ਉਹਨੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ

ਸੋਹਰੇ ਪਿੰਡ ਦੀਆਂ ਲੰਮੀਆਂ ਵਾਟਾਂ
ਕਿਹਾ ਪੁਆੜਾ ਪੈ ਗਿਆ
ਭਾੜੇ ਤੇ ਯੱਕਾ ਕੋਈ ਨਾ ਕੀਤਾ
ਮਾਹੀਆ ਪੈਦਲ ਲੈ ਗਿਆ
ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ

ਲੈ ਮੇਰਾ ਮੁਕਲਾਵਾ ਢੋਲਾ

ਸੜਕੇ ਸੜਕੇ ਜਾਵਦਾ
ਕੱਢਿਆ ਘੁੰਡ ਕੁਝ ਕਹਿ ਨਾ ਸਕਦੀ
ਦਿਲ ਮੇਰਾ ਕੁਮਲਾਵਦਾ
ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ

ਸੋਹਲ ਪਿੰਨੀਆਂ ਪੈਰ ਕੂਲੇ
ਸਾਥੋਂ ਤੁਰਿਆ ਜਾਵੇ ਨਾ
ਸੱਜਰਾ ਜੋਬਨ ਸਿਖਰ ਦੁਪਹਿਰਾ
ਤਰਸ ਭੈੜਾ ਖਾਵੇ ਨਾ
ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ

ਪੈਰਾਂ ਦੇ ਵਿਚ ਪੈ ਗਏ ਛਾਲੇ
ਮੂੰਹ ਮੇਰਾ ਕੁਮਲਾਂਵਦਾ
ਮਾਹੀਆ ਤੁਰਿਆ ਜਾਵੇ ਅਗੇਰੇ
ਪਿਛਾਂਹ ਨਾ ਝਾਤੀ ਪਾਂਵਦਾ
ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ

ਨੀ ਮੈਂ ਪੇਕਿਆ ਦੇ ਜਾਣਾ ਮੈਨੂੰ ਚਾਅ ਕੁੜੀਓ
ਮੈਨੂੰ ਲੈਣ ਆਇਆ ਮੇਰਾ ਨੀ ਭਰਾ ਕੁੜੀਓ

ਸਾਰਾ ਦਿਨ ਸੱਸ ਮੈਨੂੰ ਰਹਿੰਦੀ ਏ ਨੀ ਟੋਕਦੀ
ਘੁੰਡ ਵੱਲੋਂ ਡਾਂਟਦੀ ਤੇ ਬਾਹਰ ਜਾਣੋ ਰੋਕਦੀ
ਨੀ ਮੈਂ ਕਿਤੇ ਵੀ ਨਾ ਸਕਦੀ ਆ ਜਾ ਕੁੜੀਓ
ਨੀ ਮੈਂ ਪੇਕਿਆ ਦੇ ਜਾਣਾ ਮੈਨੂੰ ਚਾਅ ਕੁੜੀਓ
ਮੈਨੂੰ ਲੈਣ ਆਇਆ ਮੇਰਾ ਨੀ ਭਰਾ ਕੁੜੀਓ

ਵੀਣੀ ਨੂੰ ਮਰੋੜ ਮੇਰਾ ਨਿੱਕਾ ਦਿਉਰ ਛੇੜਦਾ
ਦੰਦੀਆਂ ਚੜਾਵੇ ਨੀ ਉਹ ਬੁੱਲ੍ਹੀਆਂ ਨੂੰ ਫੇਰਦਾ

ਨੀ ਉਹ ਮੈਨੂੰ ਤਾਂ ਰਿਹਾ ਸੀ ਸਤਾ ਕੁੜੀਓ
ਨੀ ਮੈਂ ਪੇਕਿਆ ਦੇ ਜਾਣਾ ਮੈਨੂੰ ਚਾਅ ਕੁੜੀਓ
ਮੈਨੂੰ ਲੈਣ ਆਇਆ ਮੇਰਾ ਨੀ ਭਰਾ ਕੁੜੀਓ

ਗੱਲਾਂ ਸੁਣ ਸੁਣ ਤੁਸੀਂ ਪਿਛੋਂ ਕਿਉਂ ਹੱਸੀਆਂ
ਪਤਾ ਲੱਗੂ ਉਦੋਂ ਜਦੋਂ ਸਹੁਰਿਆਂ ਦੇ ਵੱਸੀਆਂ
ਨੀ ਜਦੋਂ ਗਲ ਵਿਚ ਪਵੇਗੀ ਬਲਾ ਕੁੜੀਓ
ਨੀ ਮੈਂ ਪੇਕਿਆ ਦੇ ਜਾਣਾ ਮੈਨੂੰ ਚਾਅ ਕੁੜੀਓ
ਮੈਨੂੰ ਲੈਣ ਆਇਆ ਮੇਰਾ ਨੀ ਭਰਾ ਕੁੜੀਓ

ਨੀ ਭਾਬੀ ਕਿਤੇ ਗੱਲ ਨਾ ਕਰੀਂ

ਮੈਥੋ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ
ਨੀ ਭਾਬੀ ਕਿਤੇ ਗੱਲ ਨਾ ਕਰੀਂ
ਮੈਥੋ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ

ਲੰਮਾ ਲੰਮਾ ਕੱਦ ਮੇਰਾ ਲੰਮਾ ਸੀ ਪਰਾਂਦਾ
ਸਰੂ ਦੇ ਬੂਟੇ ਤੇ ਜਿਵੇਂ ਸੱਪ ਚੜ੍ਹ ਜਾਂਦਾ
ਨੀ ਮੈਥੋਂ ਅੱਲੜ ਸਪੇਰਾ ਇਕ ਡੱਸ ਹੋ ਗਿਆ
ਨੀ ਭਾਬੀ ਕਿਤੇ ਗੱਲ ਨਾ ਕਰੀਂ
ਮੈਥੋ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ

ਸੀ ਪਾਣੀ ਦੇ ਘੜੇ ਦਾ ਬੜਾ ਭਾਰ ਨੀ
ਹੋ ਗਈ ਹਾਣ ਦੇ ਮੁੰਡੇ ਨੂੰ ਵਾਜ ਮਾਰ ਨੀ
ਪਾਣੀ ਘੜੇ ਵਾਲਾ ਗੰਨੇ ਦਾ ਨੀ ਰਸ ਹੋ ਗਿਆ
ਨੀ ਭਾਬੀ ਕਿਤੇ ਗੱਲ ਨਾ ਕਰੀਂ
ਮੈਥੋ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ

ਅੱਗ ਮੁੱਦਤਾਂ ਦੀ ਲੱਗੀ ਹੋਈ ਮੱਚ ਪਈ
ਮੇਰੀ ਅੱਲ੍ਹੜ ਜਵਾਨੀ ਹਾਏ ਨੱਚ ਪਈ
ਜਿਹੜਾ ਹੋਣਾ ਸੀ ਗੁਨਾਹ ਮੈਥੋਂ ਹੱਸ ਹੋ ਗਿਆ
ਨੀ ਭਾਬੀ ਕਿਤੇ ਗੱਲ ਨਾ ਕਰੀਂ
ਮੈਥੋ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ

ਨੀ ਭਾਬੀ ਮੇਰੀ ਗੁੱਤ ਖੋਹਲਦੇ

ਨੀ ਮੈਂ ਰਲ ਬੱਦਲਾਂ ਵਿਚ ਜਾਵਾਂ
ਨੀ ਭਾਬੀ ਮੇਰਾ ਜੀ ਕਰਦਾ
ਨੀ ਮੈਂ ਚੰਦ ਦੀ ਸ਼ਰੀਕ ਬਣ ਜਾਵਾਂ
ਨੀ ਧਰਤੀ ਨੂੰ ਅੱਗ ਲੱਗ ਜਾਉ
ਜਿੱਥੇ ਪਉਗਾ ਮੇਰਾ ਪਰਛਾਵਾਂ
ਨੀ ਭਾਬੀ ਮੇਰੀ ਗੁੱਤ ਖੋਹਲਦੇ
ਨੀ ਮੈਂ ਰਲ ਬੱਦਲਾਂ ਵਿਚ ਜਾਵਾਂ
ਨੀ ਭਾਬੀ ਮੇਰਾ ਜੀ ਕਰਦਾ
ਨੀ ਮੈਂ ਚੰਦ ਦੀ ਸ਼ਰੀਕ ਬਣ ਜਾਵਾਂ

ਕਿੱਕਲੀ ਕਲੀਰ ਦੀ
ਨੀ ਕਿੱਕਲੀ ਕਲੀਰ ਦੀ
ਕਿਸੇ ਨੂੰ ਦੱਸੀ
ਤੈਨੂੰ ਸੌਹ ਹੈ ਸਕੇ ਵੀਰ ਦੀ
ਦੁੱਖੜੇ ਜਵਾਨੀ ਦੇ ਨੀ
ਕੀ ਜਾਨਣ ਬੁੱਢੀਆਂ ਮਾਵਾਂ
ਨੀ ਭਾਬੀ ਮੇਰੀ ਗੁੱਤ ਖੋਹਲਦੇ
ਨੀ ਮੈਂ ਰਲ ਬੱਦਲਾਂ ਵਿਚ ਜਾਵਾਂ
ਨੀ ਭਾਬੀ ਮੇਰਾ ਜੀ ਕਰਦਾ
ਨੀ ਮੈਂ ਚੰਦ ਦੀ ਸ਼ਰੀਕ ਬਣ ਜਾਵਾਂ

ਉਡਣਾ ਦੁਪੱਟਾ
ਕਿਸੇ ਹੱਜ ਦਾ ਨਾ ਚੱਜ ਦਾ
ਟੁੱਟ ਪੈਣਾ ਸ਼ੀਸ਼ਾ
ਮੈਨੂੰ ਵੇਖਦਾ ਨੀ ਰੱਜਦਾ
ਨੀ ਮੈਂ ਡਰਦੀ ਵਾਲ ਨਾ ਵਾਹਵਾਂ
ਨੀ ਭਾਬੀ ਮੇਰੀ ਗੁੱਤ ਖੋਹਲਦੇ
ਨੀ ਮੈਂ ਰਲ ਬੱਦਲਾਂ ਵਿਚ ਜਾਵਾਂ
ਨੀ ਭਾਬੀ ਮੇਰਾ ਜੀ ਕਰਦਾ
ਨੀ ਮੈਂ ਚੰਦ ਦੀ ਸ਼ਰੀਕ ਬਣ ਜਾਵਾਂ

ਜੁਗਾਂ ਨਾਲੋਂ ਲੰਮੀ

ਮੇਰੀ ਮਾਹੀ ਨਾਲ ਪ੍ਰੀਤ ਨੀ
ਪ੍ਰੀਤਾਂ ਨਾਲੋਂ ਲੰਮੇ
ਮੇਰੇ ਬਿਰਹੋਂ ਦੇ ਗੀਤ ਨੀ
ਨੀ ਗੀਤਾਂ ਵਿਚ ਮਾਹੀ ਵਸਦਾ
ਨੀ ਮੈਂ ਤਾਹੀਓਂ ਮੁੜ ਮੁੜ ਗਾਵਾਂ
ਨੀ ਭਾਬੀ ਮੇਰੀ ਗੁੱਤ ਖੋਹਲਦੇ
ਨੀ ਮੈਂ ਰਲ ਬੱਦਲਾਂ ਵਿਚ ਜਾਵਾਂ
ਨੀ ਭਾਬੀ ਮੇਰਾ ਜੀ ਕਰਦਾ
ਨੀ ਮੈਂ ਚੰਦ ਦੀ ਸ਼ਰੀਕ ਬਣ ਜਾਵਾਂ

ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
ਜਦੋਂ ਚਾਟੀ ਵਿਚ ਪਾਉਨੀਆਂ ਮਧਾਣੀ ਹਾਣੀਆਂ

ਬਹਿਕੇ ਰਿੜਕੇ ਨੀ ਕੇਹਾ ਤੇਰਾ ਠਾਠ ਹੁੰਦਾ ਏ
ਹੱਥੀਂ ਨੇਤਰਾ ਤੇ ਮੂੰਹ ਵਿਚ ਪਾਠ ਹੁੰਦਾ ਏ
ਕਹਾਂ ਮੱਖਣ ਤੇ ਲੱਸੀ ਦੀ ਕਹਾਣੀ ਹਾਣੀਆ
ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
ਜਦੋਂ ਚਾਟੀ ਵਿਚ ਪਾਉਨੀਆਂ ਮਧਾਣੀ ਹਾਣੀਆਂ

ਤੇਰੀ ਚਾਣੀ ਤੇਰੇ ਚੌਂਕੇ ਦਾ ਸ਼ਿੰਗਾਰ ਗੋਰੀਏ
ਤੈਨੂੰ ਧੁਰਾਂ ਤੋਂ ਹੈ ਮਿਲਿਆ ਪਿਆਰ ਗੋਰੀਏ
ਮੇਰੀ ਰਿੜਕਣੇ ਦੀ ਪ੍ਰੀਤ ਹੈ ਪੁਰਾਣੀ ਹਾਣੀਆ
ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
ਜਦੋਂ ਚਾਟੀ ਵਿਚ ਪਾਉਨੀਆਂ ਮਧਾਣੀ ਹਾਣੀਆਂ

ਤੇਰੇ ਘੁੰਮਿਆ ਦੇ ਤਾਲ ਉੱਤੋਂ ਮਨ ਟਹਿਕਦੇ
ਕਾਂ ਬੋਲਦੇ ਬਨੇਰੇ ਉੱਤੇ ਪੰਛੀ ਹੈਨ ਚਹਿਕਦੇ
ਹਲ ਵਗਦੇ ਤੇ ਖੂਹਾਂ ਦੀ ਰੁਹਾਨੀ ਹਾਣੀਆਂ
ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
ਜਦੋਂ ਚਾਟੀ ਵਿਚ ਪਾਉਨੀਆਂ ਮਧਾਣੀ ਹਾਣੀਆਂ

ਖਾਕੇ ਮੱਖਣ ਤੇ ਲੱਸੀ ਪੀ ਕੇ ਜਦ ਗੱਜਦਾ
ਜੱਟ ਗੱਜਦਾ ਤੇ ਸਾਰਾ ਹੀ ਜਹਾਨ ਰੱਜਦਾ

ਮੇਰੀ ਚਾਟੀ ਦੀ ਤੇ ਤੇਰੀ ਮਿਹਰਬਾਨੀ ਹਾਣੀਆਂ
ਕਿੰਨੀਂ ਹੁੰਦੀ ਏ ਸਵੇਰ ਉਹ ਸੁਹਾਣੀ ਹਾਣੀਆਂ
ਜਦੋਂ ਚਾਟੀ ਵਿਚ ਪਾਉਨੀਆਂ ਮਧਾਣੀ ਹਾਣੀਆਂ



ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ

ਨੀ ਪਿੰਡ ਮੇਰੇ ਸਹੁਰਿਆਂ ਦਾ
ਨੀ ਘੁੰਡ ਮੂੰਹ ਤੋਂ ਨਾ ਹਾਲੇ ਸਕਰਾਓ
ਨੀ ਪਿੰਡ ਮੇਰੇ ਸਹੁਰਿਆਂ ਦਾ

ਨਵੇਂ ਨਵੇਂ ਅੰਗ ਮੇਰੇ ਨਵੀਂ ਨਵੀਂ ਪ੍ਰੀਤ ਏ
ਸੱਜਰੀ ਜਵਾਨੀ ਛੋਹਿਆ ਸੋਹਣਾ ਜਿਹਾ ਗੀਤ ਏ
ਨੀ ਮੇਰੀ ਝਾਂਜਰੋ ਨਾ ਸ਼ੋਰ ਮਚਾਓ
ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ
ਨੀ ਪਿੰਡ ਮੇਰੇ ਸਹੁਰਿਆਂ ਦਾ
ਨੀ ਘੁੰਡ ਮੂੰਹ ਤੋਂ ਨਾ ਹਾਲੇ ਸਕਰਾਓ
ਨੀ ਪਿੰਡ ਮੇਰੇ ਸਹੁਰਿਆਂ ਦਾ

ਸੋਹਣੀ ਮੈਂ ਜਵਾਨ ਮੇਰਾ ਦਿਲ ਟੁੱਟ ਜਾਏ ਨਾ
ਸਾਂਭ ਸਾਂਭ ਰੱਖੀ ਮੇਰੀ ਸੰਗ ਟੁੱਟ ਜਾਏ ਨਾ
ਚਮਕ ਲੌਂਗ ਵਾਲੀ ਛਿਪੇ ਤਾਂ ਛਪਾਓ
ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ
ਨੀ ਪਿੰਡ ਮੇਰੇ ਸਹੁਰਿਆਂ ਦਾ
ਨੀ ਘੁੰਡ ਮੂੰਹ ਤੋਂ ਨਾ ਹਾਲੇ ਸਕਰਾਓ
ਨੀ ਪਿੰਡ ਮੇਰੇ ਸਹੁਰਿਆਂ ਦਾ

ਨੱਚੀ ਜੇ ਜਵਾਨੀ ਤਾਂ ਜਹਾਨ ਨੱਚ ਪੈਣਾ ਏਂ
ਨੱਚ ਪੈਣੀ ਧਰਤੀ ਅਸਮਾਨ ਨੱਚ ਪੈਣਾ ਏਂ
ਨੀ ਛੇੜ ਅਥਰੀ ਜਵਾਨੀ ਨਾ ਜਗਾਓ
ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ
ਨੀ ਪਿੰਡ ਮੇਰੇ ਸਹੁਰਿਆਂ ਦਾ
ਨੀ ਘੁੰਡ ਮੂੰਹ ਤੋਂ ਨਾ ਹਾਲੇ ਸਕਰਾਓ
ਨੀ ਪਿੰਡ ਮੇਰੇ ਸਹੁਰਿਆਂ ਦਾ
ਨੀ ਮੈਨੂੰ ਗਿੱਧੇ ਵਿਚ ਬਹੁਤਾ ਨਾ ਨਚਾਓ

ਨੀ ਪਿੰਡ ਮੇਰੇ ਸਹੁਰਿਆਂ ਦਾ

ਸਾਡੀਆਂ ਕਾਹਦੀਆਂ ਲੋੜਾਂ ਵੇ
ਤੇਰੇ ਘਰ ਤੇਲਣ ਵਸਦੀ ਏ
ਤੇਲਣ ਚਾਰ ਦਿਹਾੜੇ ਨੀ
ਭੋਲੀਏ ਕਮਲੀਏ ਨਾਰੇ ਨੀ

ਵੇ ਮੈਂ ਸੂਟਾਂ ਵਾਲੀ ਵੇ
ਸੂਟਾਂ ਸਾੜੀਆਂ ਵਾਲੀ ਵੇ
ਤੇਲਣ ਲੱਗੇ ਪਿਆਰੀ ਵੇ
ਪਾਈ ਹੋਈ ਘੱਗਰੀ ਵਾਲੀ ਵੇ
ਸਾਡੀਆਂ ਕਾਹਦੀਆਂ ਲੋੜਾਂ ਵੇ
ਤੇਰੇ ਘਰ ਤੇਲਣ ਵਸਦੀ ਏ
ਤੇਲਣ ਚਾਰ ਦਿਹਾੜੇ ਨੀ
ਭੋਲੀਏ ਕਮਲੀਏ ਨਾਰੇ ਨੀ

ਵੇ ਮੈਂ ਮਹਿਲਾ ਵਾਲੀ ਵੇ
ਮਹਿਲਾ ਮਾੜੀਆਂ ਵਾਲੀ ਵੇ
ਤੇਲਣ ਲੱਗੇ ਪਿਆਰੀ ਵੇ
ਟੁੱਟੀ ਹੋਈ ਝੁੱਗੀ ਵਾਲੀ ਵੇ
ਸਾਡੀਆਂ ਕਾਹਦੀਆਂ ਲੋੜਾਂ ਵੇ
ਤੇਰੇ ਘਰ ਤੇਲਣ ਵਸਦੀ ਏ
ਤੇਲਣ ਚਾਰ ਦਿਹਾੜੇ ਨੀ
ਭੋਲੀਏ ਕਮਲੀਏ ਨਾਰੇ ਨੀ

ਵੇ ਮੈਂ ਸੁਰਖੀ ਵਾਲੀ ਵੇ
ਸੁਰਖੀ ਬਿੰਦੀ ਵਾਲੀ ਵੇ
ਤੇਲਣ ਲੱਗੇ ਪਿਆਰੀ ਵੇ
ਸੜੀ ਹੋਈ ਬੂਥੀ ਵਾਲੀ ਵੇ
ਸਾਡੀਆਂ ਕਾਹਦੀਆਂ ਲੋੜਾਂ ਵੇ
ਤੇਰੇ ਘਰ ਤੇਲਣ ਵਸਦੀ ਏ
ਤੇਲਣ ਚਾਰ ਦਿਹਾੜੇ ਨੀ
ਭੋਲੀਏ ਕਮਲੀਏ ਨਾਰੇ ਨੀ

ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ

ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ

ਮੈਂ ਆਖਿਆ ਸੀ ਕਾਂਟੇ ਕਰਾ ਦੇ
ਮੈਂ ਆਖਿਆ ਸੀ ਕਾਂਟੇ ਕਰਾ ਦੇ
ਕੰਨ ਵੱਢਣੇ ਨੂੰ ਪੈਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ

ਮੈਂ ਆਖਿਆ ਸੀ ਹਾਰ ਕਰਾ ਦੇ
ਮੈਂ ਆਖਿਆ ਸੀ ਹਾਰ ਕਰਾ ਦੇ
ਗਲ ਵੱਢਣੇ ਨੂੰ ਪੈਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ

ਮੈਂ ਆਖਿਆ ਸੀ ਪੌਂਚੀ ਕਰਾ ਦੇ
ਮੈਂ ਆਖਿਆ ਸੀ ਪੌਂਚੀ ਕਰਾ ਦੇ
ਗੁੱਟ ਵੱਢਣੇ ਨੂੰ ਪੈਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ

ਮੈਂ ਆਖਿਆ ਸੀ ਝਾਂਜਰਾਂ ਕਰਾ ਦੇ
ਮੈਂ ਆਖਿਆ ਸੀ ਝਾਂਜਰਾਂ ਕਰਾ ਦੇ
ਪੈਰ ਵੱਢਣੇ ਨੂੰ ਪੈਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ
ਲੈ ਵੇਖ ਨਣਾਨੇ ਨੀ ਕੁੱਕੜ ਜਾਲੀ ਦੇ ਵਿਚ ਰਹਿੰਦਾ
ਲੈ ਵੇਖ ਨਣਾਨੇ ਨੀ ਵੀਰਾ ਹਰਦਮ ਲੜਦਾ ਰਹਿੰਦਾ

ਜੇ ਮੈਂ ਜਾਣਦੀ ਸੱਸਾਂ ਦੀ ਮੰਡੀ ਲੱਗਣੀ,
ਸੱਸ ਨੂੰ ਵੇੜੇਵੇ ਚਾਰਦੀ
ਗੱਡੀ ਭਰੀਓ ਲੰਦਨ ਨੂੰ ਜਾਵੇ
ਸੱਸੀਆਂ ਕੁਪੱਤੀਆਂ ਦੀ।

ਮੇਰੇ ਸੋਟੇ ਨੂੰ ਲਵਾ ਦੇ ਘੁੰਗਰੂ
ਵੇ ਸੱਸ ਕੁੱਟਣੀ ਸੰਦੂਖਾਂ ਉਹਲੇ
ਅਸਾਂ ਸੱਸ ਦਾ ਸੰਦੂਖ ਬਨਾਉਣਾ
ਛੇਤੀ ਛੇਤੀ ਵਧ ਕਿੱਕਰੇ।

ਅੱਗੋਂ ਸੱਸ ਟੱਕਰੀ ਬਘਿਆੜੀ
ਮਾਪਿਆਂ ਨੇ ਰੱਖੀ ਲਾਡਲੀ
ਸੱਸ ਮੇਰੀ ਸੋਨੇ ਵਰਗੀ
ਰੱਬ ਜੀਭ ਪਿੱਤਲ ਦੀ ਲਾਈ।

ਪਿਛੋਂ ਰੋਦੀਂ ਏ ਚੁੱਲ੍ਹੇਂ ਕੋਲੇ ਬਹਿ ਕੇ
ਪਹਿਲਾਂ ਸੱਸ ਨੂੰਹਾਂ ਮੰਗਦੀ
ਸੱਸੀਏ ਵੜੇਵੇਂ ਅੱਖੀਏ
ਤੈਥੋਂ ਡਰਦੇ ਲੈਣ ਨਹੀਂ ਆਉਦੇ।

ਸੱਸ ਨੂੰ ਸੰਦੂਖ ਜੰਮਿਆਂ
ਹੁਣ ਤੋਰੂਗੀ ਧੀਆਂ ਦੇ ਮੁਕਲਾਵੇ
ਸੱਸ ਨੂੰ ਚੁਬਾਰਾ ਜੰਮਿਆ
ਸੋਹਰਾ ਬਣਿਆ ਬਾਂਸ ਦੀ ਪੌੜੀ।

ਸੱਸ ਮੇਰੀ ਪਤਲੀ ਜਿਹੀ
ਲੱਕ ਦੀ ਜਰਬ ਨਾ ਸਹਿੰਦੀ
ਸੱਸ ਮੇਰੀ ਸੋਨੇ ਵਰਗੀ
ਠਾਣੇਦਾਰ ਨਾਲ ਹੈ ਰਹਿੰਦੀ।

ਗੱਡੀਏ ਨੀ ਤੇਰੇ ਪਹੀਏ ਟੁੱਟ ਜਾਣ
ਚਾਰੇ ਟੁੱਟ ਜਾਣ ਬਾਹੀਆਂ
ਸੱਸਾਂ ਨੂੰ ਤੂੰ ਲੈ ਜਾ ਵਲੈਤ

ਨੂੰਹਾਂ ਦੇਣ ਦੁਹਾਈਆਂ।

ਬੱਲੇ ਬੱਲੇ ਬਈ ਭੱਤਾਂ ਲੈ ਕੇ ਦਿਉਰ ਦਾ ਚੱਲੀ
ਉੱਤੇ ਡੋਰੀਆ ਗੰਢੇ ਦੀ ਛਿੱਲ ਵਰਗਾ
ਬਈ ਭੱਤਾ ਲੈ ਕੇ ਦਿਉਰ ਦਾ ਚੱਲੀ।

ਬੱਲੇ ਬੱਲੇ ਬਈ ਭੱਤਾ ਲੈ ਕੇ ਦਿਉਰ ਦਾ ਚਲੀ
ਅੱਗੇ ਜੇਠ ਬੱਕਰਾ ਹਲ ਵਾਹਵੇ
ਬੱਲੇ ਬੱਲੇ ਬਈ ਭੱਤਾਂ ਲੈ ਕੇ ਦਿਉਰ ਦਾ ਚੱਲੀ
ਉੱਤੇ ਡੋਰੀਆ ਗੰਢੇ ਦੀ ਛਿੱਲ ਵਰਗਾ

ਬੱਲੇ ਬੱਲੇ ਬਈ ਰੋਟੀ ਖਾ ਲੈ ਚੱਪਣਾ ਜਿਹਾ
'ਵਾਜਾਂ ਮਾਰਦੀ ਸਰੋਂ ਦੇ ਫੁੱਲ ਵਰਗੀ
ਬਈ ਰੋਟੀ ਖਾ ਲੈ ਚੱਪਣਾ ਜਿਹਾ।

ਬੱਲੇ ਬੱਲੇ ਬਈ ਬੱਕਰੀ ਦੇ ਖੁਰ ਜਿੰਨੀਏ
ਤੈਨੂੰ ਛੱਜ ਗਹਿਣਿਆ ਦਾ ਪਾਇਆ
ਬਈ ਬੱਕਰੀ ਦੇ ਖੁਰ ਜਿੰਨੀਏ।

ਬੱਲੇ ਬੱਲੇ ਬਈ ਆਹ ਲੈ ਫੜ ਗਹਿਣੇ ਆਪਣੇ
ਸਾਨੂੰ ਮੁੜ ਬੱਕਰੀ ਨਾ ਆਖੀਂ
ਬਈ ਆਹ ਲੈ ਫੜ ਗਹਿਣੇ ਆਪਣੇ।

ਬੱਲੇ ਬੱਲੇ ਬਈ ਭੱਤਾਂ ਲੈ ਕੇ ਦਿਉਰ ਦਾ ਚਲੀ
ਉੱਤੇ ਡੋਰੀਆ ਗੰਢੇ ਦੀ ਛਿੱਲ ਵਰਗਾ
ਬਈ ਭੱਤਾ ਲੈ ਕੇ ਦਿਉਰ ਦਾ ਚਲੀ।

ਬੱਲੇ ਬੱਲੇ ਬਈ ਭੱਤਾ ਲੈ ਕੇ ਦਿਉਰ ਦਾ ਚੱਲੀ
ਅੱਗੇ ਜੇਠ ਬੱਕਰਾ ਹਲ ਵਾਹਵੇ
ਬਈ ਭੱਤਾ ਲੈ ਕੇ ਦਿਉਰ ਦਾ ਚੱਲੀ
ਸ਼ਾਵਾ ਸ਼ਾਵਾ ਬਈ ਭੱਤਾ ਲੈ ਕੇ ਦਿਉਰ ਦਾ ਚੱਲੀ।

ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ।

ਮੈਂ ਤਾਂ ਬੜੇ ਸਵਾਦ ਬਣਾਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਮੈਂ ਤਾਂ ਥੋੜੇ ਥੋੜੇ ਵਰਤਾਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ।

ਮੈਂ ਤਾਂ ਸਭ ਨੂੰ ਰੀਝਾਂ ਨਾਲ ਖੁਆਏ – ਨੀ ਕਰੇਲੇ ਤੋਰੀਆਂ
ਮੇਰੀ ਸੱਸ ਨੂੰ ਥੋੜ੍ਹੇ ਆਏ – ਨੀ ਕਰੇਲੇ ਤੋਰੀਆਂ।

ਸੱਸ ਨੇ ਸੌਹਰੇ ਨੂੰ ਦਿੱਤਾ ਚੱਕ – ਨੀ ਕਰੇਲੇ ਤੋਰੀਆਂ
ਸੌਹਰਾ ਠਾਣੇ ਵੱਲ ਨੂੰ ਭੱਜਾ – – ਨੀ ਕਰੇਲੇ ਤੋਰੀਆਂ।

ਗੱਲ ਚੜ੍ਹ ਗਈ ਸਰਕਾਰੇ ਨੀ ਕਰੇਲੇ ਤੋਰੀਆਂ– ਨੀ ਕਰੇਲੇ ਤੋਰੀਆਂ
ਉੱਥੇ ਪੈਣ ਤਰੀਕਾਂ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ

ਸੌਹਰੇ ਨੇ ਖੂਹ ਦੇ ਡੱਡੂਆਂ ਦੀ ਗਵਾਹੀ
ਪਾਈ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਮੈਂ ਮਿੰਨਤਾਂ ਕਰਕੇ ਛੁੱਟੀ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ।

ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਮੈਂ ਤਾਂ ਡਿੱਕੂ ਭਰ ਖਰੀਦੇ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ
ਕਰੇਲੇ ਵਿਕਣੇ ਆਏ ਨੀ ਕਰੇਲੇ ਤੋਰੀਆਂ – ਨੀ ਕਰੇਲੇ ਤੋਰੀਆਂ

ਅਸਾਂ ਚੜ੍ਹਾਏ ਗਜਰੇ ਨੀ ਹੇਠ ਬਰੋਟੇ ਦੇ..... ਸ਼ਾਵਾ ਨੀ ਹੇਠ ਬਰੋਟੇ ਦੇ
ਅਸਾਂ ਚੜ੍ਹਾਏ ਗਜਰੇ ਨੀ ਹੇਠ ਬਰੋਟੇ ਦੇ..... ਸ਼ਾਵਾ ਨੀ ਹੇਠ ਬਰੋਟੇ ਦੇ ।

ਮੇਰੇ ਤੇ ਮਾਹੀ ਦੇ ਪੈ ਗਏ ਝਗੜੇ ਨੀ ਹੇਠ ਬਰੋਟੇ ਦੇ
..... ਸ਼ਾਵਾ ਨੀ ਹੇਠ ਬਰੋਟੇ ਦੇ
ਅਸਾਂ ਚੜ੍ਹਾਏ ਗਜਰੇ ਨੀ ਹੇਠ ਬਰੋਟੇ ਦੇ..... ਸ਼ਾਵਾ ਨੀ ਹੇਠ ਬਰੋਟੇ ਦੇ

ਅਸਾਂ ਪਕਾਏ ਮੰਡੇ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ
ਉੱਥੇ ਹੀ ਖੜ੍ਹ ਕੇ ਵੰਡੇ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ।

ਸੱਸ ਖੜਕਾਏ ਡੰਡੇ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ
ਸ਼ਾਵਾ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ।

ਮੈਂ ਤਾਂ ਡਾਹ ਲਈ ਚਰਖੀ ਨੀ ਹੇਠ ਬਰੋਟੇ ਦੇ
.....ਸ਼ਾਵਾ ਨੀ ਹੇਠ ਬਰੋਟੇ ਦੇ
ਪੂਣੀਆਂ ਕੱਤ ਗਲੋਟੇ ਲਾਹੇ ਨੀ ਹੇਠ ਬਰੋਟੇ ਦੇ
.....ਸ਼ਾਵਾ ਨੀ ਹੇਠ ਬਰੋਟੇ ਦੇ।

ਅਸਾਂ ਤਾਂ ਧਰ 'ਤੀ ਖੀਰ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ
ਨਾਲੇ ਪਕਾ ਲਏ ਪੂੜੇ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ।

ਅਸਾਂ ਸਾਰਿਆ ਰਲ ਕੇ ਖਾਧੇ ਨੀ ਹੇਠ ਬਰੋਟੇ ਦੇ
.....ਸ਼ਾਵਾ ਨੀ ਹੇਠ ਬਰੋਟੇ ਦੇ
ਸੱਸ ਨੇ ਦਿੱਤੀ ਅਸੀਸ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ।

ਨੀ ਮੈਂ ਗੋਦੀ ਨਾਲ ਖਿਡਾਇਆ ਨੀ ਹੇਠ ਬਰੋਟੇ ਦੇ
.....ਸ਼ਾਵਾ ਨੀ ਹੇਠ ਬਰੋਟੇ ਦੇ
ਵੱਡਿਆ ਦੀ 'ਸੀਸ ਕੰਮ ਆਈ ਨੀ ਹੇਠ ਬਰੋਟੇ ਦੇ
.....ਸ਼ਾਵਾ ਨੀ ਹੇਠ ਬਰੋਟੇ ਦੇ।

ਅਸਾਂ ਚੜ੍ਹਾਏ ਗਜਰੇ ਨੀ ਹੇਠ ਬਰੋਟੇ ਦੇ..... ਸ਼ਾਵਾ ਨੀ ਹੇਠ ਬਰੋਟੇ ਦੇ
ਰੀਝਾਂ ਨਾਲ ਹੰਢਾਏ ਨੀ ਹੇਠ ਬਰੋਟੇ ਦੇ .....ਸ਼ਾਵਾ ਨੀ ਹੇਠ ਬਰੋਟੇ ਦੇ।

ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....

ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ।

ਨੀ ਮੈਂ ਘੁੱਟ ਕੇ ਕਾਲਜੇ ਲਾਈ ਤੇ ਖੁਸ਼ੀ ਮਨਾਈ
ਨੀ ਚਿੱਠੀ ਆਈ ਬਰ੍ਹਮਾਂ ਤੋਂ

ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ

ਨੀ ਮੈਂ ਸਖੀਆ ਨੂੰ ਖੋਹਲ ਸੁਣਾਈ ਤੇ ਮਿਲੀ ਵਧਾਈ
ਨੀ ਚਿਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿਠੀ ਆਈ ਬਰ੍ਹਮਾਂ ਤੋਂ।

ਸੱਸ ਤੋਂ ਵੀ ਚੋਰੀ ਤੇ ਨਣਾਨ ਤੋਂ ਚੋਰੀ ਨੀ
ਮੈਂ ਕੱਤਣੀ ਦੇ ਵਿੱਚ ਲੁਕੋਈ
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ

ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾ ਤੋਂ .....
ਹੂੰ ਹਾਂ ਨੀ ਚਿੱਠੀ ਆਈ ਬਰ੍ਹਮਾਂ ਤੋਂ

ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਜਦ ਖੇਡਦਾ ਸੀ ਗੁੱਲ੍ਹੀ ਡੰਡਾ ਸੀ ਉਦੋਂ ਪੁੱਤਰ ਤੇਰਾ
ਹੁਣ ਤਾਂ ਜਾਂਦਾ ਵੱਡੇ ਦਫ਼ਤਰ ਹੁਣ ਤਾਂ ਮਾਹੀਆ ਮੇਰਾ
ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਜਦ ਜਾਂਦਾ ਸੀ ਪੜ੍ਹਨ ਸਕੂਲੇ ਸੀ ਉਦੋਂ ਪੁੱਤਰ ਤੇਰਾ
ਹੁਣ ਤਾਂ ਕਰ ਗਿਆ ਬੀ. ਏ .ਐਮ . ਏ ਹੁਣ ਤਾਂ ਮਾਹੀਆ ਮੇਰਾ
ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਜਦੋਂ ਪਾਉਂਦਾ ਸੀ ਕੱਛੀ ਨਿੱਕਰ ਸੀ ਉਦੋਂ ਪੁੱਤਰ ਤੇਰਾ
ਹੁਣ ਤਾਂ ਪਾਵੇ ਕੋਟ ਪੈਂਟ ਹੁਣ ਤਾਂ ਮਾਹੀਆ ਮੇਰਾ
ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਜਦੋਂ ਚਾਰਦਾ ਸੀ ਡੰਗਰ ਵੱਛੇ ਸੀ ਉਦੋਂ ਪੁੱਤਰ ਤੇਰਾ

ਹੁਣ ਤਾਂ ਬਣ ਗਿਆ ਵੱਡਾ ਵਪਾਰੀ ਹੁਣ ਤਾਂ ਮਾਹੀਆ ਮੇਰਾ
ਨਾ ਕਰ ਸੱਸੇ ਪੁੱਤਰ ਪੁੱਤਰ ਹੁਣ ਤਾਂ ਮਾਹੀਆ ਮੇਰਾ

ਨਿੱਕਲ ਸੱਸੜੀਏ ਘਰ ਮੇਰਾ ਤੂੰ ਤਾ ਵਰਤ ਲਿਆ ਬਥੇਰਾ
ਹੁਣ ਤਾਂ ਰਾਜ ਰਹੂਗਾ ਮੇਰਾ ਤੇਰਾ ਰੂੜੀ ਉੱਤੇ ਡੇਰਾ
ਹੁਣ ਤਾਂ ਮਾਹੀਆ ਮੇਰਾ ਏ
ਨਾ ਕਰ ਸੱਸੇ ਪੁੱਤਰ ਪੁੱਤਰ
ਨਾ ਕਰ ਸੱਸੇ ਪੁੱਤਰ ਪੁੱਤਰ
ਹੁਣ ਤਾਂ ਮਾਹੀਆ ਮੇਰਾ ਏ।

ਤੁਸੀ ਨੌਕਰ ਚੱਲੇ ਨੌਕਰ ਚਾਕਰ ਚੱਲੇ
ਸਾਡੇ ਲਈ ਕੀ ਲਿਆਵੋਗੇ ਸੌਗਾਤ ਬੀਬਾ
ਸਾਡੇ ਲਈ ਕੀ ਲਿਆਵੋਗੇ ਸੌਗਾਤ।

ਅਸੀਂ ਨੌਕਰ ਚੱਲੇ ਨੌਕਰ ਚਾਕਰ ਚੱਲੇ।
ਤੁਹਾਡੇ ਲਈ ਕੀ ਲਿਆਈਏ ਸੌਗਾਤ ਜੀ
ਤੁਹਾਡੇ ਲਈ ਕੀ ਲਿਆਈਏ ਸੌਗਾਤ।

ਸਾਡੇ ਲਈ ਟਿੱਕਾ ਲੈ ਆਇਓ
ਟਿੱਕਾ ਸੂਈ ਲੈ ਆਇਓ
ਮੇਰੀ ਨਣਦ ਲਈ ਰਾਣੀ ਹਾਰ ਬੀਬਾ
ਮੇਰੀ ਨਣਦ ਲਈ ਰਾਣੀ ਹਾਰ।

ਮੈਂ ਟਿੱਕਾ ਲਾਵਾਂ ਟਿੱਕਾ ਸੂਈ ਲਾਵਾਂ
ਮੇਰੀ ਨਣਦ ਪਾਵੇਗੀ ਰਾਣੀ ਹਾਰ ਬੀਬਾ
ਮੇਰੀ ਨਣਦ ਪਾਵੇਗੀ ਰਾਣੀ ਹਾਰ

ਅਸੀਂ ਨੌਕਰ ਚੱਲੇ ਨੌਕਰ ਚਾਕਰ ਚੱਲੇ
ਤੁਹਾਡੇ ਲਈ ਕੀ ਲਿਆਈਏ ਸੌਗਾਤ ਜੀ
ਤੁਹਾਡੇ ਲਈ ਕੀ ਲਿਆਈਏ ਸੌਗਾਤ।

ਸਾਡੇ ਲਈ ਗਜਰਾ ਲੈ ਆਇਓ
ਗਜਰਾ ਚੂੜੀ ਲੈ ਆਇਓ

ਮੇਰੀ ਨਣਦ ਲਈ ਚੂੜਾ ਲਾਲ।

ਮੈਂ ਗਜਰਾ ਪਾਵਾਂ ਗਜਰਾ ਕੰਗਣ ਪਾਵਾਂ
ਮੇਰੀ ਨਣਦ ਪਾਵੇਗੀ ਚੂੜਾ ਲਾਲ ਬੀਬਾ
ਮੇਰੀ ਨਣਦ ਪਾਵੇਗੀ ਚੂੜਾ ਲਾਲ।

ਅਸੀਂ ਨੌਕਰ ਚੱਲੇ ਨੌਕਰ ਚਾਕਰ ਚੱਲੇ
ਤੁਹਾਡੇ ਲਈ ਕੀ ਲਿਆਈਏ ਸੌਗਾਤ ਜੀ
ਤੁਹਾਡੇ ਲਈ ਕੀ ਲਿਆਈਏ ਸੌਗਾਤ।

ਸਾਡੇ ਲਈ ਚੱਪਲ ਲੈ ਆਇਓ
ਚੱਪਲ ਸਲੀਪਰ ਲੈ ਆਇਓ
ਮੇਰੀ ਨਣਦ ਲਈ ਜੁੱਤੀ ਤਿੱਲੇਦਾਰ ਬੀਬਾ
ਮੇਰੀ ਨਣਦ ਲਈ ਜੁੱਤੀ ਤਿੱਲੇਦਾਰ।

ਮੈਂ ਚੱਪਲ ਪਾਵਾਂ ਸਲੀਪਰ ਪਾਵਾਂ
ਮੇਰੀ ਨਣਦ ਪਾਵੇ ਜੁੱਤੀ ਤਿੱਲੇਦਾਰ ਬੀਬਾ
ਮੇਰੀ ਨਣਦ ਪਾਵੇ ਜੁੱਤੀ ਤਿੱਲੇਦਾਰ।

ਤੁਸੀ ਨੌਕਰ ਚੱਲੇ ਨੌਕਰ ਚਾਕਰ ਚੱਲੇ
ਸਾਡੇ ਲਈ ਕੀ ਲਿਆਵੋਗੇ ਸੌਗਾਤ ਬੀਬਾ
ਸਾਡੇ ਲਈ ਕੀ ਲਿਆਵੋਗੇ ਸੌਗਾਤ।

ਅਸੀਂ ਨੌਕਰ ਚੱਲੇ ਨੌਕਰ ਚਾਕਰ ਚੱਲੇ
ਤੁਹਾਡੇ ਲਈ ਕੀ ਲਿਆਈਏ ਸੌਗਾਤ ਜੀ
ਤੁਹਾਡੇ ਲਈ ਕੀ ਲਿਆਈਏ ਸੌਗਾਤ।

ਬਾਜ਼ਾਰ ਵਿਕੇਂਦੀ ਖੰਡ ਵੇ
ਤੂੰ ਮਿਸ਼ਰੀ ਤੇ ਮੈਂ ਗੁਲਕੰਦ ਵੇ
ਦੋਵੇ ਚੀਜਾਂ ਮਿੱਠੀਆਂ
ਹਾਏ ਢੋਲਾ।

ਬਾਜਾਰ ਵਿਕੇਦੇ ਤਿਲ ਵੇ

ਸਾਨੂੰ ਸਾਹਮਣੀ ਗਲੀ ਵਿੱਚ ਮਿਲ ਵੇ
ਦੁੱਖ ਸੁੱਖ ਫੋਲੀਏ
ਹਾਏ ਢੋਲਾ।

ਬਾਜਾਰ ਵਿਕੇਂਦੀ ਤਰ ਵੇ
ਮੇਰਾ ਸਾਹਮਣੀ ਗਲੀ ਵਿੱਚ ਘਰ ਵੇ
ਪਿੱਪਲ ਨਿਸ਼ਾਨੀ ਆ
ਹਾਏ ਢੋਲਾ।

ਬਾਜਾਰ ਵਿਕੇਦੇ ਤਿਲ ਵੇ
ਤੇਰਾ ਕਿਹੜੀ ਕੁੜੀ ਤੇ ਦਿਲ ਵੇ
ਤਿੰਨੇ ਕੰਵਾਰੀਆਂ
ਹਾਏ ਢੋਲਾ।

ਬਾਜਾਰ ਵਿਕੇਂਦਾ ਖੀਰਾ
ਕਿਸ ਚੰਦਰੀ ਨੇ ਲਾਹ ਲਿਆ ਚੀਰਾ
ਭਰੇ ਬਾਜਾਰ ਵਿੱਚ
ਹਾਏ ਢੋਲਾ।

ਬਾਜਾਰ ਵਿਕੇਂਦੀ ਤਰ ਵੇ
ਮੈਨੂੰ ਲੰਮੀ ਵੇਖ ਨਾ ਡਰ ਵੇ
ਉਮਰ ਨਿਆਣੀ ਆਂ
ਹਾਏ ਢੋਲਾ।
ਬਾਜਾਰ ਵਿਕੇਦੀਆਂ ਕਣਕਾਂ
ਨਾ ਮਾਰੀ ਫੁੱਲਾਂ ਦੀਆਂ ਛਮਕਾਂ
ਨਾਜ਼ਕ ਜ਼ਿੰਦੜੀ
ਹਾਏ ਢੋਲਾ।

ਬਾਜਾਰ ਵਿਕੇਂਦਾ ਤੱਕਲਾ
ਨਾਲੇ ਲੰਮਾ ਤੇ ਨਾਲੇ ਪਤਲਾ
ਅੱਖਾਂ ਮਸਤਾਨੀਆਂ
ਹਾਏ ਢੋਲਾ।

ਬਾਜਾਰ ਵਿਕੇਂਦੀ ਬਰਫ਼ੀ

ਮੈਨੂੰ ਲੈ ਦੇ ਗਮਾਂ ਦੀ ਚਰਖੀ
ਦੁੱਖਾਂ ਦੀਆਂ ਕੱਤਾਂ ਪੂਣੀਆਂ
ਹਾਏ ਢੋਲਾ।



ਹਾਏ ਗੱਡੀ ਆਈ ਐ ਨੀ

ਬੂ ਗੱਡੀ ਆਈ ਐ।
ਹਾਏ ਗੱਡੀ ਆਈ ਐ
ਨੀ ਬੂ ਗੱਡੀ ਆਈ ਐ।

ਗੱਡੀ ਆ ਖੜ੍ਹੀ ਸੀ ਰੂੜੀ
ਪੈਸੇ ਸਿੱਟਣੇ ਸੀ ਮਸੂਰੀ
ਡੱਬਰ ਇਕ ਨਾ ਚਲਾਇਆ
ਗਾਲਾ ਦੇਵੇ ਮੇਰਾ ਤਾਇਆ
ਗੱਡੀ ਆਈ ਐ
ਹਾਏ ਗੱਡੀ ਆਈ ਐ
ਨੀ ਬੂ ਗੱਡੀ ਆਈ ਐ।

ਗੱਡੀ ਆ ਖੜ੍ਹੀ ਸੀ ਨਿਆਈਆਂ
ਕੁੜੀਆਂ ਵਹੁਟੀ ਵੇਖਣ ਆਈਆਂ
ਅੱਗੋਂ ਨੈਣ ਕਰੇ ਚਤਰਾਈਆਂ
ਸਾਨੂੰ ਟੂੰਮਾਂ ਥੋਹੜੀਆਂ ਪਈਆਂ
ਗੱਡੀ ਆਈ ਐ
ਬੱਲੇ ਗੱਡੀ ਆਈ ਐ
ਬਈ ਸ਼ਾਵਾ ਗੱਡੀ ਆਈ ਐ।

ਸਿਰ 'ਤੇ ਮੇਰੇ ਚੌਂਕ
ਨੈਣੇ ਐਵੇਂ ਨਾ ਤੂੰ ਟੌਂਕ
ਸਾਨੂੰ ਟੂੰਮਾਂ ਦਾ ਨਹੀਂ ਸ਼ੌਂਕ
ਗੱਡੀ ਆਈ ਐ
ਹਾਏ ਗੱਡੀ ਆਈ ਐ
ਨੀ ਬੂ ਗੱਡੀ ਆਈ ਐ।

ਗੱਡੀ ਵਾਲਾ ਨੇੜੇ ਆਉਣ ਨਾ ਦੇਵੇ

ਸਾਨੂੰ ਵਹੁਟੀ ਲਾਹੁਣ ਨਾ ਦੇਵੇ
ਕਹਿੰਦਾ ਲੋਈ ਕੰਬਲ ਲਿਆਓ
ਉੱਤੇ ਮੋਹਰਾਂ ਪੰਜ ਟਿਕਾਓ
ਗੱਡੀ ਆਈ ਐ
ਹਾਏ ਗੱਡੀ ਆਈ ਐ
ਨੀ ਬੂ ਗੱਡੀ ਆਈ ਐ।

ਗੱਡੀ ਦੇ ਵਿੱਚ ਆਇਆ ਹੀਰਾ
ਨੀ ਅੱਜ ਹੁੱਬਿਆ ਫਿਰੇ ਮੇਰਾ ਵੀਰਾ
ਮਾਂ ਨੇ ਸੌਂ ਸੌਂ ਸ਼ਗਨ ਮਨਾਏ
ਗੱਡੀ ਤੋਂ ਇਕ ਸੌ ਇਕ ਰੁਪਈਏ ਵਾਰੇ
ਗੱਡੀ ਆਈ ਐ
ਹਾਏ ਗੱਡੀ ਆਈ ਐ
ਨੀ ਬੂ ਗੱਡੀ ਆਈ ਐ
ਸ਼ਾਵਾ ਗੱਡੀ ਆਈ ਐ
ਬਈ ਬੱਲੇ ਗੱਡੀ ਆਈ ਐ।



ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ
ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ

ਪਾ ਦਿਉ ਨੀ ਮੇਰੇ ਮਾਹੀਏ ਵੱਲ ਚਿੱਠੀਆਂ
ਪਾ ਦਿੱਤੀਆ ਨੀ ਤੇਰੇ ਮਾਹੀਏ ਵੱਲ ਚਿੱਠੀਆਂ।

ਜਾ ਪਹੁੰਚੀ ਚਿੱਠੀ ਵਿੱਚ ਨੀ ਕਚਿਹਰੀ ਦੇ
ਫੜ੍ਹ ਲਈ ਨੀ ਮਾਹੀਏ ਲੰਮੀ ਬਾਂਹ ਕਰਕੇ।

ਪੜ੍ਹ ਲਈ ਨੀ ਮਾਹੀਏ ਪੱਟਾਂ ਉੱਤੇ ਧਰਕੇ
ਮੰਗ ਲਈਆਂ ਨੀ ਮਾਹੀਏ ਸਾਹਿਬ ਕੋਲੋਂ ਛੁੱਟੀਆਂ।

ਕੱਸ ਲਈਆਂ ਨੀ ਮਾਹੀਏ ਬੂਟ ਜੁਰਾਬਾਂ
ਤੁਰ ਪਿਆ ਨੀ ਮਾਹੀਆ ਸਿਖਰ ਦੁਪਹਿਰੇ।

ਆਉਂਦੇ ਨੇ ਸਾਈਕਲ ਵਿਹੜੇ ਵਿੱਚ ਸਿੱਟਿਆ

ਫੜ੍ਹ ਲਈਆਂ ਨੀ ਮਾਹੀਏ ਗੋਰੀ ਦੀਆਂ ਨਬਜ਼ਾਂ।

ਦੱਸ ਗੋਰੀਏ ਨੀ ਸਾਰੇ ਰੋਗ ਦਿਲਾਂ ਦੇ
ਟੁੱਟ ਗਏ ਵੇ ਸਭ ਰੋਗ ਦਿਲਾਂ ਦੇ।

ਮੇਰੇ ਭੁੰਨ ਦੇ ਝਿਉਰੀਏ

ਸ਼ਾਰਾ-ਰਾ-ਰਾ-ਰਾ
ਮੇਰੇ ਭੁੰਨ ਦੇ ਝਿਉਰੀਏ
ਤੀਰੀ-ਰੀ-ਰੀ-ਰੀ
ਮੇਰੇ ਭੁੰਨ ਦੇ ਝਿਉਰੀਏ ਦਾਣੇ
ਨੀ ਬੰਬੂ ਕਾਟ ਲੰਘ ਜਾਣਗੇ

ਕਾਲੇ ਫੁੱਲ ਨੀ ਗੋਬਿੰਦੀਏ
ਸ਼ਾਰਾ-ਰਾ-ਰਾ-ਰਾ
ਕਾਲੇ ਫੁੱਲ ਨੇ ਗੋਬਿੰਦੀਏ
ਤੀਰੀ-ਰੀ-ਰੀ-ਰੀ
ਕਾਲੇ ਫੁੱਲ ਨੀ ਗੋਬਿੰਦੀਏ ਤੇਰੇ
ਮੈਂ ਭੁੱਲ ਆਇਆ ਟੇਸ਼ਣ 'ਤੇ

ਮੈਨੂੰ ਫੇਰ ਚੰਦਰੀ ਨਾ
ਸ਼ਾਰਾ-ਰਾ-ਰਾ-ਰਾ
ਮੈਨੂੰ ਫੇਰ ਚੰਦਰੀ ਨਾ
ਤੀਰੀ-ਰੀ-ਰੀ-ਰੀ
ਮੈਨੂੰ ਫੇਰ ਚੰਦਰੀ ਨਾ ਆਖੀਂ
ਵੇ ਅੱਗ ਲੱਗੇ ਕਾਲੇ ਫੁੱਲਾਂ ਨੂੰ

ਮੇਰੀ ਪੀਂਘ ਪੱਤਿਆਂ ਦੀ
ਸ਼ਾਰਾ-ਰਾ-ਰਾ-ਰਾ
ਮੇਰੀ ਪੀਂਘ ਪੱਤਿਆਂ ਦੀ
ਤੀਰੀ-ਰੀ-ਰੀ-ਰੀ
ਮੇਰੀ ਪੀਂਘ ਪੱਤਿਆਂ ਦੀ ਪਾਈ
ਵੇ ਝੂਟਾ ਦੇ ਜਾ ਜਾਣ ਵਾਲਿਆ

ਮੇਰੀ ਕੰਧ ਤੇ ਬਰੋਟਾ
ਸ਼ਾਰਾ-ਰਾ-ਰਾ-ਰਾ
ਮੇਰੀ ਕੰਧ ਤੇ ਬਰੋਟਾ
ਤੀਰੀ-ਰੀ-ਰੀ-ਰੀ
ਵੇਖੋ ਕੰਧ ਤੇ ਬਰੋਟਾ ਲਾਇਆ
ਨੀ ਜੇਠ ਮਖੌਲੀ ਨੇ

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਸ਼ਾਰਾ-ਰਾ-ਰਾ-ਰਾ
ਗੋਰਾ ਰੰਗ ਤੇ ਸਰਬਤੀ ਅੱਖੀਆਂ
ਤੀਰੀ-ਰੀ-ਰੀ-ਰੀ
ਗੋਰਾ ਰੰਗ ਤੇ ਸਰਬਤੀ ਅੱਖੀਆਂ
ਨੀ ਮੱਸਿਆਂ ਦੇ ਮੇਲੇ ਚੱਲੀ ਆਂ

ਮੇਰੇ ਭੁੰਨ ਦੇ ਝਿਉਰੀਏ ਦਾਣੇ
ਸ਼ਾਰਾ-ਰਾ-ਰਾ-ਰਾ
ਮੇਰੇ ਭੁੰਨ ਦੇ ਝਿਉਰੀਏ
ਤੀਰੀ-ਰੀ-ਰੀ-ਰੀ
ਮੇਰੇ ਭੁੰਨ ਦੇ ਝਿਉਰੀਏ ਦਾਣੇ
ਨੀ ਬੰਬੂ ਕਾਟ ਲੰਘ ਜਾਣਗੇ

ਛੱਲਾ ਮੇਰਾ ਕਿਸ ਘੜਿਆ

ਮੇਰੀ ਉਂਗਲ ਕਰੇਂਦੀ ਡਾਢੀ ਪੀੜ
ਛੱਲਾ ਮੇਰਾ ਕਿਸ ਘੜਿਆ।

ਇਸ ਛੱਲੇ ਦੀਆਂ ਧੁੰਮਾਂ ਪਈਆਂ
ਕਾਬਲ ਤੇ ਕਸ਼ਮੀਰ।
ਛੱਲਾ ਮੇਰਾ ਕਿਸ ਘੜਿਆ
ਮੇਰੀ ਉਂਗਲ ਕਰੇਂਦੀ ਡਾਢੀ ਪੀੜ
ਕਿ ਛੱਲਾ ਮੇਰਾ ਕਿਸ ਘੜਿਆ।

ਇਸ ਛੱਲੇ ਦੇ ਆਏ ਵਪਾਰੀ
ਮੁੱਲ ਕਰੇਂਦੀ ਹੀਰ

ਛੱਲਾ ਮੇਰਾ ਕਿਸ ਘੜਿਆ
ਮੇਰੀ ਉਂਗਲ ਕਰੇਂਦੀ ਡਾਢੀ ਪੀੜ
ਕਿ ਛੱਲਾ ਮੇਰਾ ਕਿਸ ਘੜਿਆ।

ਇਸ ਛੱਲੇ ਦੀ ਯਾਦ ਜੇ ਆਵੇ
ਵਿੰਨ ਦੇਵੇ ਜਿਉਂ ਤੀਰ
ਛੱਲਾ ਮੇਰਾ ਕਿਸ ਘੜਿਆ
ਮੇਰੀ ਉਂਗਲ ਕਰੇਂਦੀ ਡਾਢੀ ਪੀੜ
ਕਿ ਛੱਲਾ ਮੇਰਾ ਕਿਸ ਘੜਿਆ
ਮੇਰੀ ਉਂਗਲ ਕਰੇਂਦੀ ਡਾਢੀ ਪੀੜ
ਕਿ ਛੱਲਾ ਮੇਰਾ ਕਿਸ ਘੜਿਆ।

ਕੱਚ ਦੀਆਂ ਚੂੜੀਆਂ ਮੈਂ ਆਨੇ ਆਨੇ ਵੇਚਦਾ

ਨਗਾਂ ਵਾਲੇ ਗਜਰੇ ਮੈਂ ਦੋ ਦੋ ਆਨੇ ਵੇਚਦਾ
ਕੱਚ ਦੀਆਂ ਚੂੜੀਆਂ ਮੈਂ ਆਨੇ ਆਨੇ ਵੇਚਦਾ

ਇਕ ਨਵਾਂ ਸੌਦਾਗਰ ਆਇਆ
ਕਲਕੱਤਿਓ ਮਾਲ ਲਿਆਇਆ
ਕੁੜੀਓ ਚਿੜੀਓ ਲੈ ਲਓ ਨੀ ਨਮੂਨਾ ਆਪਣੇ ਦੇਸ ਦਾ
ਕੱਚ ਦੀਆਂ ਚੂੜੀਆਂ ਮੈਂ ਆਨੇ ਆਨੇ ਵੇਚਦਾ
ਨਗਾਂ ਵਾਲੇ ਗਜਰੇ ਮੈਂ ਦੋ ਦੋ ਆਨੇ ਵੇਚਦਾ
ਕੱਚ ਦੀਆਂ ਚੂੜੀਆਂ ਮੈਂ ਆਨੇ ਆਨੇ ਵੇਚਦਾ

ਗਲੀਓ ਗਲੀ ਵਣਜਾਰਾ ਫਿਰਦਾ
ਵਾਜ ਮਾਰ ਲੈਨੀ ਆ ਬੁਲਾਅ
ਭਲਾ ਜੀ ਮੈਨੂੰ ਤੇਰੀ ਸਹੁੰ
ਵਾਜ ਮਾਰ ਲੈਨੀ ਆ ਬੁਲਾਅ

ਸੱਸ ਗਈ ਪੇਕੜੇ ਨਣਾਨ ਗਈ ਸਹੁਰੇ
ਨੀ ਮੈਂ ਵੰਗੜੀਆਂ ਤੇ ਲਈਆਂ ਨੇ ਚੜ੍ਹਾ
ਭਲਾ ਜੀ ਮੈਨੂੰ ਤੇਰੀ ਸਹੁੰ
ਵੰਗੜੀਆਂ ਤੇ ਲਈਆਂ ਨੇ ਚੜ੍ਹਾ

ਸੱਸ ਤੋਂ ਵੀ ਚੋਰੀ ਤੇ ਨਣਾਨ ਤੋਂ ਵੀ ਚੋਰੀ
ਨੀ ਮੈਂ ਛੱਜ ਭਰ ਛੋਲਿਆਂ ਦਾ ਪਾ
ਭਲਾ ਜੀ ਮੈਨੂੰ ਤੇਰੀ ਸਹੁੰ
ਛੱਜ ਭਰ ਛੋਲਿਆ ਦਾ ਪਾ

ਢਲ ਪਰਛਾਂਵੇਂ ਨੀ ਮੈਂ ਚਰਖਾ ਡਾਹਨੀ ਆਂ
ਕੱਤਦੀ ਆਂ ਵੰਗੜੀਆਂ ਦੇ ਚਾਅ
ਭਲਾ ਜੀ ਮੈਨੂੰ ਤੇਰੀ ਸਹੁੰ
ਕੱਤਦੀ ਆਂ ਵੰਗੜੀਆਂ ਦੇ ਚਾਅ।

ਬਾਹਰੋਂ ਤਾਂ ਆਇਆ ਕਾਨ੍ਹ ਹਸਦਾ ਤੇ ਖੇਡਦਾ
ਭਾਬੀਆਂ ਨੇ ਦਿੱਤਾ ਈ ਸ਼ਖਾ
ਭਲਾ ਜੀ ਤੈਨੂੰ ਮੇਰੀ ਸੌਂਹ
ਭਾਬੀਆ ਨੇ ਦਿੱਤਾ ਈ ਸਖਾ।

ਅੰਦਰੋਂ ਤਾਂ ਆਇਆ ਕਾਨ੍ਹ ਸੜਿਆ ਤੇ ਬਲਿਆ
ਵੰਗੜੀਆਂ ਨੂੰ ਕੀਤਾ ਈ ਤਬਾਹ
ਭਲਾ ਜੀ ਮੈਨੂੰ ਤੇਰੀ ਸਹੁੰ
ਵੰਗੜੀਆਂ ਨੂੰ ਕੀਤਾ ਈ ਤਬਾਹ।

ਚੁਣ ਚੁਣ ਡੱਕਰੇ ਮੈਂ ਝੋਲੀ ਵਿੱਚ ਪਾਉਨੀ ਆਂ
ਰੋਣ ਮੇਰਾ ਥੰਮਿਆ ਨਾ ਜਾ
ਭਲਾ ਜੀ ਮੈਨੂੰ ਤੇਰੀ ਸਹੁੰ
ਰੋਣ ਮੇਰਾ ਥੰਮਿਆ ਨਾ ਜਾ।

ਇੱਕ ਦੇ ਦੇ ਘੋੜੀ ਬੀਬਾ ਇੱਕ ਦੇ ਦੇ ਆਦਮੀ
ਪਾ ਦੇ ਸਾਨੂੰ ਪੇਕਿਆਂ ਦੇ ਰਾਹ
ਭਲਾ ਜੀ ਮੈਨੂੰ ਤੇਰੀ ਸਹੁੰ
ਪਾ ਦੇ ਸਾਨੂੰ ਪੇਕਿਆਂ ਦੇ ਰਾਹ।

ਪੰਜ ਸੱਤ ਕੱਢਕੇ ਰੁਪਈਏ ਕਾਨ੍ਹ ਦੇਂਵਦਾ
ਲੈ ਨੀ ਨਾਜੋ ਸੁੱਚੀਆਂ ਚੜ੍ਹਾ
ਖਸਮਾਂ ਨੂੰ ਖਾਣ ਤੇਰੀਆਂ ਸੁੱਚੀਆਂ ਤੇ ਝੂਠੀਆਂ
ਅਗਲੀਆਂ ਦਾ ਲੱਬਾ ਨਹੀਓਂ ਚਾਅ

ਭਲਾ ਜੀ ਮੈਨੂੰ ਤੇਰੀ ਸਹੁੰ
ਅਗਲੀਆਂ ਦਾ ਲੱਥਾ ਨਹੀਓਂ ਚਾਅ।

ਅੱਖਾਂ ਵਿੱਚ ਅੱਥਰੂ ਤੇ ਮੋਢੇ ਉੱਤੇ ਬੁਚਕਾ
ਭਰਦੀ ਜਾਏ ਉੱਭੇ ਉੱਭੇ ਸਾਹ
ਭਲਾ ਜੀ ਮੈਨੂੰ ਤੇਰੀ ਸਹੁੰ
ਭਰ ਦੀ ਜਾਏ ਉੱਭੇ ਉੱਭੇ ਸਾਹ।

ਕੋਠੇ ਉੱਤੇ ਚੜ੍ਹ ਕਾਨ੍ਹ ਹਾਕਾ ਪਿਆ ਮਾਰਦਾ
ਹਾਸੇ ਦਾ ਮੜਾਸਾ ਨਾ ਬਣਾ
ਭਲਾ ਜੀ ਮੈਨੂੰ ਤੇਰੀ ਸਹੁੰ
ਹਾਸੇ ਦਾ ਮੜਾਸਾ ਨਾ ਬਣਾ।

ਹੱਥ ਵਿੱਚ ਕੁੰਜੀਆਂ ਤੇ ਥਾਲੀ ਵਿੱਚ ਆਟਾ
ਲੈ ਨੀ ਮਾਏ ਰੋਟੀਆਂ ਪਕਾਅ
ਇਕ ਦਿਨ ਪੱਕੀਆਂ ਦੋ ਦਿਨ ਪੱਕੀਆਂ
ਜਾ ਕੇ ਮੇਰੀ ਨੂੰਹ ਨੂੰ ਲਿਆ
ਭਲਾ ਜੀ ਮੈਨੂੰ ਤੇਰੀ ਸਹੁੰ
ਜਾ ਕੇ ਮੇਰੀ ਨੂੰਹ ਨੂੰ ਲਿਆ।

ਹੱਥ ਵਿੱਚ ਕੁੰਜੀਆਂ ਤੇ ਥਾਲੀ ਵਿਚ ਆਟਾ
ਲੈ ਨੀ ਭਾਬੀ ਰੋਟੀਆਂ ਪਕਾਅ
ਇਕ ਦਿਨ ਪੱਕੀਆਂ ਦੋ ਦਿਨ ਪੱਕੀਆਂ
ਉਸੇ ਭੈੜ ਭੱਤੀ ਨੂੰ ਲਿਆ
ਭਲਾ ਜੀ ਮੈਨੂੰ ਤੇਰੀ ਸਹੁੰ
ਉਸੇ ਭੈੜ ਭੱਤੀ ਨੂੰ ਲਿਆ।

ਸ਼ਾਮ ਵੀਰ ਵਾਰ ਦਿਨ ਕਾਨ੍ਹ ਲੈਣ ਆ ਗਿਆ
ਆ ਨੀ ਨਾਜੋ ਰੋਟੀਆਂ ਪਕਾਅ
ਭਲਾ ਜੀ ਮੈਨੂੰ ਤੇਰੀ ਸਹੁੰ
ਆ ਨੀ ਨਾਜੋ ਰੋਟੀਆਂ ਪਕਾਅ।

ਮੈਥੋਂ ਨਹੀਓਂ ਪੱਕਦੀਆਂ
ਤੇ ਮੈਥੋਂ ਨਹੀਂ ਸੜਦੀਆਂ

ਭਾਬੋਂ ਦੀਆਂ ਪੱਕੀਆਂ ਈ ਖਾਹ
ਭਲਾ ਜੀ ਮੈਨੂੰ ਤੇਰੀ ਸਹੁੰ
ਭਾਬੋਂ ਦੀਆਂ ਪੱਕੀਆਂ ਈ ਖਾਹ।

ਭਾਬੋਂ ਦੀਆ ਪੱਕੀਆਂ
ਬਥੇਰਾ ਚਿਰ ਖਾਧੀਆਂ
ਹੁਣ ਮੈਨੂੰ ਤੇਰੀਆਂ ਦਾ ਚਾਅ
ਭਲਾ ਜੀ ਮੈਨੂੰ ਤੇਰੀ ਸਹੁੰ
ਹੁਣ ਮੈਨੂੰ ਤੇਰੀਆਂ ਦਾ ਚਾਅ।

ਅੱਖਾਂ ਵਿਚ ਕਜਰਾ ਤੇ ਨਿੰਮਾ ਨਿੰਮਾ ਹੱਸ ਕੇ
ਮਾਹੀਆ ਸਾਨੂੰ ਲੈ ਈ ਆਇਆ
ਭਲਾ ਜੀ ਮੈਨੂੰ ਤੇਰੀ ਸਹੁੰ
ਮਾਹੀਆ ਸਾਨੂੰ ਲੈ ਈ ਆਇਆ



ਹਾਏ ਮੈਂ ਮਿੱਟੀ ਖਾਣੀ ਆਂ

ਸੁਟਾ ਦੇ ਬੋਰਾ ਮਿੱਟੀ ਦਾ
ਹਾਏ ਮੈਂ ਮਿੱਟੀ ਖਾਣੀ ਆਂ
ਸੁਟਾ ਦੇ ਬੋਰਾ ਮਿੱਟੀ ਦਾ।

ਦੇਵਰ ਨੂੰ ਆਖਿਆ ਮਿੱਟੀ ਲਿਆ ਦੇ
ਲੈ ਆਇਆ ਪਤਾਸੇ
ਸਾਰਾ ਟੱਬਰ ਸੌਂ ਗਿਆ
ਮੇਰਾ ਦੇਵਰ ਮਾਰੇ ਪਾਸੇ
ਨੀ ਹਰਾਮੀ ਦੇਵਰ – ਸ਼ਾਵਾ
ਨੀ ਬੇਈਮਾਨ ਦੇਵਰ – ਸ਼ਾਵਾ
ਨੀ ਇਹਨੂੰ ਕੰਨੋਂ ਫੜ੍ਹ ਸਮਝਾਵਾ – ਸ਼ਾਵਾ
ਨੀ ਇਹਨੂੰ ਪੜ੍ਹਨੇ ਪਾਵਾਂ – ਸ਼ਾਵਾ
ਸ਼ਾਵਾ ਨੀ ਖੂਹ 'ਤੇ ਖੜ੍ਹੀਆਂ ਦੋ ਜਣੀਆਂ
ਤੂੰ ਕਿੱਥੇ ਗਿਆ ਮੈਂ ਹੁਣੇ ਆਈ ਆਂ
ਕਬੂਤਰ ਬੋਲੀ ਬੋਲ ਗਿਆ
ਮੇਰਾ ਨਰਮ ਕਾਲਜਾ ਡੋਲ ਗਿਆ
ਹਾਏ ਮੈਂ ਮਿੱਟੀ ਖਾਣੀ ਆਂ

ਸੁਟਾ ਦੇ ਬੋਰਾ ਮਿੱਟੀ ਦਾ।

ਮੈਂ ਘੱਲਿਆ ਸੀ ਮਿੱਟੀ ਲਿਆ ਦੇ
ਲੈ ਆਇਆ ਛੁਹਾਰੇ
ਸਾਰਾ ਟੱਬਰ ਸੌਂ ਗਿਆ
ਮੇਰਾ ਦੇਵਰ ਕਰੇ ਇਸ਼ਾਰੇ
ਨੀ ਹਰਾਮੀ ਦੇਵਰ – ਸ਼ਾਵਾ
ਨੀ ਬੇਈਮਾਨ ਦੇਵਰ – ਸ਼ਾਵਾ
ਨੀ ਇਹਨੂੰ ਫੜ੍ਹ ਸਮਝਾਵਾਂ – ਸ਼ਾਵਾ
ਨੀ ਇਹਨੂੰ ਪੜ੍ਹਨੇ ਪਾਵਾਂ – ਸ਼ਾਵਾ

ਸ਼ਾਵਾ ਨੀ ਖੂਹੇ ਤੇ ਖੜੀਆਂ ਦੋ ਜਣੀਆਂ
ਤੂੰ ਕਿੱਥੇ ਗਿਆ ਮੈਂ ਹੁਣੇ ਆਈ ਆਂ
ਕਬੂਤਰ ਬੋਲੀ ਬੋਲ ਗਿਆ
ਮੇਰਾ ਨਰਮ ਕਾਲਜਾ ਡੋਲ ਗਿਆ
ਹਾਏ ਮੈਂ ਮਿੱਟੀ ਖਾਣੀ ਆ
ਸੁਟਾ ਦੇ ਬੋਰਾ ਮਿੱਟੀ ਦਾ।

ਸਾਰਾ ਟੱਬਰ ਸੌਂ ਗਿਆ
ਮੇਰਾ ਦੇਵਰ ਮਾਰੇ ਅੱਖੀਆਂ
ਨੀ ਹਰਾਮੀ ਦੇਵਰ – ਸ਼ਾਵਾ
ਨੀ ਬੇਈਮਾਨ ਦੇਵਰ – ਸ਼ਾਵਾ
ਨੀ ਇਹਨੂੰ ਫੜ੍ਹ ਸਮਝਾਵਾਂ – ਸ਼ਾਵਾ
ਨੀ ਇਹਨੂੰ ਪੜ੍ਹਨੇ ਪਾਵਾਂ – ਸ਼ਾਵਾ

ਸ਼ਾਵਾ ਨੀ ਖੂਹੇ ਤੇ ਖੜੀਆਂ ਦੋ ਜਣੀਆਂ
ਤੂੰ ਕਿੱਥੇ ਗਿਆ ਮੈਂ ਹੁਣੇ ਆਈ ਆਂ
ਕਬੂਤਰ ਬੋਲੀ ਬੋਲ ਗਿਆ
ਮੇਰਾ ਨਰਮ ਕਾਲਜਾ ਡੋਲ ਗਿਆ
ਹਾਏ ਮੈਂ ਮਿੱਟੀ ਖਾਣੀ ਆ
ਸੁਟਾ ਦੇ ਬੋਰਾ ਮਿੱਟੀ ਦਾ।



ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ
ਖਾਵਣ ਕਰਮਾਂ ਵਾਲੀਆਂ – ਹਈ ਸ਼ਾਵਾ
ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ।

ਮਾਹੀ ਮੇਰੇ ਨੇ ਪਰਸ ਭੇਜਿਆ
ਵਿਚੋਂ ਨਿਕਲੀਆਂ ਚੂੜੀਆਂ – ਹਈ ਸ਼ਾਵਾ
ਚੂੜੀਆਂ ਪਾ ਕੇ ਬਾਹਰ ਨਿਕਲੀ
ਸੜ ਗਈਆਂ ਆਂਢ ਗੁਆਂਢਣੀਆਂ – ਹਈ ਸ਼ਾਵਾ
ਮੰਜਾਂ ਡਾਹ ਲਉ – ਪੀੜੀ ਡਾਹ ਲਉ
ਮਾਹੀ ਮੇਰੇ ਨੂੰ ਖਸਮ ਬਣਾ ਲਉ
ਮੌਜ ਉਡਾ ਲਉ
ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ
ਖਾਵਣ ਕਰਮਾਂ ਵਾਲੀਆਂ – ਹਈ ਸ਼ਾਵਾ।

ਮਾਹੀ ਮੇਰੇ ਨੇ ਪਰਸ ਭੇਜਿਆ
ਵਿਚੋਂ ਨਿਕਲਿਆ ਟਿੱਕਾ – ਹਈ ਸ਼ਾਵਾ
ਟਿੱਕਾ ਪਾ ਕੇ ਬਾਹਰ ਨਿਕਲੀ – ਹਈ ਸ਼ਾਵਾ
ਸੜ ਗਈਆਂ ਆਂਢ ਗੁਆਂਢਣੀਆਂ – ਹਈ ਸ਼ਾਵਾ
ਮੰਜਾ ਡਾਹ ਲਉ ਪੀੜੀ ਡਾਹ ਲਉ
ਮਾਹੀ ਮੇਰੇ ਨੂੰ ਖਸਮ ਬਣਾ ਲਉ
ਮੌਜ ਉਡਾ ਲਉ
ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ
ਖਾਵਣ ਕਰਮਾਂ ਵਾਲੀਆਂ – ਹਈ ਸ਼ਾਵਾ।

ਮਾਹੀ ਮੇਰੇ ਨੇ ਪਰਸ ਭੇਜਿਆ
ਵਿਚੋਂ ਨਿਕਲੀਆਂ ਗਾਨੀਆਂ – ਹਈ ਸ਼ਾਵਾ
ਗਾਨੀ ਪਾ ਕੇ ਬਾਹਰ ਨਿਕਲੀ
ਸੜ ਗਈਆਂ ਆਂਢ ਗੁਆਂਢਣੀਆਂ – ਹਈ ਸ਼ਾਵਾ
ਮੰਜਾ ਡਾਹ ਲਉ ਪੀੜੀ ਡਾਹ ਲਉ
ਮਾਹੀ ਮੇਰੇ ਨੂੰ ਖਸਮ ਬਣਾ ਲਉ
ਮੌਜ ਉਡਾ ਲਉ
ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ
ਖਾਵਣ ਕਰਮਾਂ ਵਾਲੀਆਂ – ਹਈ ਸ਼ਾਵਾ

ਲੀਚੀ ਤੇ ਖੁਰਮਾਨੀਆਂ – ਹਈ ਸ਼ਾਵਾ।

ਹੁੱਲੇ ਹੁਲਾਰੇ ਲੋਕੀਂ ਗੰਗਾ ਚੱਲੇ – ਸ਼ਾਵਾ

ਹੁੱਲੇ ਹੁਲਾਰੇ ਲੋਕੀਂ ਗੰਗਾ ਚੱਲੇ – ਸ਼ਾਵਾ।

ਸੱਸ ਸਹੁਰਾ ਚੱਲੇ ..... ਸ਼ਾਵਾ
ਜੇਠ ਜਠਾਣੀ ਚਲੇ ..... ਸ਼ਾਵਾ
ਦਿਉਰ ਦਰਾਣੀ ਚੱਲੇ ..... ਸ਼ਾਵਾ
ਨਾਲੇ ਉਹ ਵੀ ਚੱਲੇ ..... ਸ਼ਾਵਾ
ਨਾਲੇ ਸੌਂਕਣ ਚਲੀ ..... ਸ਼ਾਵਾ
ਮੈਥੋਂ ਚੋਰੀ ਰੱਖੀ ..... ਸ਼ਾਵਾ
ਮੈਂ ਵੀ ਮਗਰੇ ਚੜ੍ਹ ਗਈ ..... ਸ਼ਾਵਾ
ਦਿਉਰ ਦਰਾਣੀ ਚੜ੍ਹ ਗਏ ..... ਸ਼ਾਵਾ
ਨਾਲੇ ਉਹ ਵੀ ਚੜ੍ਹ ਗਏ ..... ਸ਼ਾਵਾ
ਨਾਲੇ ਸੌਂਕਣ ਚੜ੍ਹ ਗਈ ..... ਸ਼ਾਵਾ
ਮੈਂ ਵੀ ਮਗਰੇ ਚੜ੍ਹ ਗਈ ..... ਸ਼ਾਵਾ।

ਸੱਸ ਸਹੁਰਾ ਬੈਠੇ ..... ਸ਼ਾਵਾ
ਜੇਠ ਜਠਾਣੀ ਬੈਠੇ ..... ਸ਼ਾਵਾ
ਦਿਉਰ ਦਰਾਣੀ ਬੈਠੇ ..... ਸ਼ਾਵਾ
ਨਾਲੇ ਉਹ ਵੀ ਬੈਠੇ ..... ਸ਼ਾਵਾ
ਨਾਲੇ ਸੌਂਕਣ ਬੈਠੀ ..... ਸ਼ਾਵਾ
ਟੇਸ਼ਣ ਆ ਗਿਆ ਭੈਣੋ ..... ਸ਼ਾਵਾ।

ਸੱਸ ਤੇ ਸਹੁਰਾ ਉੱਤਰੇ ..... ਸ਼ਾਵਾ
ਜੇਠ ਜਠਾਣੀ ਉੱਤਰੇ ..... ਸ਼ਾਵਾ
ਦਿਉਰ ਦਰਾਣੀ ਉੱਤਰੇ ..... ਸ਼ਾਵਾ
ਨਾਲੇ ਉਹ ਵੀ ਉੱਤਰੇ ..... ਸ਼ਾਵਾ
ਨਾਲੇ ਸੌਂਕਣ ਉੱਤਰੀ ..... ਸ਼ਾਵਾ
ਹੌਲੀ ਜਹੀ ਮੈਂ ਵੀ ਉੱਤਰੀ ..... ਸ਼ਾਵਾ
ਸਾਰੇ ਪੱਤਣ ਪਹੁੰਚੇ ..... ਸ਼ਾਵਾ।

ਸੱਸ ਸਹੁਰਾ ਨ੍ਹਾਵਣ ..... ਸ਼ਾਵਾ

ਜੇਠ ਜਠਾਣੀ ਨ੍ਹਾਵਣ ..... ਸ਼ਾਵਾ
ਦਿਉਰ ਦਰਾਣੀ ਨ੍ਹਾਵਣ ..... ਸ਼ਾਵਾ
ਨਾਲੇ ਉਹ ਵੀ ਨ੍ਹਾਵਣ ..... ਸ਼ਾਵਾ
ਨਾਲੇ ਸੌਂਕਣ ਨ੍ਹਾਵੇ ..... ਸ਼ਾਵਾ
ਲੁਕ ਕੇ ਮੈਂ ਵੀ ਨ੍ਹਾਵਾ ..... ਸ਼ਾਵਾ।

ਮੈਂ ਵੀ ਹਿੰਮਤ ਕੀਤੀ ..... ਸ਼ਾਵਾ
ਮੈਂ ਵੀ ਧੱਕਾ ਦਿੱਤਾ ..... ਸ਼ਾਵਾ
ਸੌਂਕਣ ਡਿੱਗ ਪਈ ..... ਸ਼ਾਵਾ
ਸੌਂਕਣ ਡੋਬ ਦਿੱਤੀ ..... ਸ਼ਾਵਾ
ਮੈਨੂੰ ਦਿਉ ਵਧਾਈਆਂ ਨੀ
ਸੌਂਕਣ ਡੋਬ ਆਈ ਆਂ ਨੀ
ਇਹਨੂੰ ਦਿਉ ਦਿਲਾਸਾ ਨੀ
ਮੇਰਾ ਨਿਕਲੇ ਹਾਸਾ ਨੀ
ਇਹਨੂੰ ਦਿਉ ਦਲੇਰੀ ਨੀ
ਇਹਨੂੰ ਮੈਂ ਹੀਓਂ ਬਥੇਰੀ ਨੀ।



ਬੱਲੇ ਬੱਲੇ ਬਈ ਕਾਗਜਾਂ ਦਾ ਬੁੱਕ ਆ ਗਿਆ

ਸ਼ਾਵਾ ਸ਼ਾਵਾ ਬਈ ਕਾਗਜਾਂ ਦਾ ਬੁੱਕ ਆ ਗਿਆ
ਚਿੱਠੀ ਆਈ ਨਾ ਪ੍ਰੀਤਾਂ ਵਾਲੀ
ਬਈ ਕਾਗਜਾਂ ਦਾ ਬੁੱਕ ਆ ਗਿਆ .....।

ਬੱਲੇ ਬੱਲੇ ਬਈ ਗੱਡੀ ਵਿਚੋਂ ਲੱਤ ਲਮਕੇ
ਸ਼ਾਵਾ ਸ਼ਾਵਾ ਬਈ ਗੱਡੀ ਵਿਚੋਂ ਲੱਤ ਲਮਕੇ
ਗੋਰਾ ਪੈਰ ਸਲੀਪਰ ਕਾਲੇ
ਬਈ ਗੱਡੀ ਵਿਚੋਂ ਲੱਤ ਲਮਕੇ .....।

ਬੱਲੇ ਬੱਲੇ ਬਈ ਤੇਰੀ ਮੇਰੀ ਉਦੋਂ ਟੁੱਟ ਗਈ
ਸ਼ਾਵਾ ਸ਼ਾਵਾ ਬਈ ਤੇਰੀ ਮੇਰੀ ਉਦੋਂ ਟੁੱਟ ਗਈ
ਜਦੋਂ ਕੱਢੀਆਂ ਗਲੀ ਦੇ ਵਿੱਚ ਗਾਲਾਂ
ਬਈ ਤੇਰੀ ਮੇਰੀ ਉਦੋਂ ਟੁਟ ਗਈ .....।

ਬੱਲੇ ਬੱਲੇ ਬਈ ਹਾਲੀਆਂ ਦੇ ਹਲ ਛੁੱਟ ਗਏ

ਸ਼ਾਵਾ ਸ਼ਾਵਾ ਬਈ ਹਾਲੀਆਂ ਦੇ ਹਲ ਛੁੱਟ ਗਏ
ਤੇਰੇ ਲੌਂਗ ਦਾ ਪਿਆ ਲਿਸ਼ਕਾਰਾ
ਬਈ ਹਾਲੀਆਂ ਦੇ ਹਲ ਛੁੱਟ ਗਏ .....।

ਬੱਲੇ ਬੱਲੇ ਬਈ ਹੱਸਦੀ ਦੇ ਦੰਦ ਗਿਣਦਾ
ਸ਼ਾਵਾ ਸ਼ਾਵਾ ਬਈ ਹੱਸਦੀ ਦੇ ਦੰਦ ਗਿਣਦਾ
ਛੋਟਾ ਦਿਉਰ ਬੜਾ ਟੁੱਟ ਪੈਣਾ
ਬਈ ਹੱਸਦੀ ਦੇ ਦੰਦ ਗਿਣਦਾ .....।

ਬੱਲੇ ਬੱਲੇ ਬਈ ਆਉਂਦੇ ਜਾਂਦੇ ਭਾਬੀ ਆਖਦੇ
ਸ਼ਾਵਾ ਸ਼ਾਵਾ ਬਈ ਆਉਂਦੇ ਜਾਂਦੇ ਭਾਬੀ ਆਖਦੇ
ਕਾਹਨੂੰ ਡਾਹ ਲਿਆ ਗਲੀ ਦੇ ਵਿਚ ਚਰਖਾ
ਬਈ ਆਉਂਦੇ ਜਾਂਦੇ ਭਾਬੀ ਆਖਦੇ .....।

ਬੱਲੇ ਬੱਲੇ ਬਈ ਵਹੁਟੀ ਠਾਣੇਦਾਰ ਦੀ
ਸ਼ਾਵਾ ਸ਼ਾਵਾ ਬਈ ਵਹੁਟੀ ਠਾਣੇਦਾਰ ਦੀ
ਘੁੰਡ ਕੱਢਦੇ ਮਾਮਲੇ ਤਾਰੇ
ਬੱਲੇ ਬੱਲੇ ਬਈ ਵਹੁਟੀ ਠਾਣੇਦਾਰ ਦੀ .....।

ਬੱਲੇ ਬੱਲੇ ਬਈ ਜੇ ਤੂੰ ਮੇਰੀ ਤੋਰ ਵੇਖਣੀ
ਸ਼ਾਵਾ ਸ਼ਾਵਾ ਬਈ ਜੇ ਤੂੰ ਮੇਰੀ ਤੋਰ ਵੇਖਣੀ
ਮੇਰੀ ਘੱਗਰੀ ਨੂੰ ਘੁੰਗਰੂ ਲਵਾਦੇ
ਬਈ ਜੇ ਤੂੰ ਮੇਰੀ ਤੋਰ ਵੇਖਣੀ .....।

ਬੱਲੇ ਬੱਲੇ ਬਈ ਤੋਰ ਪੰਜਾਬਣ ਦੀ
ਸ਼ਾਵਾ ਸ਼ਾਵਾ ਬਈ ਤੋਰ ਪੰਜਾਬਣ ਦੀ
ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ
ਬਈ ਤੋਰ ਪੰਜਾਬਣ ਦੀ .....।

ਬੱਲੇ ਬੱਲੇ ਬਈ ਨਹੀਂ ਤਾਂ ਤੈਨੂੰ ਲੈ ਚੱਲਦਾ
ਸ਼ਾਵਾ ਸ਼ਾਵਾ ਨਹੀਂ ਤਾਂ ਤੈਨੂੰ ਚੱਲਦਾ
ਤੇਰੇ ਢੰਗ ਵੱਸਣੇ ਦੇ ਹੈ ਨਹੀਂ
ਬਈ ਨਹੀਂ ਤਾਂ ਤੈਨੂੰ ਲੈ ਚੱਲਦਾ .....।

ਛੁੱਟੀ ਆਉਣਾ ਅੱਜ ਮੇਰੇ ਰਾਂਝੇ ਢੋਲ ਨੀ
ਜਿੰਦੜੀ ਮੈਂ ਉਹਦੇ ਤੋਂ ਘੁਮਾਵਾਂ ਘੋਲ ਨੀ
ਮੈਂ ਪੱਬਾਂ ਭਾਰ ਨੱਚਦੀ ਫਿਰਾਂ
ਤੇ ਨਾਲੇ ਹੱਸਦੀ ਫਿਰਾਂ
ਛੁੱਟੀ ਆਉਣਾ .....।
ਨੈਣਾਂ ਵਿੱਚ ਪਿਆਰ ਵਾਲੀ ਚੜ੍ਹੀ ਏ ਖੁਮਾਰੀ
ਅੱਜ ਨੱਚ ਨੱਚ ਮੱਸਿਆਂ ਲੁਟਾਵਾਂ
ਉੱਡਦੀ ਫਿਰਾਂ ਚੜ੍ਹ 'ਵਾ ਦਿਆਂ ਬੁੱਲਿਆਂ 'ਤੇ
ਪੱਬ ਨਾਂ ਧਰਤ ਤੇ ਲਾਵਾਂ
ਉਹਦੇ ਪਿਆਰ ਦੀ ਤਰੰਗ
ਪਿਆ ਨੱਚੇ ਅੰਗ ਅੰਗ
ਨੀ ਮੈਂ ਅੱਗ ਦੇ ਭੰਬੂਕੇ ਵਾਗੂੰ ਮੱਚਦੀ ਫਿਰਾਂ
ਨਾਲੇ ਹੱਸਦੀ ਫਿਰਾਂ ਛੁੱਟੀ ਆਉਣਾ .....।

ਉਠ ਉਠ ਨੱਚ ਪਈਆਂ ਸੱਧਰਾਂ ਨੇ ਮੇਰੀਆਂ
ਵੇਖ ਮੈਨੂੰ ਆ ਗਈ ਬਹਾਰ ਨੀ
ਵੇਖਕੇ ਕਮਾਲ ਮੇਰਾ ਚੰਨ ਨਾਲੋਂ ਸੋਹਣਾ ਰੂਪ
ਮਾਹੀਆ ਮੈਨੂੰ ਕਰੇਗਾ ਪਿਆਰ ਨੀ
ਮੈਂ ਬੂਹੇ ਉੱਤੇ ਗਾਵਾਂ
ਲੱਖ ਸ਼ਗਨ ਮਨਾਵਾਂ
ਉਹਨੂੰ ਚੜ੍ਹਕੇ ਬਨੇਰੇ ਉੱਤੇ ਤੱਕਦੀ ਫਿਰਾਂ
ਪੱਬਾ ਭਾਰ ਨੱਚ ਦੀ ਫਿਰਾਂ
ਛੁੱਟੀ ਆਉਣਾ .....।

ਉਹਨੇ ਐਥੇਂ ਤੱਕ ਲੈਣਾ ਮੈਨੂੰ ਜਦ ਆ ਕੇ
ਕਿਵੇਂ ਮੈਂ ਛੁਪਾਵਾਂਗੀ ਮੈਂ ਗਾਨੀ
ਅੰਗ ਅੰਗ ਅੱਜ ਮੇਰਾ ਖ਼ੁਸ਼ੀਆਂ 'ਚ ਝੂੰਮਦਾ
ਹੋਈ ਵੇ ਜਵਾਨੀ ਮਸਤਾਨੀ
ਆਇਆ ਰੂਪ ਤੇ ਨਿਖ਼ਾਰ
ਮੇਰਾ ਜਾਗਿਆ ਪਿਆਰ
ਸ਼ੀਸ਼ਾ ਤੱਕਦੀ ਫਿਰਾਂ ਤੇ ਨਾਲੇ ਹੱਸਦੀ ਫਿਰਾਂ
ਛੁੱਟੀ ਆਉਣਾ ਅੱਜ ਮੇਰੇ ਰਾਂਝੇ ਢੋਲ ਨੀ
ਜਿੰਦੜੀ ਮੈਂ ਉਹਦੇ ਤੋਂ ਘੁਮਾਵਾਂ ਘੋਲ ਨੀ

ਮੈਂ ਪੱਬਾਂ ਭਾਰ ਨੱਚਦੀ ਫਿਰਾਂ
ਤੇ ਨਾਲੇ ਹੱਸਦੀ ਫਿਰਾਂ

ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ
ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ

ਵੇ ਮੈਂ ਇਉਂ ਗਈ ਸੀ ਵੇ ਮੈਂ ਇਉਂ ਗਈ ਸੀ
ਤੇਰੇ ਸੂਟ ਦੀ ਸਵਾਈ ਨੀ ਮੈਂ ਦੇਣ ਗਈ ਸੀ

ਨੀ ਤੂੰ ਕਿਉਂ ਝਗੜੀ ਨੀ ਤੂੰ ਕਿਉਂ ਝਗੜੀ
ਮੇਰੇ ਹਾਣ ਦੇ ਮੁੰਡੇ ਦੇ ਨਾਲ ਕਿਉਂ ਝਗੜੀ

ਵੇ ਮੈਂ ਇਉਂ ਝਗੜੀ ਵੇ ਮੈਂ ਇਉਂ ਝਗੜੀ
ਤੇਰੇ ਹਾਣ ਦੇ ਮੁੰਡੇ ਨੇ ਮੇਰੀ ਬਾਂਹ ਪਕੜੀ।

ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ
ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ

ਵੇ ਮੈਂ ਇਉਂ ਗਈ ਸੀ ਵੇ ਮੈਂ ਇਉਂ ਗਈ ਸੀ
ਤੇਰੇ ਚੀਰੇ ਦੀ ਸਵਾਈ ਵੇ ਮੈਂ ਦੇਣ ਗਈ ਸੀ

ਨੀ ਤੂੰ ਕਿਉਂ ਝਗੜੀ ਨੀ ਤੂੰ ਕਿਉਂ ਝਗੜੀ
ਮੇਰੇ ਹਾਣ ਦੇ ਮੁੰਡੇ ਦੇ ਨਾਲ ਕਿਉਂ ਝਗੜੀ

ਵੇ ਮੈਂ ਇਉਂ ਝਗੜੀ ਵੇ ਮੈਂ ਇਉਂ ਝਗੜੀ
ਤੇਰੇ ਹਾਣ ਦੇ ਮੁੰਡੇ ਨੇ ਮੇਰੀ ਬਾਂਹ ਪਕੜੀ।

ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ
ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ

ਵੇ ਮੈਂ ਇਉਂ ਗਈ ਸੀ ਵੇ ਮੈਂ ਇਉਂ ਗਈ ਸੀ
ਤੇਰੀ ਜੁੱਤੀ ਦੀ ਸਵਾਈ ਵੇ ਮੈਂ ਦੇਣ ਗਈ ਸੀ

ਨੀ ਤੂੰ ਕਿਉਂ ਝਗੜੀ ਨੀ ਤੂੰ ਕਿਉਂ ਝਗੜੀ
ਮੇਰੇ ਹਾਣ ਮੁੰਡੇ ਦੇ ਨਾਲ ਕਿਉਂ ਝਗੜੀ

ਵੇ ਮੈਂ ਇਉਂ ਝਗੜੀ ਵੇ ਮੈਂ ਇਉਂ ਝਗੜੀ
ਤੇਰੇ ਹਾਣ ਦੇ ਮੁੰਡੇ ਨੇ ਮੇਰੀ ਬਾਂਹ ਪਕੜੀ

ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ
ਚੌਕੀਦਾਰਾਂ ਦੇ ਮੁਹੱਲੇ ਨੀ ਤੂੰ ਕਿਉਂ ਗਈ ਸੀ

ਰੱਤੀ ਤੇਰੀ ਤੇ ਢੋਲ ਮੇਰਿਆ ਲੂੰਗੀ ਉਏ
ਵੱਟ ਪੁਆਨੀਆਂ ਮੈਂ ਰੇਸ਼ਮ ਦੀਆਂ ਡੋਰਾਂ
ਨੀ ਕੋਈ ਆਉਂਦਾ ਆਉਂਦਾ ਅੱਖੋਂ ਉਹਲੇ ਹੋ ਗਿਆ
ਵੇ ਮੈਂ ਦੂਰ ਤੋਂ ਪਛਾਣ ਦੀਆਂ ਟੋਰਾਂ

ਚੰਨ ਚੜ੍ਹਿਆਂ ਕੁੱਲ ਆਲਮ ਵੇਖੇ
ਤੇ ਮੈਂ ਵੇਖਾਂ ਮੂੰਹ ਤੇਰਾ
ਲੱਖਾਂ ਵਾਰ ਚੰਨ ਚੜ੍ਹੇ ਤੇ ਚਮਕੇ
ਨੀ ਸਾਨੂੰ ਸੱਜਣਾ ਦੇ ਬਾਝ ਹਨੇਰਾ
ਕਾਲੀ ਰਾਤ ਜਿਹੀ ਏ ਕਿਸਮਤ ਮੇਰੀ
ਵੇ ਤੂੰ ਕਰ ਗਿਆ ਬੇਪਰਵਾਹੀਆਂ
ਚਾਨਣੀਆਂ ਰਾਤਾਂ ਦੇ ਵਿੱਚ
ਹੁਣ ਜੀ ਨਹੀਂ ਲੱਗਦਾ ਮੇਰਾ
ਰੱਤੀ ਤੇਰੀ ਤੇ ਢੋਲ ਮੇਰਿਆ ਲੂੰਗੀ ਉਏ
ਵੱਟ ਪੁਆਨੀਆਂ ਮੈਂ ਰੇਸ਼ਮ ਦੀਆਂ ਡੋਰਾਂ

ਅਲਫ ਆਖਾਂ ਦਮਾਂ ਦਿਆਂ ਲੋਭੀਆਂ ਵੇ
ਸਾਡੇ ਘਰ ਅੰਦਰ ਤੇਰੀ ਲੋੜ ਸੱਜਣਾ
ਹੁਸਨ ਜਿਹੀਆਂ ਵੱਡਮੁਲੀਆਂ ਦੋਲਤਾਂ ਨੂੰ
ਕੀਹਦੇ ਆਸਰੇ ਗਿਆ ਏ ਛੋੜ ਮੀਆਂ
ਰੱਤੀ ਤੇਰੀ ਤੇ ਢੋਲ ਮੇਰਿਆ ਲੂੰਗੀ ਉਏ
ਵੱਟ ਪੁਆਨੀਆਂ ਮੈਂ ਰੇਸ਼ਮ ਦੀਆਂ ਡੋਰਾਂ
ਨੀ ਕੋਈ ਆਉਦਾ ਆਉਦਾ ਅੱਖੋਂ ਉਹਲੇ ਹੋ ਗਿਆ
ਵੇ ਮੈਂ ਦੂਰ ਤੋਂ ਪਛਾਣ ਦੀਆਂ ਟੋਰਾਂ

ਤੈਨੂੰ ਖ਼ਬਰ ਕੀ ਏ ਚੰਨਾ ਬਾਝ ਤੇਰੇ
ਜਹਿਰ ਜ਼ਿੰਦਗੀ ਦਾ ਕਿਵੇਂ ਮੈਂ ਪੀ ਰਹੀ ਆਂ
ਜਿਨ੍ਹਾਂ ਵਾਅਦਿਆਂ ਕਦੇ ਨਾ ਵਫ਼ਾ ਕੀਤੀ
ਉਹਨਾਂ ਵਾਅਦਿਆਂ ਆਸਰੇ ਜੀ ਰਹੀ ਆਂ।
ਰੱਤੀ ਤੇਰੀ ਤੇ ਢੋਲ ਮੇਰਿਆ ਲੁੰਗੀ ਉਏ
ਵੱਟ ਪੁਆਨੀਆਂ ਮੈਂ ਰੇਸ਼ਮ ਦੀਆਂ ਡੋਰਾਂ
ਵੇ ਕੋਈ ਆਉਂਦਾ ਆਉਂਦਾ ਅੱਖੋਂ ਉਹਲੇ ਹੋ ਗਿਆ
ਵੇ ਮੈਂ ਦੂਰ ਤੋਂ ਪਛਾਣ ਦੀਆਂ ਟੋਰਾਂ

ਮੁੱਦਤ ਹੋ ਗਈ ਮਹਿਰਮਾਂ ਨਾ ਮੁੱਖ ਦਿਖਲਾਇਆ
ਨਿੱਤ ਨਿਮਾਣੀ ਜਿੰਦ ਨੂੰ ਮੈਂ ਲਾਰਾ ਲਾਇਆ
ਬਾਗ਼ੀ ਕੋਇਲਾਂ ਬੋਲਦੀਆਂ ਨਾ ਕਾਂ ਕੁਰਲਾਇਆ
ਸੌਣ ਮਹੀਨਾ ਆ ਗਿਆ ਮਾਹੀ ਨਾ ਆਇਆ
ਰੱਤੀ ਤੇਰੀ ਤੇ ਢੋਲ ਮੇਰਿਆ ਲੁੰਗੀ ਉਏ
ਵੱਟ ਪੁਆਨੀਆਂ ਮੈਂ ਰੇਸ਼ਮ ਦੀਆਂ ਡੋਰਾਂ
ਨੀ ਕੋਈ ਆਉਂਦਾ ਆਉਂਦਾ ਅੱਖੋਂ ਉਹਲੇ ਹੋ ਗਿਆ
ਵੇ ਮੈਂ ਦੂਰ ਤੋਂ ਪਛਾਣ ਦੀਆਂ ਟੋਰਾਂ

ਕੰਡੀ ਪਾ ਕੇ ਤੇਰੀ ਬਾਬਲਾ

ਪੁੱਤ ਬਣ ਕੇ ਕਮਾਇਆ ਘਰ ਤੇਰੇ
ਵੇ ਜਿਨ੍ਹਾਂ ਘਰ ਧੀਆਂ ਹੁੰਦੀਆਂ
ਹੁੰਦੇ ਉਨ੍ਹਾਂ ਦੇ ਪਹਾੜ ਜੇਡੇ ਜੇਰੇ
ਵੇ ਕੰਡੀ ਪਾ ਕੇ ਤੋਰੀ ਬਾਬਲਾ

ਧੀਆਂ ਗਊਆਂ ਵਾਂਗ ਹੁੰਦੀਆਂ
ਉਹਨਾਂ ਮੂੰਹੋਂ ਕੁਝ ਆਖ ਨਹੀਂ ਸਨਾਉਣਾ
ਵੀਰਾਂ ਨੇ ਜਮੀਨ ਸਾਂਭਣੀ
ਅਸਾਂ ਹੱਥਾਂ ਦਾ ਦਿੱਤਾ ਲੈ ਜਾਣਾ
ਵੇ ਦਾਨ ਦਿੱਤੇ ਧਨ ਨਾ ਘਟੇ
ਬੱਲੇ ਬੱਲੇ ਹੋ ਜੂ ਚਾਰ ਚੁਫੇਰੇ
ਕੰਡੀ ਪਾ ਕੇ ਤੇਰੀ ਬਾਬਲਾ
ਪੁੱਤ ਬਣ ਕੇ ਕਮਾਇਆ ਘਰ ਤੇਰੇ

ਨੱਕ ਬੁੱਲ੍ਹ ਸੱਸ ਨਾ ਕੱਢੇ
ਕੋਈ ਦੇਵੇ ਨਾ ਸ਼ਰੀਕ ਉਲਾਂਭਾ
ਵੇ ਤੈਨੂੰ ਸਾਰਾ ਪਿੰਡ ਜਾਣਦਾ
ਸਹੁਰੇ ਜਾ ਕੇ ਵੀ ਹੋਵੇਗੀ ਸ਼ਲਾਘਾ
ਵੇ ਗਿੱਧਿਆ 'ਚ ਹੋਵੇ ਚਰਚਾ
ਵਧ ਚੜ੍ਹਕੇ ਦਾਜ ਦੀ ਮੇਰੇ
ਕੰਡੀ ਪਾ ਕੇ ਤੇਰੀ ਬਾਬਲਾ
ਪੁੱਤ ਬਣ ਕੇ ਕਮਾਇਆ ਘਰ ਤੇਰੇ

ਸੱਤੇ ਕੁਲਾਂ ਸੁਖੀ ਉਹਦੀਆਂ
ਜਿਹਦੀ ਸੁਖੀ ਵਸੇ ਧੀ ਰਾਣੀ
ਵੇ ਹੋਰ ਨਾ ਮੈਂ ਕੁਝ ਮੰਗਦੀ
ਇੱਕ ਵਾਰ ਟੋਲੀ ਮੇਰਾ ਹਾਣੀ
ਵੇ ਦੂਜਾ ਪੱਕਾ ਘਰ ਵੇਖ ਲਈ
ਕਿਤੇ ਲਿੱਪਣੇ ਨਾ ਪੈਣ ਬਨੇਰੇ
ਕੰਡੀ ਪਾ ਕੇ ਤੇਰੀ ਬਾਬਲਾ
ਪੁੱਤ ਬਣ ਕੇ ਕਮਾਇਆ ਘਰ ਤੇਰੇ

ਖ਼ੁਸ਼ੀਆਂ ਹੀ ਹੋਣ ਖ਼ੁਸੀਆਂ
ਜਿੱਥੇ ਨਿੱਤ ਬਾਬਲ ਜੀ ਦੇ ਵਿਹੜੇ
ਵੇ ਹੋਰ ਨਾ ਮੈਂ ਕੁਝ ਆਖਦੀ
ਸਾਨੂੰ ਮਿੱਠਤਾਂ ਦੇ ਬੋਲ ਬਥੇਰੇ
ਵੇ ਅਸਾਂ ਪ੍ਰਦੇਸ ਵੱਸਣਾ
ਸਾਡਾ ਰਿਜਕ ਬਗਾਨੇ ਖੇੜੇ
ਵੇ ਕੰਡੀ ਪਾ ਕੇ ਤੋਰੀ ਬਾਬਲਾ
ਪੁੱਤ ਬਣਕੇ ਰਹੀ ਮੈਂ ਘਰ ਤੇਰੇ
ਵੇ ਜਿਨ੍ਹਾਂ ਘਰ ਧੀਆਂ ਹੁੰਦੀਆਂ
ਹੁੰਦੇ ਉਨ੍ਹਾਂ ਦੇ ਪਹਾੜ ਜੇਡੇ ਜੇਰੇ
ਵੇ ਕੰਡੀ ਪਾ ਕੇ ਤੋਰੀ ਬਾਬਲਾ



ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ

ਚੁੱਲ੍ਹੇ ਵਿੱਚ ਅੱਗ ਬਾਲ ਕੇ
ਅੱਖੋਂ ਰੱਤ ਮੈਂ ਜਿਗਰ ਦੀ ਚੋਵਾਂ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ
ਚਾਂਈ ਚਾਂਈ ਤੋਰੀ ਮਾਪਿਆਂ
ਮੇਰਾ ਖੁਸ਼ੀ ਨਾਲ ਦਿੱਤਾ ਮੁਕਲਾਵਾ
ਰੱਜਕੇ ਨਾ ਗੱਲਾਂ ਕੀਤੀਆਂ
ਉਹਨੂੰ ਫੌਜ ਵਿੱਚੋਂ ਆ ਗਿਆ ਬੁਲਾਵਾ
ਪੈਦੇ ਨੇ ਭੁਚੱਕੇ ਉਸਦੇ
ਖਾਵਾਂ ਪੀਵਾਂ ਨਾ ਰਾਤ ਨੂੰ ਸੌਵਾਂ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ

ਅੱਗ ਲਾਉਣਾ ਰੂਪ ਚੰਦਰਾ
ਅੱਗ ਬਣ ਕੇ ਜਿਗਰ ਨੂੰ ਸਾੜੇ
ਨੀ ਪਹਿਲੀ ਰਾਤੀਂ ਮਾਹੀ ਤੁਰਿਆ
ਮੇਰੇ ਭਾਗ ਤੱਤੜੀ ਦੇ ਮਾੜੇ
ਨੀ ਅੱਖੀਆਂ ਚੋਂ ਨੀਰ ਮੁੱਕਿਆ
ਕਿਵੇਂ ਦਾਗ ਮੈਂ ਹਿਜਰ ਦੇ ਧੋਵਾਂ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ

ਅੱਗ ਲਾਉਣੇ ਚੀਨ ਚੰਦਰੇ
ਸਾਨੂੰ ਅੱਗ ਦੇ ਅੰਗਾਰਾ ਤੇ ਲਿਟਾਇਆ
ਇਕ ਵੀ ਨਾ ਰਾਖਾ ਗੱਭਰੂ
ਘਰਾਂ ਨੂੰ ਪਰਤ ਕੇ ਆਇਆ
ਦੁੱਖਾਂ ਵਿੱਚ ਸੜੇ ਜ਼ਿੰਦਗੀ
ਦੁੱਖ ਕਿਹੜੇ ਕਿਹੜੇ ਜੱਗ ਤੋਂ ਲੁਕੋਵਾਂ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ

ਟੁੱਟ ਪੈਣੇ ਜੰਗ ਬਾਜਾਂ ਨੂੰ
ਅੱਗ ਜਹਿਰੀ ਬਾਰੂਦਾ ਨਾਲ ਲਾਵੇ
ਰੱਬ ਕੋਲੋਂ ਸੁੱਖ ਮੰਗਦੀ

ਮੁੜੇ ਮਾਹੀ ਤੇ ਸੁਹਾਗਣ ਹੋਵਾ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ
ਚੁਲ੍ਹੇ ਵਿੱਚ ਅੱਗ ਬਾਲਕੇ
ਅੱਖੋਂ ਰੱਤ ਮੈਂ ਜਿਗਰ ਦੀ ਚੋਵਾਂ
ਮਾਹੀ ਮੇਰਾ ਲਾਮ ਨੂੰ ਗਿਆ
ਨਾਲੇ ਧਾਰ ਕੱਢਾਂ ਨਾਲੇ ਰੋਵਾਂ



ਨੀ ਚਰਖਾ ਕੱਤਦੀ ਦਾ

ਮੇਰਾ ਜਾ ਪਿਆ ਧਿਆਨ ਉਸ ਵੱਲੇ
ਨੀ ਸੁੱਖਾਂ ਦੀਆਂ ਘੱਲੇ ਚਿੱਠੀਆਂ
ਘਰ ਆਉਣ ਦੀ ਚਿੱਠੀ ਨਾ ਕੋਈ ਘੱਲੇ
ਨੀ ਚਰਖਾ ਕੱਤਦੀ ਦਾ
ਮੇਰਾ ਜਾ ਪਿਆ ਧਿਆਨ ਉਸ ਵੱਲੇ

ਉੱਡ ਜਾ ਤੂੰ ਕਾਂਵਾ ਤੱਤਿਆ
ਸਿਰ ਖਾ ਲਿਆ ਸਵੇਰ ਦਾ ਤੂੰ ਮੇਰਾ
ਵੇ ਹੋਰ ਕਿਸੇ ਆਉਣਾ ਜਾਣਾ ਨਹੀਓਂ
ਪਾਉਣਾ ਪ੍ਰਾਹੁਣੇ ਉਸ ਫੇਰਾ
ਨੀ ਚੂੜੀਆਂ ਮੈਂ ਵੇਚ ਘੱਲ ਦੀ
ਜੇ ਉਹ ਲਿਖਦਾ ਕਰਾਇਆ ਨਹੀਂ ਸੀ ਪੱਲੇ
ਨੀ ਚਰਖਾ ਕੱਤਦੀ ਦਾ
ਮੇਰਾ ਜਾ ਪਿਆ ਧਿਆਨ ਉਸ ਵੱਲੇ

ਮੈਂ ਲਿਖ ਲਿਖ ਹਾਰੀ ਚਿੱਠੀਆਂ
ਜਾਂਦੀ ਪੇਸ਼ ਨਾ ਕੋਈ ਉਸ ਅੱਗੇ
ਮੈਂ ਸੌਂਹ ਖਾ ਕੇ ਆਖਾਂ ਪਿਆਰ ਦੀ
ਮੇਰਾ ਜੀ ਨਾ ਤੇਰੇ ਬਿਨ ਲੱਗੇ
ਵੇ ਤੂੰ ਵੀ ਘਰ ਆ ਜਾ ਨੌਕਰਾ
ਲੋਕੀਂ ਕੱਟ ਕੇ ਛੁੱਟੀ ਮੁੜ ਚੱਲੇ
ਨੀ ਚਰਖਾ ਕੱਤਦੀ ਦਾ
ਮੇਰਾ ਜਾ ਪਿਆ ਧਿਆਨ ਉਸ ਵੱਲੇ

ਘੜੀ ਮੁੜੀ ਤੰਦ ਟੁੱਟਦੀ
ਘੇਰਾ ਆਣ ਗਮਾਂ ਨੇ ਜਦ ਪਾਇਆ
ਨੀ ਹੌਲੀ ਜਿਹੀ ਵਾਜ ਮਾਰਕੇ
ਬੂਹਾ ਆਣ ਕਿਸੇ ਨੇ ਖੜਕਾਇਆ
ਨੀ ਖੋਲ੍ਹ ਕੇ ਮੈਂ ਬੂਹਾ ਤੱਕਿਆ
ਆਪ ਖੜ੍ਹਾ ਸੀ ਟਰੰਕ ਰੱਖ ਥੱਲੇ
ਨੀ ਚਰਖਾ ਕੱਤਦੀ ਦਾ
ਮੇਰਾ ਜਾ ਪਿਆ ਧਿਆਨ ਉਸ ਵੱਲੇ
ਨੀ ਸੁੱਖਾਂ ਦੀਆਂ ਘੱਲੇ ਚਿੱਠੀਆਂ
ਘਰ ਆਉਣ ਦੀ ਚਿੱਠੀ ਨਾ ਕੋਈ ਘੱਲੇ
ਨੀ ਚਰਖਾ ਕੱਤਦੀ ਦਾ
ਮੇਰਾ ਜਾ ਪਿਆ ਧਿਆਨ ਉਸ ਵੱਲੇ

ਬੱਲੇ ਬੱਲੇ ਬਣੀ ਮੇਲੇ ਮੁਕਸਰ ਦੇ

ਚੱਲ ਚੱਲੀਏ ਨਣਦ ਦਿਆ ਵੀਰਾ
ਵੇ ਚੁੰਨੀ ਮੇਰੀ ਪੀਲੇ ਰੰਗ ਦੀ
ਤੇਰੇ ਸਿਰ ਤੇ ਸੁਨਿਹਰੀ ਚੀਰਾ
ਬੱਲੇ ਬੱਲੇ ਬਣੀ ਮੇਲੇ ਮੁਕਸਰ ਦੇ
ਚੱਲ ਚੱਲੀਏ ਨਣਦ ਦਿਆ ਵੀਰਾ

ਬੱਲੇ ਬੱਲੇ ਬਣੀ ਸੱਤਰ ਰੁਪਾਈਏ ਫੜ ਲੈ
ਵੱਡੀ ਬੇਬੇ ਕੋਲੋਂ ਨਰਮੇ ਵਾਲੇ
ਵੇ ਜੁੱਤੀ ਲੈ ਲਾ ਤਿੱਲੇਦਾਰ ਤੂੰ
ਮੈਨੂੰ ਲੈ ਦੇ ਸਲੀਪਰ ਕਾਲੇ
ਵੇ ਜੇ ਨਹੀਂ ਮੇਰੀ ਮੰਗ ਮੰਨਦਾ
ਮੈਂ ਤਾਂ ਮਰ ਦੀਆਂ ਚੱਟ ਕੇ ਹੀਰਾ
ਬੱਲੇ ਬੱਲੇ ਬਣੀ ਮੇਲੇ ਮੁਕਸਰ ਦੇ
ਚੱਲ ਚੱਲੀਏ ਨਣਦ ਦਿਆ ਵੀਰਾ

ਬੱਲੇ ਬੱਲੇ ਵੇ ਇੱਕ ਮੈਨੂੰ ਲੈ ਦਈ ਘੱਗਰਾ
ਜਿਥੋਂ ਪਰੋਂ ਸੀ ਲਿਆਈ ਭੋਲਾਂ
ਵੇ ਵੀਹ ਗਜ ਸੈਲ ਲਗਣੀ
ਇੱਕ ਗਿੱਠ ਦਾ ਝੂਠ ਨਾ ਬੋਲਾਂ

ਵੇ ਕੱਲ੍ਹ ਮੇਰਾ ਲੱਕ ਮਿਣਕੇ
ਦਸ ਗਿਆ ਸੀ ਛੀਬਿਆਂ ਦਾ ਦਲਬੀਰਾ
ਬੱਲੇ ਬੱਲੇ ਬਈ ਮੇਲੇ ਮੁਕਸਰ ਦੇ
ਚੱਲ ਚੱਲੀਏ ਨਣਦ ਦਿਆ ਵੀਰਾ

ਬੱਲੇ ਬੱਲੇ ਬਈ ਬਾਹਰਲੀ ਹਵੇਲੀ ਦੇ ਵਿਚੋਂ
ਬਈ ਤੂੰ ਖੋਲ੍ਹ ਲਿਆ ਬਾਗੜੀ ਬੋਤਾ
ਵੇ ਉੱਤੇ ਪਾ ਲੈ ਝੁੱਲ ਰੇਸ਼ਮੀ
ਜੀਹਦੀ ਲੌਣ ਨੂੰ ਲਵਾਇਆ ਗੋਟਾ
ਵੇ ਚੂਰੀ ਦੀ ਪਰਾਤ ਪਾਉਂਗੀਂ
ਤੇਰੇ ਬੋਤੇ ਨੂੰ ਨਾ ਪਾਵਾਂ ਮੈਂ ਨੀਰਾਂ
ਬੱਲੇ ਬੱਲੇ ਬਈ ਮੇਲੇ ਮੁਕਸਰ ਦੇ
ਚੱਲ ਚੱਲੀਏ ਨਣਦ ਦਿਆ ਵੀਰਾ
ਵੇ ਚੁੰਨੀ ਮੇਰੀ ਪੀਲੇ ਰੰਗ ਦੀ
ਤੇਰੇ ਸਿਰ ਤੇ ਸੁਨਿਹਰੀ ਚੀਰਾ

ਬੱਲੇ ਬੱਲੇ ਨੀ ਟਿੱਬਿਆਂ ਦੀ ਵਾਟ ਬੁਰੀ
ਕਿਤੇ ਰਾਹੋਂ ਨਾ ਕੁਰਾਹੇ ਪੈ ਜਾਈਏ
ਨੀ ਮੇਲੇ ਨਾ ਚੱਲੀਏ
ਛੋਟੇ ਵੀਰ ਦੀਏ ਭਰ ਜਾਈਏ
ਬੱਲੇ ਬੱਲੇ ਬਈ ਮੇਲੇ ਮੁਕਸਰ ਦੇ
ਚੱਲ ਚੱਲੀਏ ਨਣਦ ਦਿਆ ਵੀਰਾ
ਵੇ ਚੁੰਨੀ ਮੇਰੀ ਪੀਲੇ ਰੰਗ ਦੀ
ਤੇਰੇ ਸਿਰ ਤੇ ਸੁਨਿਹਰੀ ਚੀਰਾ



ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ

ਸੰਧਾਰੇ ਵਿੱਚ ਘੱਲਿਆ
ਨੀ ਸੂਰਜੇ ਦਾ ਨਗ ਜੜਿਆਂ
ਪਿੰਡ ਸੌਹਰਿਆਂ ਦੇ ਬੈਠੀ ਜਦੋਂ ਪਾ ਕੇ
ਨੀ ਬੈਠੀ ਜਦੋਂ ਪਾ ਕੇ
ਨੀ ਧਰਤੀ ਤੇ ਚੰਨ ਚੜ੍ਹਿਆ
ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
ਸੰਧਾਰੇ ਵਿੱਚ ਘੱਲਿਆ

ਨੀ ਸੂਰਜੇ ਦਾ ਨਗ ਜੜਿਆਂ

ਮੈਨੂੰ ਬਣੀ ਫਬੀ ਵੇਖ ਕੇ ਜਠਾਣੀ ਮੱਚ ਗਈ
ਉਹ ਤੇ ਕਾੜ੍ਹਣੀ ਦੀ ਅੱਗ ਵਿੱਚ ਸਾਰੀ ਕੜ ਗਈ
ਚੁੱਪ ਕਰਕੇ ਘਸੁੰਨ ਬਣ ਬੈਠ ਗਈ
ਨੀ ਜੀਭ ਉਤੇ ਸੱਪ ਲੜਿਆ
ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
ਸੰਧਾਰੇ ਵਿੱਚ ਘੱਲਿਆ
ਨੀ ਸੂਰਜੇ ਦਾ ਨਗ ਜੜਿਆਂ

ਹੋ ਕੇ ਕੱਠੀਆਂ ਗਿੱਧੇ ਦੇ ਵਿੱਚ ਆ ਗਈਆਂ
ਨੀ ਸਾਰੀਆਂ ਜਵਾਨ ਕੁੜੀਆਂ
ਬੋਲੀ ਮਾਹੀ ਵਾਲੀ ਪਾ ਕੇ ਮੈਂ ਵੀ ਨੱਚ ਪਾਈ
ਨੀ ਕਰਨ ਮਖੌਲ ਕੁੜੀਆਂ
ਸਭੇ ਹੋ ਗਈਆਂ ਬੇਹੋਸ਼ ਗਿੱਧਾ ਪਾਉਦੀਆਂ
ਅਜੇ ਨਾ ਮੇਰਾ ਦਮ ਚੜ੍ਹਿਆ
ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
ਸੰਧਾਰੇ ਵਿੱਚ ਘੱਲਿਆ
ਨੀ ਸੂਰਜੇ ਦਾ ਨਗ ਜੜਿਆਂ

ਹਲ ਛੱਡਕੇ ਦੁਪਹਿਰੇ ਖੇਤੋਂ ਘਰ ਨੂੰ
ਜਾ ਲੱਸੀ ਪੀਣ ਆਇਆ ਗੱਭਰੂ
ਮੇਰੀ ਹਿੱਕ ਤੇ ਹਮੇਲਾਂ ਹਾਰ ਲੇਟਦੇ
ਨੀ ਵੇਖ ਘਬਰਾਇਆ ਗੱਭਰੂ
ਡਿੱਗ ਚਲਿਆ ਸੀ ਖਾ ਕੇ ਘੁੰਮ ਘੇਰਨੀ
ਨੀ ਬੇਬੇ ਜੀ ਨੇ ਮਸਾਂ ਫੜਿਆ
ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
ਸੰਧਾਰੇ ਵਿੱਚ ਘੱਲਿਆ
ਨੀ ਸੂਰਜੇ ਦਾ ਨਗ ਜੜਿਆਂ

ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਹੁੰਦੀਆਂ ਨੇ ਬਾਬਲਾ ਜਗਤ ਨਾਲ ਆਈਆਂ
ਨੂੰਹਾਂ ਘਰੇ ਆਉਣ ਧੀਆਂ ਹੋਣ ਵੇ ਪਰਾਈਆਂ
ਪੇਸ਼ ਨਾ ਕੋਈ ਵੀ ਜਾਵੇ ਦੌਲਤਾਂ ਬੇਗਾਨੀਆਂ ਦੀ
ਸਾਲੂ 'ਚ ਲਪੇਟ ਕੇ ਕਿਸੇ ਦੇ ਲੜ ਲਾਈ
ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਤੋਰ ਦੇ ਨੀ ਮਾਏ ਹੱਥ ਕਾਲਜੇ ਤੇ ਧਰ ਕੇ
ਰੋਇਆ ਨਾ ਕਰੀ ਨੀ ਪਿਛੋਂ ਯਾਦ ਮੈਨੂੰ ਕਰ ਕੇ
ਬਾਬਲਾ ਵੇ ਸੈਂਕੜੇ ਸਲਾਮਾਂ ਤੇਰੇ ਘਰ ਨੂੰ
ਰੋਂਦੀ ਕੁਰਲਾਉਂਦੀ ਚੁੱਕ ਡੋਲੀ 'ਚ ਬਿਠਾਈ
ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਨਿੰਮੋ ਝੂਣ ਹੋਏ ਬੈਠੇ ਵੀਰ ਅੰਮਾਂ ਜਾਏ ਵੇ
ਅੱਖਾਂ ਭਰ ਭਰ ਰੋਂਦੇ ਚਾਚੇ ਅਤੇ ਤਾਏ ਵੇ
ਸਾਂਭ ਰੱਖੀ ਤੇਰੀ ਚਿੱਟੀ ਪੱਗ ਬਾਬਲਾ ਵੇ
ਤੋਰ ਦੇਂਗਾ ਲਾਵਾਂ ਦੇ ਕੇ ਚਾਰ ਵੇ ਦੁਹਾਈ
ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਡਾਲੀ ਨਾਲੋਂ ਤੋੜਿਆ ਜਿਉਂ ਫੁੱਲ ਕੁਮਲਾਵੇ ਵੇ
ਡਾਰ ਵਿੱਚੋਂ ਵਿੱਛੜੀ ਜਿਉਂ ਕੂੰਜ ਕੁਰਲਾਵੇ ਵੇ
ਗਲ ਲੱਗ ਰੋਵਾਂ ਐਸੀ ਵੀਰਾ ਵੇ ਸਹੇਲੀਆਂ ਦੇ
ਹੁਣ ਮੇਲੇ ਹੋਣੇ ਭੈਣੋਂ ਜਦੀ ਨੀ ਕਦਾਈ
ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਬਾਬਲਾ ਤੂੰ ਮਣਾਂ ਮੂੰਹੀਂ ਭਾਰ ਸਿਰੋਂ ਲਾਹ ਲਿਆ
ਤੋਰ ਘਰੋਂ ਲਾਡਲੀ ਨੂੰ ਫਰਜ ਨਿਭਾ ਲਿਆ
ਛੱਡ ਤੇਰਾ ਖੇੜਾ ਤੁਰ ਚੱਲੀ ਮੈਂ
ਚਾਰ ਦਿਨ ਵਾਂਗ ਸੀ ਮੁਸਾਫਰਾਂ ਦੇ ਆਈ
ਹੋਈ ਬਾਬਲਾ ਵੇ ਮੈਂ ਤਾਂ ਅੱਜ ਤੋਂ ਪਰਾਈ

ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ
ਚਾਰ ਦਿਨ ਮੌਜਾਂ ਮਾਣ ਕੇ

ਲਾ ਕੇ ਸੁੱਖਾਂ ਦੇ ਸਮੁੰਦਰਾਂ 'ਚ ਤਾਰੀ
ਆਹ ਲੈ ਮਾਏ ਸਾਂਭ ਕੁੰਜੀਆਂ

ਡਾਰ ਵਿਚੋਂ ਕੂੰਜ ਵਿੱਛੜੀ
ਉੱਡੀ ਜਾਂਦੀ ਵੀ ਪਈ ਕੁਰਲਾਵੇ
ਧੀਆਂ ਗਊਆਂ ਕਾਮਿਆ ਦੀ
ਕੋਈ ਪੇਸ਼ ਨਾ ਅੰਮੜੀਏ ਜਾਵੇ
ਕੱਲ੍ਹ ਤੱਕ ਰਾਜ ਕਰਿਆ
ਅੱਜ ਖੁੱਸ ਗਈ ਹਕੂਮਤ ਸਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ

ਅੱਛਾ ਸੁਖੀ ਵੱਸੇ ਅੰਮੀਏ
ਮੇਰੇ ਰਾਜੇ ਬਾਬਲ ਦਾ ਖੇੜਾ
ਅਸਾਂ ਕਿਹੜਾ ਨਿੱਤ ਆਵਣਾ
ਸਾਡਾ ਵੱਜਣਾ ਸਬੱਬ ਨਾਲ ਗੇੜਾ
ਧੀਆਂ ਪਰਦੇਸਣਾਂ ਦੀ
ਹੁੰਦੀ ਚਿੜੀਆਂ ਦੇ ਵਾਂਗ ਉਡਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ

ਬਾਬਲ ਤੇਰੇ ਪਿਆਰ ਸਦਕਾ
ਅਸਾਂ ਰੱਜ ਰੱਜ ਪਹਿਨਿਆ ਹੰਡਾਇਆ
ਪੱਗ ਤੇਰੀ ਰੱਖੀ ਸਾਂਭ ਕੇ
ਇਹਨੂੰ ਦਾਗ ਨਾ ਹਵਾ ਜਿਨਾਂ ਲਾਇਆ
ਇੱਕ ਦਿਨ ਹੋਰ ਰੱਖ ਲੈ
ਜਾਵਾਂ ਬਾਬਲਾ ਤੇਰੇ ਤੋਂ ਬਲਿਹਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ

ਵੀਰਾਂ ਵੇ ਮੁਰੱਬੇ ਵਾਲਿਆ
ਤੈਨੂੰ ਭਾਗ ਪਰਮੇਸ਼ਰ ਲਾਵੇ
ਭਾਬੀ ਸਾਨੂੰ ਮਾਫ਼ ਕਰੀਂ
ਸਾਡੇ ਐਵੇ ਸੀ ਕੂੜ ਦੇ ਦਾਅਵੇ

ਅੱਗੇ ਤਾਂ ਮੈਂ ਰਹੀ ਜਿੱਤਦੀ
ਅੱਜ ਤੂੰ ਜਿੱਤ ਗਈ ਤੇ ਮੈਂ ਹਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ

ਆਓ ਸਹੀਓ ਆਓ ਮਿਲ ਲਓ
ਫੇਰ 'ਕੱਠੀਆਂ ਸਬੱਬ ਨਾਲ ਹੋਣਾ
ਤੁਸੀ ਵੀ ਤਾਂ ਮੇਰੇ ਵਾਂਗਰਾਂ
ਸਦਾ ਬੈਠ ਨਾ ਜੈਤੋ ਵਿੱਚ ਰਹਿਣਾ
ਭਾਰੀਆਂ ਮਜਾਜਾਂ ਵਾਲੀਓ
ਥੋਡੀ ਚਾਰ ਦਿਨ ਦੀ ਮੁਖਤਿਆਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ
ਚਾਰ ਦਿਨ ਮੌਜਾਂ ਮਾਣਕੇ
ਲਾ ਕੇ ਸੁਖਾਂ ਦੇ ਸਮੁੰਦਰਾਂ ਚ ਤਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ



ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
ਨੀ ਸੂਰਜੇ ਦਾ ਨਗ ਜੜਿਆ
ਘੁੰਡ ਚੁੱਕ ਮੇਰੀ ਮਾਂਗ ਜਾਂ ਛੁਹਾਈ
ਨੀ ਧਰਤੀ ਤੇ ਚੰਨ ਚੜ੍ਹਿਆ।

ਮੇਰੀ ਚਾਵਾਂ ਲੱਧੀ ਸੱਸ ਮੈਨੂੰ ਗੋਖੜੂ ਘੜਾਏ
ਮੇਰੀ ਗੋਲ ਗੋਲ ਵੀਣੀ ਉੱਤੇ ਪੂਰੇ ਮੇਚ ਆਏ
ਉਹਦੀ ਲਿਸ਼ਕ ਪਈ ਅਸਮਾਨੇ
ਨੀ ਰੱਬ ਜਾਣੇ ਕਿਸ ਘੜਿਆ
ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
ਨੀ ਸੂਰਜੇ ਦਾ ਨਗ ਜੜਿਆ
ਘੁੰਡ ਚੁੱਕ ਮੇਰੀ ਮਾਂਗ ਜਾਂ ਛੁਹਾਈ
ਨੀ ਧਰਤੀ ਤੇ ਚੰਨ ਚੜ੍ਹਿਆ

ਨੀ ਲੈ ਕੇ ਝਾਂਜਰਾਂ ਦੀ ਜੋੜੀ ਆਈ ਅੱਬਰੀ ਨਣਾਨ

ਲੱਗੀ ਝੁੱਕ ਕੇ ਨੀ ਉਹ ਮੇਰੇ ਪੈਰਾਂ ਨੂੰ ਹਲਾਉਣ
ਕਹਿੰਦੀ ਭਾਬੀ ਤੇ ਨਣਾਨ ਦੋਵੇਂ ਨੱਚੀਏ
ਨੀ ਵੇਖ ਸਾਰਾ ਪਿੰਡ ਖੜ੍ਹਿਆ
ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
ਨੀ ਸੂਰਜੇ ਦਾ ਨਗ ਜੜਿਆ
ਘੁੰਡ ਚੁੱਕ ਮੇਰੀ ਮਾਂਗ ਜਾਂ ਛੁਹਾਈ
ਨੀ ਧਰਤੀ ਤੇ ਚੰਨ ਚੜ੍ਹਿਆ

ਨੀ ਉਹ ਵਾਰੋ ਵਾਰੀ ਆਈਆਂ ਕਈ ਨੱਢੀਆਂ ਜਵਾਨ
ਇੱਕੋ ਗੇੜਾ ਦੇ ਕੇ ਨੀ ਉਹ ਬਾਹਰ ਨਿਕਲ ਜਾਣ
ਸੱਭੇ ਹੋ ਗਈਆ ਬੇਹੋਸ਼ ਗਿੱਧਾ ਪਾਉਂਦੀਆਂ
ਅਜੇ ਨਾ ਮੇਰਾ ਦਮ ਚੜ੍ਹਿਆ
ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
ਨੀ ਸੂਰਜੇ ਦਾ ਨਗ ਜੜਿਆ
ਘੁੰਡ ਚੁੱਕ ਮੇਰੀ ਮਾਂਗ ਜਾਂ ਛੁਹਾਈ
ਨੀ ਧਰਤੀ ਤੇ ਚੰਨ ਚੜ੍ਹਿਆ

ਨੀ ਉਹ ਢੋਲ ਮੇਰਾ, ਲੈ ਕੇ ਆਇਆ ਦਿਲ 'ਚ ਉਮੰਗ
ਉਹਦੇ ਸਾਂਵਲੇ ਜੇ ਮੁੱਖੜੇ ਤੇ ਆਖਰਾਂ ਦੀ ਸੰਗ
ਨੀ ਉਹ ਤੇ ਅਰਸ਼ਾਂ ਤੋਂ ਨੂਰ ਕੋਈ ਆਇਆ
ਨੀ ਜਦੋਂ ਮੇਰਾ ਹੱਥ ਫੜਿਆ
ਮੈਨੂੰ ਦੌਣੀ ਨਾ ਘੜਾ ਕੇ ਦਿੱਤੀ ਸਹੁਰਿਆਂ
ਨੀ ਸੂਰਜੇ ਦਾ ਨਗ ਜੜਿਆ
ਘੁੰਡ ਚੁੱਕ ਮੇਰੀ ਮਾਂਗ ਜਾਂ ਛੁਹਾਈ
ਨੀ ਧਰਤੀ ਤੇ ਚੰਨ ਚੜ੍ਹਿਆ

ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ

ਅੱਗ ਪਾਣੀਆਂ 'ਚ ਹਾਣੀਆ ਮੈਂ ਲਾਈ ਰਾਤ ਨੂੰ
ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ

ਮਾਰਾਂ ਜਦੋਂ ਛਾਲ ਚੁੰਨੀ ਮੋਢੇ ਉੱਤੇ ਸੁੱਟ ਕੇ
ਅੰਬਰਾਂ ਚੋਂ ਤਾਰੇ ਬੀਬਾ ਡਿੱਗਦੇ ਨੇ ਟੁੱਟ ਕੇ
ਵੇਖ ਚੰਨ ਨੂੰ ਤਰੇਲੀ ਠੰਡੀ ਆਈ ਰਾਤ ਨੂੰ

ਅੱਗ ਪਾਣੀਆਂ 'ਚ ਹਾਣੀਆ ਮੈਂ ਲਾਈ ਰਾਤ ਨੂੰ
ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ

ਖੜ੍ਹ ਜਾਂਦੇ ਰਾਹੀ ਮੇਰੀ ਸੁਣ ਕੇ ਆਵਾਜ਼ ਵੇ
ਸੋਨੇ ਤੇ ਸੁਹਾਗਾ ਪੈਰੀ ਝਾਂਜਰਾ ਦਾ ਸਾਜ਼ ਵੇ
ਫੇਰ ਝਾਂਜਰਾਂ ਨੇ ਪੱਟ ਤੀ ਦੁਹਾਈ ਰਾਤ ਨੂੰ
ਅੱਗ ਪਾਣੀਆਂ 'ਚ ਹਾਣੀਆ ਮੈਂ ਲਾਈ ਰਾਤ ਨੂੰ
ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ

ਵੇਖ ਮੇਰਾ ਗਿੱਧਾ ਲੋਕੀਂ ਹੋਏ ਮਖਮੂਰ ਵੇ
ਜੱਟਾਂ ਦੀਆਂ ਢਾਣੀਆਂ ਨੂੰ ਆ ਗਿਆ ਸਰੂਰ ਵੇ
ਜਦੋਂ ਥੋੜ੍ਹੀ ਜਿਹੀ ਨੈਣਾਂ ਚੋਂ ਪਿਆਈ ਰਾਤ ਨੂੰ
ਅੱਗ ਪਾਣੀਆਂ 'ਚ ਹਾਣੀਆ ਮੈਂ ਲਾਈ ਰਾਤ ਨੂੰ
ਘੁੰਡ ਚੁੱਕ ਜਦ ਕਿੱਕਲੀ ਮੈਂ ਪਾਈ ਰਾਤ ਨੂੰ



ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ
ਆਖ ਨੀ ਨਣਾਨੇ ਤੇ ਵੀਰ ਨੂੰ
ਕਦੀ ਤਾਂ ਭੈੜਾ ਹੱਸਿਆ ਕਰੇ
ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ

ਵੇਖ ਨਿੱਖਰੀ ਦੁਪਹਿਰ ਖੇਤੀਂ ਹੱਸਣ ਕਪਾਹਾਂ
ਟੀਂਡਾਂ ਫੁੱਟ ਬਣ ਜਾਵੇ ਨੀ ਮੈਂ ਜੀਹਨੂੰ ਹੱਥ ਲਾਵਾਂ
ਮੇਰੇ ਸੀਨੇ 'ਚ ਸੁਗੰਧ ਵਾਂਗੂੰ ਵੱਸਿਆ ਕਰੇ
ਆਖ ਨੀ ਨਣਾਨੇ ਤੇ ਵੀਰ ਨੂੰ
ਕਦੀ ਤਾਂ ਭੈੜਾ ਹੱਸਿਆ ਕਰੇ
ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ

ਤੇਰੇ ਵੀਰ ਦਿਆਂ ਬੁੱਲ੍ਹਾਂ 'ਤੇ ਹਮੇਸ਼ਾਂ ਰਹਿੰਦੀ ਚੁੱਪ
ਜਿਵੇਂ ਹਾੜ ਦੇ ਮਹੀਨੇ ਵਿੱਚ ਵੱਢ ਖਾਣੀ ਧੁੱਪ
ਸਾਥੋਂ ਹੋਈ ਕੀ ਖੁਨਾਮੀ ਕੁਝ ਦੱਸਿਆ ਕਰੇ

ਆਖ ਨੀ ਨਣਾਨੇ ਤੇ ਵੀਰ ਨੂੰ
ਕਦੀ ਤਾਂ ਭੈੜਾ ਹੱਸਿਆ ਕਰੇ
ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ

ਮੇਰੀ ਤੋਰ ਵਿੱਚ ਵਹਿੰਦੇ ਦਰਿਆਵਾਂ ਦੀ ਰਵਾਨੀ
ਨਿੱਤ ਆਉਂਦੀਆ ਨਾ ਰੁੱਤਾਂ ਸਦਾ ਰਹਿੰਦੀ ਨਾ ਜਵਾਨੀ
ਸਾਡੀ ਪੁੰਨਿਆ ਦੀ ਰਾਤ ਨੂੰ ਨਾ ਮੱਸਿਆ ਕਰੇ
ਆਖ ਨੀ ਨਣਾਨੇ ਤੇ ਵੀਰ ਨੂੰ
ਕਦੀ ਤਾਂ ਭੈੜਾ ਹੱਸਿਆ ਕਰੇ
ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ

ਕਦੇ ਹੱਸ ਕੇ ਨਾ ਬੋਲਦਾ, ਬੁਲਾਇਆ ਕਈ ਵਾਰੀ
ਉਹਦਾ ਮੱਥਾ ਕਾਹਦਾ ਨਿਰੀ ਸੱਪਾਂ ਦੀ ਪਟਾਰੀ
ਉਹਨੂੰ ਆਖ ਨੀ ਤਿਉੜੀਆਂ ਨਾ ਕੱਸਿਆ ਕਰੇ
ਆਖ ਨੀ ਨਣਾਨੇ ਤੇ ਵੀਰ ਨੂੰ
ਕਦੀ ਤਾਂ ਭੈੜਾ ਹੱਸਿਆ ਕਰੇ
ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਹਾਏ ਨੀ ਪੱਤ ਹਰੇ ਹਰੇ

ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ

ਬੋਲੀ ਪਾ ਕੇ ਗੇੜਾ ਜਦੋਂ ਲਾਇਆ
ਕਿ ਝਾਂਜਰਾ ਦੇ ਬੋਰ ਟੁੱਟ ਗਏ
ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ
ਬੋਲੀ ਪਾ ਕੇ ਗੇੜਾ ਜਦੋਂ ਲਾਇਆ
ਕਿ ਝਾਂਜਰਾ ਦੇ ਬੋਰ ਟੁੱਟ ਗਏ

ਪਿੰਡ ਦੇ ਸਾਰੇ ਚੋਬਰ ਮੈਨੂੰ ਵੇਖ ਕੇ ਸੋਚੀਂ ਪੈ ਗਏ
ਪਰੀ ਅਕਾਸ਼ੋਂ ਆਈ ਸਾਰੇ ਵਿੰਹਦੇ ਵਿੰਹਦੇ ਰਹਿ ਗਏ
ਧਮਕ ਮੇਰੀ ਅੱਡੀ ਦੀ ਸੁਣ ਕੇ ਅੰਬਰ ਵੀ ਲਰਜ਼ਾਇਆ
ਕਿ ਝਾਂਜਰਾ ਦੇ ਬੋਰ ਟੁੱਟ ਗਏ
ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ

ਬੋਲੀ ਪਾ ਕੇ ਗੇੜਾ ਜਦੋਂ ਲਾਇਆ

ਝਾਂਜਰ ਦਾ ਛਣਕਾਟਾ ਸੁਣ ਕੇ ਮੱਚ ਗਈ ਹਾਲ ਦੁਹਾਈ
ਫੁੱਲ ਹੱਸੇ ਤੇ ਕਲੀਆਂ ਨੱਚੀਆਂ ਜਦ ਮੈਂ ਕਿੱਕਲੀ ਪਾਈ
ਹੋ ਗਈ ਨੀ ਮੈਂ ਦੂਹਰੀ ਤੀਹਰੀ, ਜਦ ਉਹ ਨਜ਼ਰੀਂ ਆਇਆ
ਕਿ ਝਾਂਜਰਾ ਦੇ ਬੋਰ ਟੁੱਟ ਗਏ
ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ
ਬੋਲੀ ਪਾ ਕੇ ਗੇੜਾ ਜਦੋਂ ਲਾਇਆ

ਬੱਲੇ ਬੱਲੇ ਹੋ ਗਈ ਸਾਰੇ ਆਖੇ ਰਤਨ ਵਿਚਾਰਾ
ਫੜ੍ਹਕੇ ਬਹਿ ਗਿਆ ਦਿਲ ਅਪਣੇ ਨੂੰ ਗੀਤਾਂ ਦਾ ਵਣਜਾਰਾ
ਕਹਿੰਦਾ ਤੂੰ ਘੁੱਟ ਪਿਆਰ ਦੀ ਪਿਆ ਦੇ ਜਨਮਾਂ ਦਾ ਤਿਰਹਾਇਆ
ਕਿ ਝਾਂਜਰਾ ਦੇ ਬੋਰ ਟੁੱਟ ਗਏ
ਨੀ ਮੈਂ ਹੱਸਦੀ ਨੇ ਜਦੋਂ ਨੱਚਦੀ ਨੇ
ਬੋਲੀ ਪਾ ਕੇ ਗੇੜਾ ਜਦੋਂ ਲਾਇਆ

ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ
ਕੇਹੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।

ਤੂੰ ਹੀ ਖਿੱਚ ਧੂ ਕੇ ਮੈਨੂੰ ਤੀਆਂ ਵਿੱਚ ਲੈ ਕੇ ਗਈ
ਐਵੇਂ ਸੰਗਦੀ ਸੰਗਾਉਂਦੀ ਨੇ ਪੀਂਘ ਝੂਟ ਲਈ
ਪੀਂਘ ਚੜ੍ਹ ਗਈ ਹੁਲਾਰੇ ਸਿਰੋਂ ਚੁੰਨੀ ਲੱਥ ਗਈ
ਪਿੰਡ ਸਹੁਰਿਆਂ ਦਾ ਮੱਚ ਗਈ ਦੁਹਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।

ਕਿਸੇ ਘਰ ਜਾ ਕੇ ਦਿੱਤੀ ਡਾਰ ਖੰਭਾਂ ਦੀ ਬਣਾ
ਕਿਸੇ ਚੰਦਰੇ ਨੇ ਦਿੱਤਾ ਲੂਣ ਸੇਵੀਆਂ 'ਚ ਪਾ
ਖੋਰੇ ਹੱਸਦੇ ਹਸਾਉਂਦੇ ਨੂੰ ਕੀ ਸੱਪ ਸੁੰਘਿਆ
ਉਹਨੇ ਇੱਕ ਮੇਰੀ ਸੁਣੀ, ਨਾ ਸੁਣਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।

ਤੂੰ ਏਂ ਭੈਣ ਉਹ ਭਰਾ ਮੈਂ ਬੇਗਾਨਿਆਂ ਦੀ ਧੀ

ਨੀ ਨਣਾਨੇ ਹੁੰਦਾ ਸਾਰਿਆਂ ਦਾ ਇਕੋਂ ਜਿਹਾ ਜੀ
ਖੋਰੇ ਹਾਲੇ ਉਸ ਚੰਦਰੇ ਦੇ ਦਿਲ ਵਿੱਚ ਕੀ
ਅਜੇ ਫਿਰਦਾ ਏ ਮੱਥੇ ਵੱਟ ਪਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।

ਮੈਨੂੰ ਪਤਾ ਕਾਹਤੋਂ 'ਮਾਨ' ਮੇਰੇ ਕੋਲ ਨਾ ਖੜੋਵੇ
ਉਹਦੇ ਲਾਜਵਰ ਲਾ, ਲਾ ਸੱਸ ਕਾਹਤੋਂ ਲੀੜੇ ਧੋਵੇ
ਪੂਰੇ ਪੰਜ ਦਿਨ ਅੱਜ ਸਾਨੂੰ ਰੁੱਸਿਆਂ ਨੂੰ ਹੋਏ
ਸਾਡੀ ਕਿਸੇ ਨੇ ਵੀ ਸੁਲ੍ਹਾ ਨਾ ਕਰਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।

ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ
ਕੇਹੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ
ਨੀ ਅੱਜ ਤੇ ਮੈਨੂੰ ਮਾਰ ਪਵਾਈ ਨਣਦੇ।



ਚਿੱਟੀ ਚਾਂਦਰ ਮੈਂ ਵਿਹੜੇ ਵਿਛਾਉਣੀ ਆਂ
ਵੀਰਾਂ ਬਾਂਝੋ ਮੈਂ ਇਕ ਪਲ ਨਾ ਜਿਉਣੀ ਆਂ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆਂ ਵਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਚਿੱਟੀ ਚਾਦਰ 'ਤੇ ਘੁੱਗੀਆਂ ਦਾ ਜੋੜਾ
ਮਾਂਵਾਂ ਤੇ ਧੀਆਂ ਦਾ ਲੰਮਾ ਵਿਛੋੜਾ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆ ਵਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਚਿੱਟੀ ਚਾਦਰ ਦੇ ਪੱਲੇ ਪੰਜੀਰੀ
ਮਾਵਾਂ ਧੀਆਂ ਦੀ ਗੂੜ੍ਹੀ ਸਕੀਰੀ

ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆ ਵੱਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਕਿਤੇ ਮਿਲੀਏ ਤਾਂ ਮਿਲ ਪਵੀਏ ਰਾਹ ਵੇ
ਗੱਲਾਂ ਕਰੀਏ ਭੈਣ ਭਰਾ ਵੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆ ਵੱਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਕਿਤੇ ਮਿਲੀਏ ਤਾਂ ਮਿਲ ਪਈਏ ਜੰਡ ਵੇ
ਮਾਪੇ ਮਿਲਦੇ ਤਾਂ ਪੈ ਜਾਂਦੀ ਠੰਡ ਵੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆ ਵੱਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਚਿੱਟੀ ਚਾਦਰ ਮੈਂ ਵਿਹੜੇ ਵਿਚ ਸਿਉਣੀ ਆਂ
ਵੀਰਾਂ ਬਾਝੋਂ ਮੈਂ ਪਲ ਵੀ ਨਾ ਜਿਉਣੀ ਆਂ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ
ਹੁਣ ਪੈ ਗਏ ਆ ਵੱਸ ਬੇਗਾਨੇ
ਰੱਬਾ ਕਿਤੇ ਮਿਲੀਏ
ਮਿਲੀਏ ਨੀ ਮੇਰੀਏ ਜਾਨੇ

ਕੱਢ ਨੀ ਅੰਮੜੀਏ ਕੁਝ ਸਜਿਆ ਸਜਾਇਆ
ਕੁਝ ਰੱਖਿਆ ਰਖਾਇਆ
ਮੇਰੇ ਬਾਬਲ ਦਾ ਖੱਟਿਆ

ਮੇਰੇ ਵੀਰੇ ਦਾ ਕਮਾਇਆ
ਅੱਜ ਤੇਰਾ ਦੇਣ ਦਾ ਵੇਲਾ ਆਇਆ

ਬੰਨ੍ਹੋ ਕਹਾਰੋ ਮੇਰੀ ਡੋਲੀ ਦੀਆਂ ਤਣੀਆਂ
ਚੰਡੋਲੇ ਦੇ ਧਾਗੇ ਮੁਖ ਪਾਨਾ ਦੇ ਬੀੜੇ
ਛੋਡਾਂ ਮੈਂ ਪੇਕਿਆਂ ਦੀਆਂ ਗਲੀਆਂ
ਖੋਲ੍ਹੋ ਕਹਾਰੋ ਮੇਰੀ ਡੋਲੀ ਦੀਆਂ ਤਣੀਆਂ
ਚੰਡੋਲੇ ਦੇ ਧਾਗੇ ਮੱਲਾਂ ਮੈਂ ਸਹੁਰਿਆਂ ਗਲੀਆਂ
ਲਾਹ ਨੀ ਸੱਸੇ ਮੈਨੂੰ ਸੁਹਾਣੇ ਡੋਲੇ ਚੋਂ
ਦੇ ਨੀ ਘਰ ਵਿੱਚ ਥਾਂ
ਰਾਣੀ ਬਣ ਰਹਾਂ ਨੀ ਮੈਂ ਸਹੁਰੇ ਘਰ
ਪੁਗਾਵਾਂ ਨੀ ਮੈਂ ਰਾਜੇ ਬਾਬਲ ਦੇ ਬੋਲ
ਹੋਈ ਮੈਂ ਪੇਕੇ ਘਰ ਤੋਂ ਪਰਾਈ ਮੇਰੀ ਸੱਸੇ
ਮੈਂ ਤਾਂ ਰਹਾਗੀ ਬਣ ਤੇਰੀ ਧੀ ਨੀ ਮੇਰੀ ਰਾਣੀਏਂ ਸੱਸੇ।



ਗਲੀਆਂ ਤਾਂ ਹੋਈਆਂ ਬਾਬਲ ਭੀੜੀਆਂ

ਮੈਂਡਾ ਆਂਗਣ ਹੋਇਆ ਪਰਦੇਸ ਵੇ
ਸੁਖੀ ਵਸ ਬਾਬਲ ਘਰ ਆਪਣੇ
ਧੀ ਚੱਲੀ ਪਰਦੇਸ ਵੇ

ਮੇਰੀ ਸਖੀ ਸਹੇਲੀ ਬਾਬਲ ਵਿਛੜੀ
ਮੇਰੇ ਰੋਂਦੇ ਨੇ ਭੈਣ ਭਰਾ ਵੇ
ਠੰਡੀ ਹਵਾ ਬਾਬਲ ਆਵੇ ਮੈਨੂੰ ਪੇਕਿਆਂ ਵੱਲੋਂ
ਮੈਂ ਵੀ ਖੁਸ਼ੀਆਂ ਮਾਣਾਂ ਹਰ ਰੋਜ਼ ਵੇ

ਵਸਦਾ ਰਹੇ ਬਾਬਲ ਪੇਕਿਆਂ ਦਾ ਵਿਹੜਾ
ਜਿੱਥੇ ਨਿੰਮਾਂ ਦੀ ਠੰਡੀ ਠੰਡੀ ਛਾਂ
ਰਹਿਣ ਵਸਦੇ ਚੁਬਾਰੇ ਵੀਰਾ ਤੇਰੇ
ਪੇਕੇ ਜਿਹੜੇ ਮੇਰੇ ਵੇ ਜਿੱਥੋਂ ਮੇਰੀ ਡੋਲੀ ਵੇ ਤੁਰੀ

ਭਾਬੋ ਰਾਣੀ ਭਤੀਜੇ ਰਹਿਣ ਰੰਗੀਂ
ਜਿੱਥੇ ਰੱਜ ਰੱਜ ਚਾਅ ਮੈਂ ਲਾਹੇ
ਭਤੀਜੇ ਗੋਦੀ ਚੁੱਕ ਖਿਡਾਏ

ਵੀਰੇ ਦੇ ਬਾਗਾਂ ਵਿਚ
ਅੰਬਾਂ ਦੀ ਛਾਂ ਦੇ ਥੱਲੇ
ਮੌਜਾਂ ਮਾਣੀਆਂ ਕਦੇ ਭੁੱਲਣੀਆਂ ਨੀ

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ
ਮੇਰੀ ਡੋਲੀ ਦਾ ਵਾਣ ਪੁਰਾਣਾ ਨੀ ਮਾਂ
ਧੀਆਂ ਹੁੰਦੀਆਂ ਨੇ ਧਨ ਬੇਗਾਨਾ ਨੀ ਮਾਂ

ਮੇਰੀ ਡੋਲੀ ਨੂੰ ਤੋਰ ਛੁਪਾਅ ਕੇ ਨੀ ਮਾਂ
ਧੀਆਂ ਕੱਢਣ ਘਰੋਂ ਹੱਥੀ ਮਾਪੇ ਨੀ ਮਾਂ
ਮੇਰੀ ਡੋਲੀ ਨੂੰ ਰੱਜ ਕੇ ਲੈ ਵੇਖ ਨੀ ਮਾਂ
ਮੈਂ ਜਾਣਾ ਬੇਗਾਨੇ ਦੇਸ ਨੀ ਮਾਂ
ਮੇਰੀ ਡੋਲੀ ਦੇ ਰੱਤੜੇ ਚੀਰੇ ਨੀ ਮਾਂ
ਮੈਨੂੰ ਵਿਦਿਆ ਕਰਨ ਸਕੇ ਵੀਰੇ ਨੀ ਮਾਂ
ਮੇਰੀ ਡੋਲੀ ਨੂੰ ਲੱਗੜੇ ਲਾਚੇ ਨੀ ਮਾਂ
ਮੈਨੂੰ ਵਿਦਿਆ ਕਰਨ ਸਕੇ ਚਾਚੇ ਨੀ ਮਾਂ

ਮੇਰੀ ਡੋਲੀ ਨੂੰ ਚੁੱਕਦੇ ਕਾਮੇ ਨੀ ਮਾਂ
ਮੈਨੂੰ ਵਿਦਿਆ ਕਰਨ ਸਕੇ ਮਾਮੇ ਨੀ ਮਾਂ
ਤੇਰੇ ਬੂਹੇ ਤੇ ਆਇਆ ਮੇਰਾ ਮਾਹੀ ਨੀ ਮਾਂ
ਮੈਂ ਤਾਂ ਹੋ ਗਈ ਅੱਜ ਤੋਂ ਪਰਾਈ ਨੀ ਮਾਂ

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ
ਮੇਰੀ ਡੋਲੀ ਦਾ ਵਾਣ ਪੁਰਾਣਾ ਨੀ ਮਾਂ
ਧੀਆਂ ਹੁੰਦੀਆਂ ਨੇ ਧਨ ਬੇਗਾਨਾ ਨੀ ਮਾਂ

ਆਲੇ ਤੇ ਜਾਲੇ ਬਾਬਲ ਗੁੱਡੀਆਂ
ਮੇਰਾ ਨਹੀਂ ਖੇਡਣ ਤੇ ਚਾਅ
ਵੇ ਸੁਣ ਬਾਬਲ ਮੇਰਿਆ

ਮਾਂ ਰੋਵੇ ਭਿੱਜਣ ਚੁੰਨੀਆਂ
ਬਾਪ ਰੋਵੇ ਦਰਿਆ
ਵੇ ਸੁਣ ਬਾਬਲ ਮੇਰਿਆ

ਵੀਰਾ ਰੋਵੇ ਵੇ ਸਭ ਲੋਕ ਰੋਵੇ
ਮੇਰੀਆਂ ਭਾਬੀਆਂ ਦੇ ਮਨ ਚਾਅ
ਵੇ ਸੁਣ ਬਾਬਲ ਮੇਰਿਆ

ਮੇਰੀ ਸਖੀ ਸਹੇਲੀ ਬਾਬਲ ਵਿੱਛੜੀ
ਮੇਰਾ ਨਹੀਂ ਮਿਲਣੇ ਤੇ ਚਾਅ
ਵੇ ਸੁਣ ਬਾਬਲ ਮੇਰਿਆ
ਗਲੀਆਂ ਤਾਂ ਕਰ ਚੱਲੀ ਸੁੰਨੀਆਂ
ਚਾਚੀ ਤਾਈ ਆਖ ਸੁਣਾਉਂਦੀਆਂ
ਵੇ ਬਾਬਲ ਮੇਰਿਆ

ਵੀਰੇ ਦੇ ਮਹਿਲਾਂ ਚ ਛਮ ਛਮ ਕਰਦੀ ਫਿਰਦੀ
ਤੇ ਅੱਜ ਚੱਲੀ ਮੈਂ ਬੇਬੱਸ ਹੋ
ਵੇ ਸੁਣ ਬਾਬਲ ਮੇਰਿਆ
ਆਲੇ ਤੇ ਜਾਲੇ ਗੁੱਡੀਆਂ
ਮੇਰਾ ਨਹੀਂ ਖੇਡਣ ਤੇ ਚਾਅ
ਵੇ ਸੁਣ ਬਾਬਲ ਮੇਰਿਆ

ਡੋਲੀ ਦਾ ਵਾਣ ਪੁਰਾਣਾ ਨੀ, ਨੀ ਨਾ ਰੋ ਮੇਰੀ ਬੀਬੀ
ਧੀਆਂ ਦਾ ਧਨ ਬੇਗਾਨਾ

ਡੋਲੀ ਨੂੰ ਲਗੜੇ ਰੱਸੇ ਨੀ, ਨੀ ਨਾ ਰੋ ਮੇਰੀ ਬੀਬੀ
ਤੂੰ ਰੋਵੇ ਤੇ ਜੱਗ ਹੱਸੇ

ਡੋਲੀ ਨੂੰ ਲੱਗੜੇ ਤੀਰੇ ਨੀ, ਨੀ ਨਾ ਰੋ ਮੇਰੀ ਬੀਬੀ
ਤੈਨੂੰ ਵਿਦਿਆ ਕਰਦੇ ਤੇਰੇ ਵੀਰੇ

ਡੋਲੀ ਨੂੰ ਲੱਗੜੇ ਨਾਪੇ ਨੀ, ਨੀ ਨਾ ਰੋ ਮੇਰੀ ਬੀਬੀ

ਤੈਨੂੰ ਵਿਦਿਆ ਕਰਦੇ ਤੇਰੇ ਮਾਪੇ

ਡੋਲੀ ਦਾ ਵਾਣ ਪੁਰਾਣਾ ਨੀ, ਨੀ ਨਾ ਰੋ ਮੇਰੀ ਬੀਬੀ
ਧੀਆਂ ਦਾ ਧਨ ਬੇਗਾਨਾ

ਉਡ ਉਡ ਚਿੜੀਏ ਉਡ ਬਹਿ ਜਾ ਕੀਲੇ
ਮੇਰੀ ਅੰਮੜੀ ਬਾਝੋਂ ਨੀ ਕੌਣ ਭੇਜੇ ਨੀਲੇ

ਉਡ ਉਡ ਚਿੜੀਏ ਨੀ ਉਡ ਬਹਿ ਜਾ ਖਿੜਕੀ
ਮੇਰੀ ਅੰਮੜੀ ਬਾਝੋਂ ਨੀ ਮੈਂ ਸਭ ਨੇ ਝਿੜਕੀ

ਉਡ ਉਡ ਚਿੜੀਏ ਨੀ ਉਡ ਬਹਿ ਜਾ ਉਖਲੀ
ਮੇਰੀ ਅੰਮੜੀ ਬਾਝੋਂ ਨੀ ਕੌਣ ਭੇਜੇ ਗੁਥਲੀ

ਉਡ ਉਡ ਚਿੜੀਏ ਨੀ ਉਡ ਬਹਿ ਜਾ ਟਹਿੰਗੇ
ਮੇਰੀ ਅੰਮੜੀ ਬਾਝੋਂ ਨੀ ਕੌਣ ਭੇਜੇ ਲਹਿੰਗੇ

ਉਡ ਉਡ ਚਿੜੀਏ ਨੀ ਉਡ ਬਹਿ ਜਾ ਬੂਹੇ
ਮੇਰੀ ਅੰਮੜੀ ਬਾਝੋ ਨੀ ਕੌਣ ਭੇਜੇ ਸੂਹੇ

ਉਡ ਉਡ ਚਿੜੀਏ ਨੀ ਮੇਰੇ ਬਾਬਲ ਦੇਹੜੀ ਦੂਰੇ
ਦੂਰੇ ਵੇ ਸੁਣ ਧਰਮੀ ਵੀਰਾ ਪਰਦੇਸਣ ਬੈਠੀ ਝੂਰੇ

ਬਾਜ਼ਾਰ ਵਿਕੇਂਦੀਆਂ ਹੀਆਂ
ਰਲ ਬੈਠੀਆਂ ਮਾਵਾਂ ਤੇ ਧੀਆਂ
ਕਿ ਪੱਜੀਂ ਪੱਜੀਂ ਰੋਦੀਆਂ
ਮਾਵਾਂ ਤੇ ਧੀਆਂ ਰਲ ਬੈਠੀਆਂ
ਕੋਈ ਕਰ ਦੀਆਂ ਗਲੋੜੀਆਂ
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ

ਸੂਹੀਆਂ ਚੁੰਨੀਆਂ ਮੈਲੀਆਂ ਹੋਈਆਂ

ਮੇਰੇ ਸਾਲੂ ਨੂੰ ਆਇਆ ਲੰਗਾਰ
ਅੱਗੇ ਤਾਂ ਮਿਲਦੀ ਸੀ ਬਹਾਨੇ ਤੇ ਪੱਜੀਂ
ਹੁਣ ਕਿਉਂ ਦਿੱਤਾ ਏ ਵਿਸਾਰ
ਮਾਵਾਂ ਤੇ ਧੀਆਂ ਦੀ ਇਹ ਦੋਸਤੀ ਨੀ ਮਾਏ
ਕੋਈ ਟੁੱਟਦੀ ਏ ਕਹਿਰਾਂ ਦੇ ਨਾਲ
ਨੀ ਕਣਕਾਂ ਨਿੱਸਰੀਆਂ
ਧੀਆਂ ਕਿਉਂ ਵਿਸਰੀਆਂ ਮਾਏ

ਦੂਰੋ ਤਾਂ ਆਈ ਆਂ ਮੈਂ ਚੱਲ ਕੇ ਨੀ ਮਾਏ
ਤੇਰੇ ਦਰ ਉੱਤੇ ਗਈ ਆਂ ਖਲੋਅ
ਭਾਬੀਆਂ ਨਾ ਪੁੱਛਿਆ ਈ ਸੁੱਖ ਦਾ ਸੁਨੇਹਾ
ਨਾ ਗਲ ਲੱਗੀਆਂ ਰੋਅ
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ

ਭਾਬੀਆਂ ਅੰਗ ਸਹੇਲੀਆਂ ਨੀ ਮਾਏ
ਮੇਰੇ ਵੀਰਾਂ ਦੀ ਠੰਡੜੀ ਛਾਂ
ਭਾਬੀਆਂ ਮਾਰਨ ਜੰਦਰੇ ਨੀ ਮਾਏ
ਮੇਰਾ ਕੋਈ ਦਾਅਵਾ ਵੀ ਨਾ
ਕਣਕਾਂ ਨਿਸਰੀਆਂ ਧੀਆਂ ਕਿਉਂ ਵਿਸਰੀਆਂ ਮਾਏ

ਕੋਠੇ 'ਤੇ ਚੜ੍ਹ ਵੇਖਦੀ ਆ ਮਾਏ
ਨੀ ਮੈਂ ਵੇਖਦੀ ਆ ਵੀਰੇ ਦਾ ਰਾਹ
ਦੂਰੋਂ ਆਉਂਦਾ ਮੇਰਾ ਵੀਰ ਦਿਸਿਆ
ਮੇਰੇ ਆਇਆ ਏ ਸਾਹ ਵਿਚ ਸਾਹ
ਕਣਕਾਂ ਗਾਹੀਆਂ ਨੀ ਮਾਏ
ਧੀਆਂ ਕਿਉਂ ਵਿਆਹੀਆਂ ਨੀ ਮਾਏ

ਬਾਜਾਰ ਵਿਕੇਂਦੀਆਂ ਹੀਆਂ
ਰਲ ਬੈਠੀਆਂ ਮਾਵਾਂ ਧੀਆਂ
ਪੱਜੀਂ ਪੱਜੀਂ ਰੋਦੀਆਂ
ਮਾਵਾਂ ਤੇ ਧੀਆਂ ਦੀ ਇਹ ਦੋਸਤੀ ਨੀ ਮਾਏ
ਕੋਈ ਟੁੱਟਦੀ ਏ ਕਹਿਰਾ ਦੇ ਨਾਲ ਨੀ
ਕਣਕਾਂ ਪੱਕੀਆਂ ਧੀਆਂ ਕਿਉਂ ਰੱਖੀਆਂ ਨੀ ਮਾਏ



ਧੀਆਂ ਹੁੰਦੀਆਂ ਨੇ ਦੌਲਤਾਂ ਬੇਗਾਨੀਆਂ
ਵੇ ਹੱਸ ਹੱਸ ਤੋਰ ਬਾਬਲਾ

ਜਿਉਂਦੇ ਜਿਉਂਦੇ ਭਾਰ ਵੇ ਤੂੰ ਲਾਹ ਜਾ
ਲਾਵਾਂ ਦੇ ਕੇ ਚਾਰ ਬਾਬਲਾ
ਸੁਖੀ ਆਪ ਵਸੇ ਸੁਖੀ ਪਾ ਸਾਨੂੰ
ਨਾ ਰੋਲ ਬਾਬਲਾ ਨਾ ਰੁਲਾ ਸਾਨੂੰ

ਉਡ ਚਿੜੀਏ ਨੀ ਉਡ ਬਹਿ ਜਾ ਫੱਟੀਆਂ
ਢੋਲ ਪਰਦੇਸੀ ਸੱਸ ਦੇਵੇ ਮੱਤੀਆਂ
ਨਾ ਰੋਲ ਬਾਬਲ ਨਾ ਰੁਲਾ ਸਾਨੂੰ
ਸੁਖੀ ਆਪ ਵਸੇ ਸੁਖੀ ਪਾ ਸਾਨੂੰ

ਉਡ ਚਿੜੀਏ ਨੀ ਉਡ ਬਹਿ ਜਾ ਟਾਲ੍ਹੀ
ਢੋਲ ਪਰਦੇਸੀ ਦੇਵਰ ਬਣਦੇ ਵਾਲੀ
ਨਾ ਰੋਲ ਬਾਬਲਾ ਨਾ ਰੁਲਾ ਸਾਨੂੰ
ਸੁਖੀ ਆਪ ਵਸੇ ਸੁਖੀ ਪਾ ਸਾਨੂੰ



ਖੇਡਣ ਦੇ ਦਿਨ ਚਾਰ ਨੀ ਮਾਏ
ਖੇਡਣ ਦੇ ਦਿਨ ਚਾਰ
ਅਸਾਂ ਤੇਰੇ ਕਦ ਆਵਣਾਂ
ਖੇਡਣ ਦੇ ਦਿਨ ਚਾਰ

ਰਲ ਮਿਲ ਸਖੀਆ ਤ੍ਰਿੰਝਣ ਲਾਏ
ਮੇਰੇ ਤਕਲੇ ਵਿਚ ਵਲ ਚਾਰ ਨੀ ਮਾਏ
ਰਲ ਮਿਲ ਸਖੀਆ ਪੀਂਘਾਂ ਪਾਈਆਂ
ਝੂਟਣ ਦੇ ਦਿਨ ਚਾਰ ਨੀ ਮਾਏ

ਡੂੰਘੀਆਂ ਨਦੀਆਂ ਤੁਲਾ ਪੁਰਾਣਾ
ਮੈਂ ਅਣਤਾਰੂ ਤਰਨ ਨਾ ਜਾਣਾ
ਕਿਸ ਵਿੱਧ ਉਤਰਾਂਗੀ ਪਾਰ ਨੀ ਮਾਏ

ਝੂਟਣ ਦੇ ਦਿਨ ਚਾਰ ਨੀ ਮਾਏ

ਅਸੀਂ ਤੇਰੇ ਕਦ ਆਵਣਾ
ਚੁੰਣ ਚੁੰਣ ਕੰਕਰ ਮਹਿਲ ਉਸਾਰਾਂ
ਜਾ ਮੱਲਣੀ ਉਜਾੜ ਨੀ ਮਾਏ
ਅਸੀਂ ਤੇਰੇ ਕਦ ਆਵਣਾ
ਖੇਡਣ ਦੇ ਦਿਨ ਚਾਰ ਨੀ ਮਾਏ

ਬੋਲੀ ਬੋਲੀ ਵੇ ਬਨੇਰੇ ਦਿਆਂ ਕਾਵਾਂ
ਬਨੇਰਾ ਸਾਡਾ ਕਿਉਂ ਮੱਲਿਆ

ਸਾਡਾ ਮਾਹੀ ਤੇ ਨਹੀਓਂ ਸਾਡੇ ਘਰ ਵੇ
ਦਿਲ ਸਾਡਾ ਤਾਂ ਹਿਲਿਆ
ਅਸਾਂ ਲਿਖ ਲਿਖ ਚਿੱਠੀਆਂ
ਸਹੁਰੇ ਪਾਈਆਂ
ਵੇ ਮਾਹੀ ਸਾਡੀ ਸਾਰ ਲਵੀਂ
ਅੱਜ ਭਾਬੀਆਂ ਸਾਡੀਆਂ ਹੱਸੀਆਂ
ਕਿ ਨਣਦਾਂ ਟੁਰ ਚੱਲੀਆਂ
ਅੱਜ ਮਾਂ ਤੇ ਸਾਡੀ ਰੋਵੇ
ਕਿ ਧੀਆਂ ਸਹੁਰੇ ਘਰ ਚੱਲੀਆਂ
ਸਾਡੀ ਜੋਗ ਜੋਗੀ ਵਾਲੀ ਫੇਰੀ
ਕਿ ਮਾਵਾਂ ਧੀਆਂ ਗਲ ਮਿਲੀਆਂ

ਕੀ ਤੂੰ ਪਾਵੇਂ ਹਾਰ ਹਮੇਲਾਂ
ਕੀ ਤੂੰ ਪਾਵੇਂ ਨੱਥ ਚੂੜਾ
ਜਿਸ ਰੰਝੇਟੇ ਦਾ ਮਾਣ ਕਰੇ ਤੂੰ
ਹੱਥ ਖੁੰਡੀ ਮੋਢੇ ਭੂਰਾ

ਮੈਂ ਨੱਥਾਂ ਦੀ ਥਾਂ ਲੌਂਗ ਹੰਢਾਵਾਂ ਚੂੜੇ ਦੀ ਥਾਂ ਵੰਗਾਂ
ਏਥੇ ਉੱਥੇ ਦੋਹੀਂ ਜਹਾਨੀ ਮੈਂ ਖੈਰ ਰਾਂਝੇ ਦੀ ਮੰਗਾਂ

ਕਿਹੜੇ ਪੱਤਣ ਤੇਰੀਆਂ ਮੱਝੀਆਂ ਲੰਘੀਆਂ

ਕਿਹੜੇ ਪੱਤਣ ਤੇਰੀਆਂ ਗਾਈਂ

ਕਿਹੜੇ ਪੱਤਣ ਮੀਆਂ ਰਾਂਝਾ ਲੰਘਿਆ
ਹੀਰ ਨਿਮਾਣੀ ਦਾ ਸਾਈਂ

ਕੀ ਤੂੰ ਪਾਵੇਂ ਹਾਰ ਹਮੇਲਾਂ
ਕੀ ਤੂੰ ਪਾਵੇਂ ਨੱਥ ਚੂੜਾ
ਜਿਸ ਰੰਝੇਟੇ ਦਾ ਮਾਣ ਕਰੇ ਤੂੰ
ਹੱਥ ਖੁੰਡੀ ਮੋਢੇ ਕੂਰਾ

ਤੋੜਾਂ ਗੰਦਲਾਂ ਤੇ ਪੈਣ ਪਈਆਂ ਦੰਦਲਾਂ
ਤੇ ਕਾਹਨੂੰ ਮੈਂ ਜਵਾਨ ਹੋ ਗਈ
ਸਿਰ ਲੈ ਕੇ ਸੁਹੀ ਫੁਲਕਾਰੀ
ਮੈਂ ਹਾਣੀਆਂ ਦੇ ਹਾਣ ਹੋ ਗਈ

ਸਾਲ ਸੋਲ੍ਹਵਾਂ ਚੜਿਆ ਅੜੀਓ
ਨਾਗ ਇਸ਼ਕ ਦਾ ਲੜਿਆ ਅੜੀਓ
ਮਾਂ ਤਾਂ ਮੈਨੂੰ ਦੇਵੇ ਝਿੜਕਾਂ
ਭਾਬੋ ਕਹੇ ਰਕਾਨ ਹੋ ਗਈ
ਸਿਰ ਲੈ ਕੇ ਸੁਹੀ ਫੁਲਕਾਰੀ
ਮੈਂ ਹਾਣੀਆਂ ਦੇ ਹਾਣ ਹੋ ਗਈ
ਤੋੜਾਂ ਗੰਦਲਾਂ ਤੇ ਪੈਣ ਪਈਆਂ ਦੰਦਲਾਂ
ਤੇ ਕਾਹਨੂੰ ਮੈਂ ਜਵਾਨ ਹੋ ਗਈ

ਸ਼ੀਸ਼ੇ ਮੁਹਰੇ ਖੜ੍ਹੀ ਮੈਂ ਤੱਕਾਂ
ਦਿਲ ਦੀਆਂ ਗੱਲਾਂ ਕਹਿੰਦੀਆਂ ਅੱਖਾਂ
ਨੀ ਮੈਂ ਡੁੱਬਦੀ ਜਾਵਾਂ ਮਰਦੀ ਜਾਵਾਂ
ਹਾਣ ਦੇ ਮੁੰਡੇ 'ਤੇ ਕੁਰਬਾਨ ਹੋ ਗਈ
ਸਿਰ ਲੈ ਕੇ ਸੁਹੀ ਫੁਲਕਾਰੀ . . . . . .

ਅੰਮੀਏ ਮੈਨੂੰ ਵਿਆਹ ਦੇ ਕਹਿਣ ਤੇ ਮਜਬੂਰ ਹੋ ਗਈ
ਬਾਪੂ ਦੀ ਪੱਗ ਦੀ ਸ਼ਾਨ ਰਹੇ ਅਬਾਦ
ਮੈਨੂੰ ਮਾਪਿਆ ਦੀ ਲੱਜ ਦੀ ਪਛਾਣ ਹੋ ਗਈ

ਸਿਰ ਲੈ ਕੇ ਸੁਹੀ ਫੁਲਕਾਰੀ
ਮੈਂ ਹਾਣੀਆਂ ਦੇ ਹਾਣ ਹੋ ਗਈ
ਤੋੜਾਂ ਗੰਦਲਾਂ ਤੇ ਪੈਣ ਪਈਆਂ ਦੰਦਲਾਂ
ਤੇ ਕਾਹਨੂੰ ਮੈਂ ਜਵਾਨ ਹੋ ਗਈ

ਜੀਹਨੂੰ ਵੇਖਣੇ ਦੀ ਭੁੱਖ ਓਹਦੇ ਵਰਗਾ ਮਨੁੱਖ
ਇਕ ਹੁਣੇ ਹੁਣੇ ਡੰਡੀ ਡੰਡੀ ਲੰਘਿਆ ਕੁੜੇ
ਉਹਦੀ ਤੱਕਣੀ ਨੇ ਸੱਪ ਵਾਂਗੂੰ ਡੰਗਿਆ ਕੁੜੇ

ਉਹਨੂੰ ਵੇਖ ਮੈਨੂੰ ਚੁਗਣੀ ਕਪਾਹ ਭੁੱਲ ਗਈ
ਉਹਦੀ ਵੇਖਕੇ ਨੁਹਾਰ ਨੀ ਮੈਂ ਰਾਹ ਭੁੱਲ ਗਈ
ਜਦ ਪਿਆ ਮੈਨੂੰ ਸੱਕ
ਰੂਪ ਘੁੰਡ ਵਿਚ ਡੱਕ
ਮੈਂ ਤਾਂ ਗਈ ਸ਼ਰਮਾਅ ਤੇ ਜੀ ਮੇਰਾ ਸੰਗਿਆ ਕੁੜੇ
ਜੀਹਨੂੰ ਵੇਖਣੇ ਦੀ ਭੁੱਖ ਓਹਦੇ ਵਰਗਾ ਮਨੁੱਖ
ਇਕ ਹੁਣੇ ਹੁਣੇ ਡੰਡੀ ਡੰਡੀ ਲੰਘਿਆ ਕੁੜੇ
ਉਹਦੀ ਤੱਕਣੀ ਨੇ ਸੱਪ ਵਾਂਗੂੰ ਡੰਗਿਆ ਕੁੜੇ

ਰਿਹਾ ਮੇਰੇ ਵੱਲ ਮੁੜ ਮੁੜ ਇੰਝ ਵੇਖਦਾ
ਪਾ ਕੇ ਅੱਖਾਂ ਵਿਚ ਅੱਖਾਂ ਰਿਹਾ ਇੰਝ ਸੇਕਦਾ
ਜਦ ਪਿਆ ਮੈਨੂੰ ਸੱਕ
ਰੂਪ ਘੁੰਡ ਵਿਚ ਡੱਕ
ਮੈਂ ਤਾਂ ਗਈ ਸ਼ਰਮਾ ਤੇ ਜੀ ਮੇਰਾ ਸੰਗਿਆ
ਜੀਹਨੂੰ ਵੇਖਣੇ ਦੀ ਭੁੱਖ ਓਹਦੇ ਵਰਗਾ ਮਨੁੱਖ
ਇਕ ਹੁਣੇ ਹੁਣੇ ਡੰਡੀ ਡੰਡੀ ਲੰਘਿਆ ਕੁੜੇ
ਉਹਦੀ ਤੱਕਣੀ ਨੇ ਸੱਪ ਵਾਂਗੂੰ ਡੰਗਿਆ ਕੁੜੇ

ਜਦ ਕੋਲੋਂ ਦੀ ਉਹ ਲੰਘੇ
ਦਿਲ ਧੱਕ ਧੱਕ ਕੰਬੇ
ਨੀ ਉਹ ਬੁੱਲਾਂ ਵਿਚ ਹੱਸ
ਹੱਸ ਦਿਲ ਮੈਥੋਂ ਮੰਗੇ
ਉਹ ਵੀ ਚਾਹਵੇ ਮੈਂ ਵੀ ਚਾਹਵਾਂ
ਉਹਨੂੰ ਹੱਸ ਕੇ ਬੁਲਾਵਾਂ

ਦਿਲ ਦੇ ਦਿਆਂ ਉਹਨੂੰ ਬਿਨ ਮੰਗਿਆ ਕੁੜੇ
ਜੀਹਨੂੰ ਵੇਖਣੇ ਦੀ ਭੁੱਖ ਉਹਦੇ ਵਰਗਾ ਮਨੁੱਖ
ਇਕ ਹੁਣ ਹੁਣੇ ਡੰਡੀ ਡੰਡੀ ਲੰਘਿਆ ਕੁੜੇ
ਉਹਦੀ ਤੱਕਣੀ ਨੇ ਸੱਪ ਵਾਂਗੂੰ ਡੰਗਿਆ ਕੁੜੇ

ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੀ ਅੰਮੀ ਜਾਇਓ ਵੇ
ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੇ ਅੰਮੀ ਜਾਇਓ ਵੇ

ਪੂਰਬ ਵਿਚ ਚੜ੍ਹਿਆਂ ਨੇ ਪੱਛਮ ਵਿਚ ਲਹਿ ਜਾਣਾ
ਬਾਬਲ ਘਰ ਜੰਮੀਆਂ ਨੇ ਸਹੁਰੇ ਘਰ ਤੁਰ ਜਾਣਾ
ਇਹ ਰੀਤ ਪੁਰਾਣੀ ਏ ਇਹ ਸੱਚੀ ਕਹਾਣੀ ਏ
ਇਹ ਸਦੀਆਂ ਤੋਂ ਸਭ ਨਾਲ ਹੁੰਦੀ ਆਏ ਏ
ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੇ ਅੰਮੀ ਜਾਇਓ ਵੇ

ਬਾਬਲ ਦੇ ਵਿਹੜੇ ਚੋਂ ਅੰਮੜੀ ਦੇ ਖੇੜੇ ਚੋਂ
ਵੀਰੇ ਦੇ ਮਹਿਲਾਂ ਚੋਂ ਭਾਬੋ ਦੀਆਂ ਰੀਝਾਂ ਚੋਂ
ਪੇਕਿਆਂ ਦੀਆਂ ਗਲੀਆਂ ਚੋਂ
ਪਿੰਡ ਦੀਆਂ ਜੂਹਾਂ ਚੋਂ
ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੇ ਅੰਮੀ ਜਾਇਓ ਵੇ

ਸਖੀਆਂ ਦੇ ਝੁਰਮਟ ਚੋਂ ਤਿੰਞਣਾਂ ਦੀ ਘੂਕਰ ਚੋਂ
ਪੀਂਘਾਂ ਦੇ ਸਿਖਰ ਹੁਲਾਰ ਵਿੱਚੋਂ
ਭੈਣਾਂ ਦੇ ਸੱਚੇ ਪਿਆਰ ਵਿੱਚੋਂ
ਬਾਬਲ ਦੀ ਵਸਦੀ ਨਗਰੀ ਚੋਂ
ਵੀਰੇ ਦੀ ਨਾਜ਼ੁ ਪਗੜੀ ਚੋਂ
ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੇ ਅੰਮੀ ਜਾਇਓ ਵੇ

ਮੇਰੀ ਰੀਝਾਂ ਭਰੀ ਪਟਾਰੀ ਨੂੰ ਖੋਲ੍ਹਣ ਦੇ ਲਈ

ਮੇਰੀ ਅੰਮੀ ਰਾਣੀ ਨੇ ਮੇਰਾ ਰਾਂਝਾ ਸਦਾਇਆ ਏ
ਬਾਹੋਂ ਫੜ੍ਹ ਡੋਲੀ ਵਿਚ ਆਪ ਬਿਠਾਇਆ ਏ
ਮੈਨੂੰ ਵਿਦਾ ਕਰੋ ਸਖੀਓ ਮੇਰੀ ਵਾਟ ਲੰਮੇਰੀ ਏ
ਮੇਰੇ ਚਾਚੇ ਤਾਇਓ ਵੇ ਮੇਰੇ ਅੰਮੀ ਜਾਇਓ ਵੇ

ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਵੰਗ ਟੁੱਟ ਗਈ

ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਵੰਗ ਟੁੱਟ ਗਈ।
ਨੀ ਮੈਂ ਜੰਮੂ ਸ਼ਹਿਰ ਜਾਵਾ ਉੱਥੇ ਵੰਗਾਂ ਲੈ ਕੇ ਆਵਾ
ਤੇਰੀ ਵੀਣੀ ਵਿਚ ਸਜਾਵਾ ਤੂੰ ਮੇਰੀ ਐਵੇ ਰੁਸ ਗਈ
ਨੀ ਮੈਂ ਬੇਕਦਰੇ ਨੇ ਕੁੱਟੀ .....।

ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਝਾਂਜਰ ਟੁੱਟ ਗਈ
ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਝਾਂਜਰ ਟੁੱਟ ਗਈ
ਨੀ ਮੈਂ ਲਾਹੌਰ ਸ਼ਹਿਰ ਜਾਵਾ ਉੱਥੋਂ ਝਾਂਜਰ ਲਿਆਵਾ
ਤੇਰੇ ਪੈਰਾਂ ਦੇ ਵਿਚ ਪਾਵਾਂ ਤੂੰ ਮੇਰੀ ਐਵੇਂ ਰੁਸ ਗਈ।

ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਕੈਂਠੀ ਟੁੱਟ ਗਈ
ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਕੈਂਠੀ ਟੁੱਟ ਗਈ
ਨੀ ਮੈਂ ਦਿੱਲੀ ਸ਼ਹਿਰ ਜਾਵਾ ਉੱਥੋਂ ਕੈਂਠੀ ਲੈ ਕੇ ਆਵਾ
ਤੇਰੇ ਗਲ ਦੇ ਵਿਚ ਸਜਾਵਾਂ ਨੀ ਤੂੰ ਮੇਰੀ ਐਵੇਂ ਰੁਸ ਗਈ।

ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਸ਼ਾਪ ਟੁੱਟ ਗਈ
ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਸ਼ਾਪ ਟੁੱਟ ਗਈ
ਨੀ ਮੈਂ ਬੰਬੇ ਸ਼ਹਿਰ ਜਾਵਾ ਉੱਥੋਂ ਸ਼ਾਪ ਲੈ ਕੇ ਆਵਾ
ਤੇਰੀ ਉਗਲ ਵਿਚ ਸਜਾਵਾ ਤੂੰ ਮੇਰੀ ਐਵੇ ਰੁਸ ਗਈ
ਨੀ ਮੈਂ ਬੇਕਦਰੇ ਨੇ ਕੁੱਟੀ ਮੇਰੀ ਵੰਗ ਟੁੱਟ ਗਈ।

ਭਾਬੋ ਕਹਿੰਦੀ ਏ ਬਲਵੰਤ ਸਿੰਘਾ ਵੇਲਣਾ ਲਿਆ

ਭਾਬੋ ਕਹਿੰਦੀ ਏ ਬਲਵੰਤ ਸਿੰਘਾ ਵੇਲਣਾ ਲਿਆ।

ਵੇਲਣੇ ਦੀ ਖੱਟੀ ਦਾ ਲੌਂਗ ਘੜਾਉਨੀ ਆਂ

ਪੌਣ ਦੇ ਵੇਲੇ ਉਹ ਕਿਹੜੀ,
ਜਿਹੜੀ ਸੜਦੀ ਰਹਿੰਦੀ,
ਉਹ ਕਿਹੜੀ ਜਿਹੜੀ ਬੁੜ ਬੁੜ ਕਰਦੀ
ਉਹ ਕਿਹੜੀ ਜਿਹੜੀ ਸੌਕਣ ਮੇਰੀ।
ਭਾਬੋ ਕਹਿੰਦੀ ਏ, ਬਲਵੰਤ ਸਿੰਘਾ ਵੇਲਣਾ ਲਿਆ
ਭਾਬੋ ਕਹਿੰਦੀ ਏ .....।

ਵੇਲਣੇ ਦੀ ਖੱਟੀ ਦਾ ਮੈਂ ਹਾਰ ਕਰਾਉਨੀਂ ਆਂ
ਪੌਣ ਦੇ ਵੇਲੇ ਉਹ ਕਿਹੜੀ,
ਜਿਹੜੀ ਸੜਦੀ ਰਹਿੰਦੀ,
ਉਹ ਕਿਹੜੀ ਜਿਹੜੀ ਬੁੜ ਬੁੜ ਕਰਦੀ
ਉਹ ਕਿਹੜੀ ਜਿਹੜੀ ਸੌਕਣ ਮੇਰੀ।
ਭਾਬੋ ਕਹਿੰਦੀ ਏ, ਬਲਵੰਤ ਸਿੰਘਾ ਵੇਲਣਾ ਲਿਆ।

ਵੇਲਣੇ ਦੀ ਖੱਟੀ ਦੇ ਮੈਂ ਕਾਂਟੇ ਕਰਾਉਨੀਂ ਆਂ
ਪੌਣ ਦੇ ਵੇਲੇ ਉਹ ਕਿਹੜੀ,
ਜਿਹੜੀ ਸੜਦੀ ਰਹਿੰਦੀ,
ਉਹ ਕਿਹੜੀ ਜਿਹੜੀ ਬੁੜ ਬੁੜ ਕਰਦੀ
ਉਹ ਕਿਹੜੀ ਜਿਹੜੀ ਸੌਕਣ ਮੇਰੀ।
ਭਾਬੋ ਕਹਿੰਦੀ ਏ, ਬਲਵੰਤ ਸਿੰਘਾ ਵੇਲਣਾ ਲਿਆ
ਭਾਬੋ ਕਹਿੰਦੀ ਏ, ਬਲਵੰਤ ਸਿੰਘਾ ਵੇਲਣਾ ਲਿਆ।

ਗੱਲ ਸੁਣ ਜਾ ਤਵੀਤਾ ਵਾਲੇ ਜਿੰਦਰਾ

ਵੇ ਮੈਂ ਨੀ ਤੇਰਾ ਨਾਂ ਜਾਣਦੀ
ਗੱਲ ਸੁਣ ਜਾ ਤਵੀਤਾ ਵਾਲੇ ਜਿੰਦਰਾ
ਵੇ ਮੈਂ ਨੀ ਤੇਰਾ ਨਾਂ ਜਾਣਦੀ।
ਨਾਲੇ ਇੰਦਰਾ ਜੋਗਿੰਦਰਾ ਆਖੇ
ਨੀ ਨਾਲੇ ਆਖੇ ਨਾਂ ਨੀ ਜਾਣ ਦੀ।
ਹੂੰ ਹਾਂ ਵੇ ਗਲਨਾਰੀ ਪੱਗ ਵਾਲਿਆ
ਸੱਚ ਦਸ ਤੂੰ ਪ੍ਰਾਹੁਣਾ ਕੀਹਦੇ ਜਾਣਾ
ਵੇ ਗੁਲਾਨਾਰੀ ਪੱਗ ਵਾਲਿਆ।
ਹੂੰ ਹਾਂ ਨੀ ਜਾਣਕੇ ਨਾ ਪੁੱਛ ਗੋਰੀਏ
ਤੇਰੇ ਬਾਪ ਦਾ ਜਵਾਈ ਬਣ ਜਾਂਦਾ

ਨੀ ਜਾਣ ਕੇ ਨਾਂ ਪੁੱਛ ਗੋਰੀਏ।
ਹੂੰ ਹਾਂ ਨੀ ਕੋਠੇ ਚੜ੍ਹਦੀ ਦੀ
ਮੇਰੀ ਗੁੱਤ ਲੰਬੜਾਂ ਨੇ ਵੇਖੀ
ਨੀ ਕੋਠੇ ਚੜ੍ਹਦੀ .....।
ਹੂੰ ਹਾਂ ਨੀ ਚਿੱਟੀਆਂ ਪੂਣੀਆਂ
ਤੰਦ ਲੈਦੇ ਨੇ ਹੁਲਾਰੇ
ਨੀ ਚਿੱਟੀਆਂ ਪੂਣੀਆਂ
ਹੂੰ ਹਾਂ ਨੀ ਕੱਤਣੀ ਕਬਿਤ ਬੋਲਦੀ
ਮੇਰਾ ਚਰਖਾ ਬੋਲੀਆਂ ਪਾਵੇ,
ਨੀ ਕੱਤਣੀ ਕਬਿਤ ਬੋਲਦੀ ।
ਹੂੰ ਹਾਂ ਨੀ ਝਾਂਜਰ ਨੱਚ ਨੀ ਪਈ
ਮੇਰਾ ਚਰਖਾ ਲਵੇ ਹੁਲਾਰੇ
ਨੀ ਝਾਂਜਰ ਨੱਚ ਨੀ ਪਈ।
ਹੂੰ ਹਾਂ ਨੀ ਸਖੀਆਂ ਵਿਛੜ ਗਈਆਂ
ਜਦ ਮਾਪਿਆਂ ਨੇ ਡੋਲੀ ਚੋਂ ਬਿਠਾਈ
ਨੀ ਸਖੀਆਂ ਵਿਛੜ ਗਈਆਂ।
ਹੂੰ ਹਾਂ ਨੀ ਮਾਪਿਆਂ ਨੇ ਰੱਖੀ ਲਾਡਲੀ
ਅੱਗੋਂ ਸੱਸ ਬਘਿਆੜੀ ਟੱਕਰੀ
ਨੀ ਮਾਪਿਆਂ ਨੇ ਰੱਖੀ ਲਾਡਲੀ।

ਨੀ ਮੇਰੀਏ ਸ਼ਗਨਾਂ ਦੀਏ ਫੁਲਕਾਰੀਏ
ਨੀ ਤੇਰੀਆ ਘੁੱਟ ਘੁੱਟ ਬੁੱਕਲਾਂ ਮਾਰੀਏ
ਨੀ ਮੇਰੀਏ ਸ਼ਗਨਾਂ ਦੀਏ ਫੁਲਕਾਰੀਏ
ਨੀ ਤੇਰੀਆ ਘੁੱਟ ਘੁੱਟ ਬੁੱਕਲਾਂ ਮਾਰੀਏ।

ਨੀ ਅੰਗ ਦਾ ਪਤਲਾ ਤੇ ਅੱਖ ਮਸਤਾਨੀ
ਮਾਹੀਆ ਵੇ ਮੇਰੀ ਵੀਣੀ ਨਾ ਮਰੋੜ
ਰਲਕੇ ਵਸਣਾ ਵੇ ਰਲਕੇ ਵਸਣਾ
ਮਾਹੀਆ ਵੇ ਤੇਰੀ ਬਾਂਕੀ ਐ ਤੋਰ
ਰਲਕੇ ਚੱਲਣਾ, ਵੇ ਰਲਕੇ ਤੁਰਨਾ
ਮਾਹੀ ਵੇ ਤੇਰੀ ਬਾਂਕੀ ਐ ਤੋਰ।

ਮੇਰੀਏ ਸ਼ਗਨਾਂ ਦੀਏ ਫੁੱਲ ਸੱਗੀਏ

ਸਜਦੀ ਏਂ ਸਿਰ ਮੇਰੇ ਤੇ ਲੱਗੀਏ
ਨੀ ਅੰਗ ਦਾ ਪਤਲਾ ਤੇ ਅੱਖ ਮਸਤਾਨੀ
ਮਾਹੀਆ ਵੇ ਮੇਰੀ ਵੀਣੀ ਨਾ ਮਰੋੜ
ਰਲਕੇ ਵਸਣਾ ਵੇ ਰਲਕੇ ਵਸਣਾ
ਮਾਹੀਆ ਵੇ ਤੇਰੀ ਬਾਂਕੀ ਐ ਤੋਰ
ਰਲਕੇ ਚੱਲਣਾ, ਵੇ ਰਲਕੇ ਤੁਰਨਾ
ਮਾਹੀ ਵੇ ਤੇਰੀ ਬਾਂਕੀ ਐ ਤੋਰ।

ਮੇਰੀਏ ਸ਼ਗਨਾਂ ਦੀਏ ਕੈਂਠੀਏ
ਨੀ ਸਜਦੀਏ ਗਲ ਮੇਰੇ ਤੇ ਬੈਠੀਏ
ਨੀ ਅੰਗ ਦਾ ਪਤਲਾ ਤੇ ਅੱਖ ਮਸਤਾਨੀ
ਮਾਹੀਆ ਵੇ ਮੇਰੀ ਵੀਣੀ ਨਾ ਮਰੋੜ
ਰਲਕੇ ਵਸਣਾ ਵੇ ਰਲਕੇ ਵਸਣਾ
ਮਾਹੀਆ ਵੇ ਤੇਰੀ ਬਾਂਕੀ ਐ ਤੋਰ
ਰਲਕੇ ਚੱਲਣਾ, ਵੇ ਰਲਕੇ ਤੁਰਨਾ
ਮਾਹੀ ਵੇ ਤੇਰੀ ਬਾਂਕੀ ਐ ਤੋਰ।



ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ

ਮੈਂ ਤਾਂ ਇਕ ਪੁੱਤ ਜੰਮਿਆ ਹਈ ਸ਼ਾਵਾ
ਕਹਿੰਦਾ ਮੈਂ ਤਾਂ ਦਾਦੇ ਕੋਲ ਜਾਣਾ ਹਈ ਸ਼ਾਵਾ
ਦਾਦੇ ਦੀ ਕੀ ਲੋੜ ਤੇਰਾ ਨਾਨਾ ਤੇਰਾ ਕੋਲ ਹਈ ਸ਼ਾਵਾ।

ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ
ਮੈਂ ਤਾਂ ਇਕ ਪੁੱਤ ਜੰਮਿਆ ਹਈ ਸ਼ਾਵਾ
ਕਹਿੰਦਾ ਮੈਂ ਤਾਂ ਦਾਦੀ ਕੋਲ ਜਾਣਾ ਹਈ ਸ਼ਾਵਾ
ਦਾਦੀ ਦੀ ਕੀ ਲੋੜ ਤੇਰਾ ਨਾਨੀ ਤੇਰਾ ਕੋਲ ਹਈ ਸ਼ਾਵਾ।

ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ
ਮੈਂ ਤਾਂ ਇਕ ਪੁੱਤ ਜੰਮਿਆ ਹਈ ਸ਼ਾਵਾ
ਕਹਿੰਦਾ ਮੈਂ ਤਾਂ ਚਾਚੇ ਕੋਲ ਜਾਣਾ ਹਈ ਸ਼ਾਵਾ
ਤੇਰਾ ਮਾਮਾ ਤੇਰੇ ਕੋਲ ਤੈਨੂੰ ਚਾਚੇ ਦੀ ਕੀ ਲੋੜ ਹਈ ਸ਼ਾਵਾ।

ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ

ਮੈਂ ਤਾਂ ਇਕ ਪੁੱਤ ਜੰਮਿਆ ਹਈ ਸ਼ਾਵਾ
ਕਹਿੰਦਾ ਮੈਂ ਤਾਂ ਭੂਆ ਕੋਲ ਜਾਣਾ ਹਈ ਸ਼ਾਵਾ
ਤੇਰੀ ਮਾਸੀ ਤੇਰੇ ਕੋਲ ਤੈਨੂੰ ਭੂਆ ਦੀ ਕੀ ਲੋੜ ਹਈ ਸ਼ਾਵਾ।

ਨੱਥਾ ਸਿਹਾਂ ਬਈ ਨੱਥਾ ਸਿਹਾਂ ਹਈ ਸ਼ਾਵਾ
ਮੈਂ ਤਾਂ ਇਕ ਪੁੱਤ ਜੰਮਿਆ ਹਈ ਸ਼ਾਵਾ।

ਗੱਡੀ ਆਈ ਟੇਸ਼ਣ ਤੇ ਕਿ ਲੈ ਬਈ ਟੇਸ਼ਣ ਤੇ

ਬਾਬੂ ਸੀਟੀਆਂ ਮਾਰੇ ਤੇ ਕੋਲ ਬੁਲਾਵੇ
ਕਿ ਗੱਡੀ ਆਈ ਟੇਸ਼ਣ ਤੇ ਕਿ ਲੈ ਬਈ ਟੇਸ਼ਣ ਤੇ।

ਸਹੁਰੇ ਦੀ ਤੀਂਵੀ ਭੱਜ ਗਈ ਕਿ ਲੈ ਬਈ ਭੱਜ ਗਈ ਹਈ ਸ਼ਾਵਾ
ਸਹੁਰਾ ਪਿੱਛੇ ਭੱਜਿਆ ਜਾਵੇ,
ਇਕ ਵਾਰੀ ਮੰਨ ਗੋਰੀਏ ਕਿ ਲੈ ਬਈ ਮੰਨ ਗੋਰੀਏ
ਤੇਰੇ ਕੰਨਾਂ ਨੂੰ ਘੜਾ ਦੇਉ ਵਾਲੇ ਹਈ ਸ਼ਾਵਾ
ਕਿ ਗੱਡੀ ਆਈ ਟੇਸ਼ਣ ਤੇ .....।

ਜੇਠ ਦੀ ਤੀਂਵੀ ਭੱਜ ਗਈ ਕਿ ਲੈ ਬਈ ਭੱਜ ਗਈ ਹਈ ਸ਼ਾਵਾ
ਜੇਠ ਪਿੱਛੇ ਭੱਜਿਆ ਜਾਵੇ
ਇਕ ਵਾਰੀ ਮੰਨ ਗੋਰੀਏ ਕਿ ਲੈ ਬਈ ਮੰਨ ਗੋਰੀਏ
ਤੇਰੇ ਕੰਨਾਂ ਨੂੰ ਘੜਾ ਦੇਉ, ਕਾਂਟੇ ਹਈ ਸ਼ਾਵਾ
ਕਿ ਗੱਡੀ ਆਈ ਟੇਸ਼ਣ ਤੇ .....।

ਦਿਉਰ ਦੀ ਤੀਂਵੀ ਭੱਜ ਗਈ ਕਿ ਲੈ ਬਈ ਭੱਜ ਗਈ ਹਈ ਸ਼ਾਵਾ
ਦਿਉਰ ਪਿੱਛੇ ਭੱਜਿਆ ਜਾਵੇ
ਇਕ ਵਾਰੀ ਮੰਨ ਗੋਰੀਏ ਕਿ ਲੈ ਬਈ ਮੰਨ ਗੋਰੀਏ
ਤੇਰੇ ਗੁੱਟ ਨੂੰ ਘੜਾ ਦੇਉ, ਪੌਂਚੀ ਹਈ ਸ਼ਾਵਾ
ਕਿ ਗੱਡੀ ਆਈ ਟੇਸ਼ਣ ਤੇ .....।

ਗੱਡੀ ਆਈ ਟੇਸ਼ਣ ਤੇ ਕਿ ਲੈ ਬਈ ਟੇਸ਼ਣ ਤੇ
ਬਾਬੂ ਸੀਟੀਆਂ ਮਾਰੇ ਤੇ ਕੋਲ ਬੁਲਾਵੇ
ਕਿ ਗੱਡੀ ਆਈ ਟੇਸ਼ਣ ਤੇ ਕਿ ਲੈ ਬਈ ਟੇਸ਼ਣ ਤੇ।

ਹੂੰ ਹਾਂ ਵੇ ਹਰਿਆ ਮੂੰਗਰਿਆ
ਹੂੰ ਹਾਂ ਵੇ ਹਰਿਆ ਮੂੰਗਰਿਆ।

ਤੈਨੂੰ ਤੋੜ ਬੋਟੇ ਵਿੱਚ ਪਾਵਾ
ਵੇ ਹਰਿਆ ਮੂੰਗਰਿਆ
ਹੂੰ ਹਾਂ ਵੇ ਹਰਿਆ ਮੂੰਗਰਿਆ।

ਤੈਨੂੰ ਧੋ ਕੇ ਸੁੱਕਣੇ ਪਾਵਾ
ਵੇ ਹਰਿਆ ਮੂੰਗਰਿਆ
ਹੂੰ ਹਾਂ ਵੇ ਹਰਿਆ ਮੂੰਗਰਿਆ।

ਤੈਨੂੰ ਤੜਕ ਕਟੋਰੇ ਪਾਵਾ
ਵੇ ਹਰਿਆ ਮੂੰਗਰਿਆ
ਹੂੰ ਹਾਂ ਵੇ ਹਰਿਆ ਮੂੰਗਰਿਆ।

ਤੜਕੇ ਬਾਝ ਨਾ ਖਾਂਦੇ
ਪੁੱਤ ਸਰਦਾਰਾਂ ਦੇ
ਹੂੰ ਹਾਂ ਵੇ ਹਰਿਆ ਮੂੰਗਰਿਆ।

ਮੈਂ ਪੈਰੀਂ ਹੱਥ ਲਾ ਕੇ ਮਨਾਵਾ
ਵੇ ਸੱਸ ਮੇਰੀ ਵਿਗੜ ਗਈ
ਹੂੰ ਹਾਂ ਵੇ ਹਰਿਆ ਮੂਗਰਿਆ।

ਮੈਂ ਮਾਹੀ ਦੇ ਹੌਂਸਲੇ ਖਾਵਾ
ਵੇ ਹਰਿਆ ਮੂੰਗਰਿਆ
ਹੂੰ ਹਾਂ ਵੇ ਹਰਿਆ ਮੂੰਗਰਿਆ।

ਮੇਰੀ ਫੁਲਕਾਰੀ ਦੀਆਂ ਬੂਟੀਆਂ, ਕੌਣ ਆ ਮਲਾਹੇ ਵੇ
ਢੋਲਣ ਬਾਝ ਇਨ੍ਹਾਂ ਦਾ ਕੌਣ ਮੁੱਲ ਪਾਵੇ ਵੇ
ਮੇਰੀ ਫੁਲਕਾਰੀ ਦੀਆਂ ਬੂਟੀਆਂ .....।

ਤੁਰ ਚੱਲਿਆ ਪਰਦੇਸ ਵੇ ਮਾਹੀ ਦਿਲ ਨੂੰ ਝੋਰਾ ਲਾ ਕੇ
ਮੁੜਕੇ ਕਦ ਤੂੰ ਆਉਣਾ ਦਸ ਦੇਈ ਚਿੱਠੀ ਪਾ ਕੇ
ਤੇਰੇ ਬਾਝੋ ਘਰ ਵਿੱਚ ਮੈਨੂੰ ਕੋਈ ਨਾ ਬੁਲਾਵੇ
ਮੇਰੀ ਫੁਲਕਾਰੀ ਦੀਆਂ ਬੂਟੀਆਂ .....।

ਜਦ ਤਾਰ ਜੰਗ ਵਿੱਚੋਂ ਆਈ ਨਾ ਮੈਂ ਜਿਉਦੀ ਨਾ ਮੈਂ ਮੋਈ
ਹੌਕੇ ਭਰ ਭਰ ਆਖਾ, ਮੁੜਕੇ ਕਦ ਤੂੰ ਆਉਣਾ ਛੁੱਟੀ
ਤੇਰੇ ਬਾਝੋਂ ਰੋ ਰੋ ਕੇ ਦਿਨ ਲੰਘਾਵੇ ਵੇ
ਮੇਰੀ ਫੁਲਕਾਰੀ ਦੀਆਂ ਬੂਟੀਆਂ .....।

ਸਾਉਣ ਦਾ ਮਹੀਨਾ ਆ ਗਿਆ ਮਾਹੀ, ਦਿਲ ਰੀਝਾਂ ਨਾਲ ਭਰਿਆ
ਕਿਸ ਨੂੰ ਆਖ ਸੁਣਾਵਾ ਮਾਹੀ ਦਿਲ ਤੇ ਕੀ ਕੀ ਬਣੀਆਂ
ਮਿਨਤਾਂ ਤਰਲੇ ਕਰਦੀ ਅੜਿਆ ਕਦ ਤੂੰ ਫੇਰਾ ਪਾਉਣਾ
ਤੇਰੇ ਬਾਝੋਂ ਘਰ ਵਿਚ ਰਤਾ ਚੈਨ ਨਾ ਆਵੇ
ਮੇਰੀ ਫੁਲਕਾਰੀ ਦੀਆਂ ਬੂਟੀਆਂ .....।

ਮੇਰੀ ਫੁਲਕਾਰੀ ਦੀਆਂ ਬੂਟੀਆ ਕੌਣ ਆ ਸਲਾਹੇ ਵੇ
ਢੋਲਣ ਬਾਝ ਇਨ੍ਹਾਂ ਦਾ ਕੌਣ ਮੁੱਲ ਪਾਵੇ ਵੇ
ਮੇਰੀ ਫੁਲਕਾਰੀ ਦੀਆਂ ਬੂਟੀਆਂ .....।

ਮੇਰੀ ਪੈਂਡਲ ਵਾਲੀ ਕੈਂਠੀ ਘਾੜਤ ਅਜਬ ਨਜ਼ਾਰੇ ਦੀ
ਓ ਮੇਰੀ ਪੈਂਡਲ ਵਾਲੀ ਕੈਂਠੀ ਘਾੜਤ ਅਜਬ ਨਜ਼ਾਰੇ ਦੀ।

ਮੇਰੀ ਸੱਸ ਭਲੀ ਪਰਧਾਨ ਪੀੜ੍ਹਾ ਡਾਹ ਬਹਿੰਦੀ ਬਣ ਰਕਾਨ
ਸਹੁਰਾ ਪਿੰਡ ਦਾ ਲੰਬੜਦਾਰ, ਮੇਰਾ ਸੋਹਣਾ ਸ਼ੈਲ ਛਬੀਲਾ
ਪੈਂਦੀ ਚਮਕ ਸਤਾਰੇ ਦੀ ਮੇਰੀ ਪੈਂਡਲ ਵਾਲੀ .....।

ਮੇਰੀ ਜਠਾਣੀ ਬੜੀ ਰਕਾਨ ਕੁਰਸੀ ਡਾਹਕੇ ਬਹਿੰਦੀ ਵਿਚ ਦਲਾਣ
ਜੇਠ ਪੰਚਾ ਦਾ ਪਰਧਾਨ, ਮੇਰਾ ਮਾਹੀ ਸੋਹਣਾ ਸਿੰਘ ਸਰਦਾਰ
ਆਉਂਦੀ ਝਲਕ ਨਜ਼ਾਰੇ ਦੀ ਮੇਰੀ ਪੈਡਲ ਵਾਲੀ .....।

ਮੇਰੀ ਦਰਾਣੀ ਬੜੀ ਸ਼ੈਤਾਨ, ਮੰਜੀ ਡਾਹ ਬਹਿੰਦੀ ਵਿਚ ਦਲਾਣ
ਦਿਉਰ ਗੱਭਰੂ ਢਾਣੀ ਦਾ ਪਰਧਾਨ ਮੇਰਾ ਮਾਹੀ

ਸ਼ੈਲ ਸਬੀਲਾ ਸਿੰਘ ਸਰਦਾਰ
ਪੈਂਦੀ ਚਮਕ ਸਤਾਰੇ ਦੀ ਮੇਰੀ ਪੈਡਲ ਵਾਲੀ .....।

ਮੇਰੀ ਪੈਂਡਲ ਵਾਲੀ ਕੈਂਠੀ ਘਾੜਤ ਅਜਬ ਨਜ਼ਾਰੇ ਦੀ
ਓ ਮੇਰੀ ਪੈਂਡਲ ਵਾਲੀ ਕੈਂਠੀ ਘਾੜਤ ਅਜਬ ਨਜ਼ਾਰੇ ਦੀ।



ਚੁੰਨੀ ਮਾਰਕੇ ਮੈਂ ਮਾਹੀਏ ਦੀ ਪਤੰਗ ਲੁੱਟ ਲਈ
ਅਸਾਂ ਪੇਚੇ ਵੀ ਨਾ ਲਾਏ ਡੋਰ ਐਵੇਂ ਲੁੱਟ ਲਈ
ਚੁੰਨੀ ਮਾਰਕੇ ਮੈਂ ਮਾਹੀਏ ਦੀ ਪਤੰਗ ਲੁੱਟ ਲਈ।

ਜਦ ਪਤੰਗ ਅਸਮਾਨੇ ਚੜ੍ਹ ਗਈ ਨੀ
ਮਾਹੀ ਦੀ ਨਜ਼ਰ ਮੇਰੇ ਤੇ ਖੜ੍ਹ ਗਈ ਨੀ
ਮੈਂ ਸੰਗਦੀ ਨੇ ਮੂੰਹ ਵਿਚ ਚੁੰਨੀ ਘੁੱਟ ਲਈ
ਅਸਾਂ ਪੇਚੇ ਵੀ ਨਾ ਲਏ .....।

ਮਾਹੀ ਡੋਰ ਨੂੰ ਤੁਣਕਾ ਲਾਵੇ
ਨੱਚ ਦਾ ਟੱਪਦਾ ਪੈਲਾ ਪਾਵੇ
ਕੋਠੇ ਉਤੋਂ ਝਾਤੀਆਂ ਮਾਰੇ
ਮਾਹੀ ਨੇ ਮੇਰੇ ਮਨ ਦੀ ਚੈਨ ਲੁੱਟ ਲਈ
ਅਸਾਂ ਪੇਚੇ ਵੀ ਨਾ ਲਾਏ .....।

ਜਦ ਮੈਂ ਕੋਠੇ ਤੇ ਚੜ੍ਹ ਗਈ
ਮਾਹੀ ਦੇ ਕੋਲ ਜਾ ਕੇ ਖੜ੍ਹ ਗਈ
ਉਹਦੇ ਹੱਥੋਂ ਡੋਰ ਛੁੱਟ ਗਈ
ਅਸਾਂ ਪੇਚੇ ਵੀ ਨਾ .....।

ਚੁੰਨੀ ਮਾਰਕੇ ਮੈਂ ਮਾਹੀਏ ਦੀ ਪਤੰਗ ਲੁੱਟ ਲਈ
ਅਸਾਂ ਪੇਚੇ ਵੀ ਨਾ ਲਾਏ ਡੋਰ ਐਵੇਂ ਲੁੱਟ ਲਈ
ਚੁੰਨੀ ਮਾਰਕੇ ਮੈਂ ਮਾਹੀਏ ਦੀ ਪਤੰਗ ਲੁੱਟ ਲਈ।

ਮੁੰਡਾ ਚੁੱਕ ਲੈ ਦਿਉਰਾ ਭਾਬੀ ਦਾ

ਮੇਰੇ ਏਸ ਤੇ ਰੁਪਈਏ ਲਗੇ ਸੱਤ ਵੇ
ਦੇਖ ਹੋ ਗਿਆ ਦੁਪੱਟਾ ਵੱਟੋ ਵੱਟ ਵੇ
ਅਜੇ ਕੱਲ੍ਹ ਮੈਂ ਸਵਾਇਆ
ਦੇਖ ਹਾਲ ਕੀ ਬਣਾਇਆ
ਮੇਰੇ ਰੇਸ਼ਮੀ ਸੂਟ ਉਨ੍ਹਾਬੀ ਦਾ
ਮੁੰਡਾ ਚੁੱਕ ਲੈ ਦਿਉਰਾ ਭਾਬੀ ਦਾ।

ਦੇਵਾ ਮੱਖਣ ਮੱਕੀ ਦੀ ਰੋਟੀ
ਮੁੰਡੇ ਮੇਰੇ ਦੀ ਤੂੰ ਫੜ੍ਹ ਲੈ ਉਂਗਲੀ
ਰੋਵੇ ਤਾਂ ਵਰਾਈ
ਬੀਬਾ ਲਾਰਾ ਇਹਨੂੰ ਲਾਈ
ਫੁੱਲਝੜੀ ਅਨਾਰ ਮੁਤਾਬੀ ਦਾ
ਮੁੰਡਾ ਚੁੱਕ ਲੈ ਤੂੰ ਦਿਉਰਾ ਭਾਬੀ ਦਾ।

ਤੇਰਾ ਵੀਰ ਗਿਆ ਜੰਡਿਆਲੇ
ਲਾ ਤੀਰ ਵਿਛੋੜੇ ਵਾਲੇ
ਅਜੇ ਤੱਕ ਉਹ ਨਾ ਆਇਆ
ਚਿੱਠੀ ਚੀਰਾ ਵੀ ਨਾ ਪਾਇਆ
ਦੇਵੇ ਉੱਤਰ ਨਾ ਕਾਟ ਜਵਾਬੀ ਦਾ
ਮੁੰਡਾ ਚੁੱਕ ਲੈ ਤੂੰ ਦਿਉਰਾ ਭਾਬੀ ਦਾ।

ਅਜੇ ਕੱਲ੍ਹ ਮੈਂ ਸਵਾਇਆ
ਦੇਖ ਹਾਲ ਕੀ ਬਣਾਇਆ
ਮੇਰੇ ਰੇਸ਼ਮੀ ਸੂਟ ਉਨ੍ਹਾਬੀ ਦਾ
ਮੁੰਡਾ ਚੁੱਕ ਲੈ ਦਿਉਰਾ ਭਾਬੀ ਦਾ
ਵੇ ਅੜਿਆ ਮੁੰਡਾ ਚੁੱਕ ਲੈ ਤੂੰ ਦਿਉਰਾ ਭਾਬੀ ਦਾ।

ਨੀ ਚਿੱਟੀਏ ਕਬੂਤਰੀਏ- ਹੋ

ਮੱਲ ਲਿਆ ਆਲ੍ਹਣਾ ਸਾਰਾ
ਨੀ ਲੋਕੀਂ ਘੂਰ ਘੂਰ ਵੇਖਦੇ - ਹੋ

ਨਹੀਂ ਲੱਭਿਆ ਅਜੇ ਵਰ ਮੇਰਾ
ਨੀ ਮਾਪਿਆ ਨੇ ਵਰ ਟੋਲਿਆ- ਹੋ
ਵੇਖੋਂ ਬੁੱਢਾ ਦੁਹਾਜੂ ਵਰ ਮੇਰਾ
ਨੀ ਸਾਰੀ ਵੇਦੀ ਪੱਟ ਸੁਟਣੀ-ਹੋ
ਨਹੀਓਂ ਲੈਣੀਆਂ ਬੁੱਢੇ ਨਾਲ ਲਾਵਾਂ

ਨੀ ਧੀਏ ਸਾਡੀ ਲਾਜ ਰੱਖ ਲੇ -ਹੋ
ਲੇ ਲਾ ਨੀ ਬੁੱਢੇ ਨਾਲ ਲਾਵਾਂ
ਨੀ ਮਾਪਿਆ ਵੀ ਲਾਜ ਰੱਖ ਲਈ-ਹੋ
ਨੀ ਲੈ ਲਈਆਂ ਮੈਂ ਬੁੱਢੇ ਨਾਲ ਲਾਵਾਂ
ਨੀ ਸਾਰਾ ਗਹਿਣਾ ਮਾਪਿਆ ਦਾ-ਹੋ
ਇਕ ਪਰੀਬੰਦਸੀ ਬੁੱਢੇ ਨੇ ਪਾਇਆ
ਨੀ ਬੁੱਢਾ ਬੇਈਮਾਨ ਹੋ ਗਿਆ-ਹੋ
ਸੁੱਤੀ ਪਈ ਦਾ ਪਰੀਬੰਦ ਲਾਹਿਆ

ਨੀ ਮੈਂ ਵੀ ਤੇ ਚਲਾਕ ਨਿਕਲੀ-ਹੋ
ਅੱਧੀ ਰਾਤ ਨੂੰ ਪੁਆੜਾ ਪਾਇਆ
ਨੀ ਬੁੱਢਾ ਭੈੜਾ ਮਾਫੀ ਮੰਗਦਾ-ਹੋ
ਦਿਨ ਚੜ੍ਹਦੇ ਨੂੰ ਲੌਂਗ ਘੜਾਇਆ
ਨੀ ਚਿੱਟੀਏ ਕਬੂਤਰੀਏ-ਹੋ
ਮੱਲ ਲਿਆ ਆਲ੍ਹਣਾ ਸਾਰਾ
ਨੀ ਲੋਕੀਂ ਘੂਰ ਘੂਰ ਵੇਖਦੇ-ਹੋ
ਨਹੀਂ ਲੱਭਿਆ ਅਜੇ ਵਰ ਮੇਰਾ
ਨੀ ਚਿੱਟੀਏ ਕਬੂਤਰੀਏ-ਹੋ
ਮੱਲ ਲਿਆ ਆਲ੍ਹਣਾ ਸਾਰਾ।

ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ

ਨਾਲੇ ਮਾਰੇ ਅੱਖੀਆਂ ਨਾਲੇ ਆਖੇ ਚਾਚੀ
ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ।

ਨੀ ਉਹ ਬਾਹਰੋਂ ਆਇਆ- ਅੱਛਾ
ਨੀ ਉਹ ਸੁਰਮਾ ਲਿਆਇਆ- ਅੱਛਾ
ਕਹਿੰਦਾ ਸੁਰਮਾ ਪਾ ਚਾਚੀ ਅੱਖ ਮਿਲਾ ਚਾਚੀ

ਸੁਰਮਾ ਪਾ ਚਾਚੀ ਅੱਖ ਮਿਲਾ ਚਾਚੀ।

ਨੀ ਉਹ ਬਾਹਰੋਂ ਆਇਆ– ਅੱਛਾ
ਨੀ ਉਹ ਵੰਗਾਂ ਲਿਆਇਆ– ਅੱਛਾ
ਕਹਿੰਦਾ ਵੰਗਾ ਪਾ ਚਾਚੀ ਹੱਥ ਮਿਲਾ ਚਾਚੀ
ਵੰਗਾਂ ਪਾ ਚਾਚੀ ਹੱਥ ਮਿਲਾ ਚਾਚੀ।

ਨੀ ਉਹ ਬਾਹਰੋਂ ਆਇਆ– ਅੱਛਾ
ਨੀ ਉਹ ਸਾੜੀ ਲਿਆਇਆ– ਅੱਛਾ
ਕਹਿੰਦਾ ਸਾੜੀ ਪਾ ਚਾਚੀ ਲੱਕ ਹਿਲਾ ਚਾਚੀ
ਸਾੜੀ ਪਾ ਚਾਚੀ ਲੱਕ ਹਿਲਾ ਚਾਚੀ।

ਨੀ ਉਹ ਬਾਹਰੋਂ ਆਇਆ– ਅੱਛਾ
ਨੀ ਉਹ ਹਾਰ ਲਿਆਇਆ– ਅੱਛਾ
ਕਹਿੰਦਾ ਹਾਰ ਪਾ ਚਾਚੀ ਦਿਲ ਨਾਲ ਲਾ ਚਾਚੀ
ਹਾਰ ਪਾ ਚਾਚੀ ਦਿਲ ਨਾਲ ਲਾ ਚਾਚੀ।

ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ
ਨਾਲੇ ਮਾਰੇ ਅੱਖੀਆਂ ਨਾਲੇ ਆਖੇ ਚਾਚੀ
ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ।

ਮੈਂ ਨਹੀ ਜਾਣਾ ਸਹੁਰੇ ਬਾਪੂ

ਮੈਂ ਨਹੀਂ ਜਾਣਾ ਸੁਹਰੇ
ਕਿਉਂ ਨਹੀਂ ਜਾਣਾ ਸੁਹਰੇ ਧੀਏ
ਕਿਉਂ ਨਹੀਂ ਜਾਣਾ ਸੁਹਰੇ?

ਸਹੁਰਾ ਮੇਰਾ ਸ਼ਰਾਬੀ ਬਾਪੂ
ਪੀ ਕੇ ਕਰੇ ਖਰਾਬੀ ਬਾਪੂ
ਉਹ ਘਰ ਦੀ ਬਰਬਾਦੀ ਬਾਪੂ
ਮੈਂ ਨਹੀਂ ਜਾਣਾ ਸਹੁਰੇ
ਕਿਉਂ ਨਹੀਂ ਜਾਣਾ ਸੁਹਰੇ ਧੀਏ
ਕਿਉਂ ਨਹੀਂ ਜਾਣਾ ਸੁਹਰੇ?

ਮੇਰੀ ਸੱਸ ਬੜੀ ਕੁਪੱਤੀ ਬਾਪੂ
ਫੈਸ਼ਨ ਦੀ ਉਹ ਪੱਟੀ ਬਾਪੂ
ਮੈਂ ਨਹੀ ਜਾਣਾ ਸੁਹਰੇ ਬਾਪੂ
ਮੈਂ ਨਹੀ ਜਾਣਾ ਸਹੁਰੇ
ਕਿਉਂ ਨਹੀਂ ਜਾਣਾ ਸੁਹਰੇ ਧੀਏ
ਕਿਉਂ ਨਹੀਂ ਜਾਣਾ ਸੁਹਰੇ?

ਨਣਦ ਤਾਂ ਮੇਰੀ ਮੋਟੀ ਬਾਪੂ
ਖਾਵੇ ਦਰਜਨ ਰੋਟੀ ਬਾਪੂ
ਮੈਂ ਨਹੀ ਜਾਣਾ ਸਹੁਰੇ ਬਾਪੂ
ਮੈਂ ਨਹੀਂ ਜਾਣਾ ਸੁਹਰੇ
ਕਿਉਂ ਨਹੀਂ ਜਾਣਾ ਸੁਹਰੇ ਧੀਏ
ਕਿਉਂ ਨਹੀਂ ਜਾਣਾ ਸੁਹਰੇ?

ਦਿਉਰ ਮੇਰਾ ਲਫੰਗਾ ਬਾਪੂ
ਖੇਡੇ ਗੁੱਲੀ ਡੰਡਾ ਬਾਪੂ
ਮੈਂ ਨਹੀ ਜਾਣਾ ਸਹੁਰੇ ਬਾਪੂ
ਮੈਂ ਨਹੀਂ ਜਾਣਾ ਸੁਹਰੇ
ਕਿਉਂ ਨਹੀਂ ਜਾਣਾ ਸੁਹਰੇ ਧੀਏ
ਕਿਉਂ ਨਹੀਂ ਜਾਣਾ ਸੁਹਰੇ?

ਆ ਗਿਆ ਸੋਹਣਾ ਮਾਹੀ ਬਾਪੂ
ਮੇਰਾ ਢੋਲ ਸਿਪਾਹੀ ਬਾਪੂ
ਹੁਣ ਨਾ ਮੈਨੂੰ ਰੋਕੀ ਬਾਪੂ
ਤੁਰ ਜਾਣਾ ਮੈਂ ਸਹੁਰੇ
ਤੁਰ ਜਾਣਾ ਮੈਂ ਸਹੁਰੇ ਬਾਪੂ
ਤੁਰ ਜਾਣਾ ਮੈਂ ਸਹੁਰੇ

ਪੱਤਾ ਖਾਧਾ ਪਾਨ ਦਾ .....ਵਾਹ ਬਈ ਵਾਹ
ਹੁਣ ਫਾਇਦਾ ਕੀ ਸ਼ਰਮਾਨ ਦਾ .....ਵਾਹ ਬਈ ਵਾਹ।

ਆਪ ਤਾਂ ਕਰੇ ਜਲੇਬੀ ਜੂੜਾ
ਮਾਮੇ ਨੂੰ ਕਹਿੰਦੀ ਟਿੰਡ ਕਰਾਂ ..... ਵਾਹ ਬਈ ਵਾਹ

ਪੱਤਾ ਖਾਧਾ ਪਾਨ ਦਾ ..... ਵਾਹ ਬਈ ਵਾਹ।

ਆਪ ਤਾਂ ਖਾਂਦੀ ਫਲ ਫਰੂਟ ..... ਵਾਹ ਬਈ ਵਾਹ
ਮਾਮੇ ਨੂੰ ਕਹਿੰਦੀ ਛਿਲਕੇ ਖਾਹ ..... ਵਾਹ ਬਈ ਵਾਹ
ਪੱਤਾ ਖਾਧਾ ਪਾਨਦਾ ..... ਵਾਹ ਬਈ ਵਾਹ।

ਆਪ ਤਾਂ ਘੁੰਮਦੀ ਕਾਰਾਂ ਦੇ ਵਿੱਚ
ਮਾਮੇ ਨੂੰ ਕਹਿੰਦੀ ਧੱਕਾ ਲਾ ..... ਵਾਹ ਬਈ ਵਾਹ
ਪੱਤਾ ਖਾਧਾ ਪਾਨ ਦਾ ..... ਵਾਹ ਬਈ ਵਾਹ।

ਆਪ ਜਾਂਦੀ ਸਿਨੇਮਾ ਵੇਖਣ
ਮਾਮੇ ਨੂੰ ਕਹਿੰਦੀ ਮੁੰਡਾ ਖਿਡਾਅ ..... ਵਾਹ ਬਈ ਵਾਹ
ਪੱਤਾ ਖਾਧਾ ਪਾਨ ਦਾ ..... ਵਾਹ ਬਈ ਵਾਹ।

ਆਪ ਤਾਂ ਪਾਉਂਦੀ ਸੂਟ ਸਾੜੀਆਂ
ਮਾਮੇ ਨੂੰ ਕਹਿੰਦੀ ਕੱਛਾ ਪਾ ..... ਵਾਹ ਬਈ ਵਾਹ
ਪੱਤਾ ਖਾਧਾ ਪਾਨ ਦਾ ..... ਵਾਹ ਬਈ ਵਾਹ
ਪੱਤਾ ਖਾਧਾ ਪਾਨ ਦਾ ..... ਵਾਹ ਬਈ ਵਾਹ।



ਗੁੜ ਨਾਲੋਂ ਇਸ਼ਕ ਮਿੱਠਾ – ਓਏ ਹੋਏ

ਓ ਰੱਬਾ ਲੱਗ ਨਾ ਕਿਸੇ ਨੂੰ ਜਾਵੇ
ਗੁੜ ਨਾਲੋਂ ਇਸ਼ਕ ਮਿੱਠਾ

ਤੇਰੀ ਆਈ ਮੈਂ ਮਰ ਜਾ – ਉਏ ਹੋਏ
ਤੇਰਾ ਵਾਲ ਵਿੰਗਾ ਨਾ ਹੋਵੇ
ਤੇਰੀ ਆਈ ਮੈਂ ਮਰ ਜਾ

ਲੱਗੀਆਂ ਤਿੰਝਣਾਂ ਦੀਆਂ – ਉਏ ਹੋਏ
ਮੈਨੂੰ ਯਾਦ ਗੱਫੀ ਵਿੱਚ ਆਈਆਂ
ਲੱਗੀਆਂ ਤ੍ਰਿੰਝਣਾਂ ਦੀਆਂ।

ਪਤਣਾ ਤੇ ਰੋਣ ਅੱਖੀਆਂ – ਉਏ ਹੋਏ

ਕੱਚੀ ਟੁੱਟ ਗਈ ਜਿੰਨਾਂ ਦੀ ਯਾਰੀ
ਓ ਪਤਣਾ ਤੇ ਰੋਣ ਖੜ੍ਹੀਆਂ।

ਟੁੱਟ ਪੈਣੇ ਦਰਜੀ ਨੇ – ਓਏ ਹੋਏ
ਮੇਰੇ ਰੱਖ ਲਈ ਝੱਗੇ ਚੋਂ ਟਾਕੀ
ਨੀ ਟੁੱਟ ਪੈਣੇ ਦਰਜੀ ਨੇ।

ਲੱਡੂ ਖਾ ਲੈ ਬਾਣੀਏ ਦੇ – ਓਏ ਹੋਏ
ਨੀ ਗੰਨੇ ਚੂਪ ਲੈ ਜੱਟਾਂ ਦੇ ਪੋਲੇ
ਲੱਡੂ ਖਾ ਲੈ ਬਾਣੀਏ ਦੇ।

ਦੇਖੀਂ ਲਾਲਾ ਘੱਟ ਨਾ ਤੋਲੀ – ਓਏ ਹੋਏ
ਲੱਡੂ ਤੇਰੀਓ ਕੁੜੀ ਨੇ ਖਾਣੇ
ਦੇਖੀ ਲਾਲਾ ਘੱਟ ਨਾ ਤੋਲੀ।

ਮੇਰੀ ਭਾਵੇਂ ਜਿੰਦ ਕੱਢ ਲੈ
ਮੇਰੇ ਯਾਰ ਨੂੰ ਮੰਦਾਂ ਨਾ ਬੋਲੀ
ਵੇ ਮੇਰੀ ਭਾਵੇਂ ਜਿੰਦ ਕੱਢ ਲੈ।

ਜਿੰਦਰਾ ਜੰਗਾਲ ਖਾ ਗਿਆ – ਓਏ ਹੋਏ
ਕੁੰਜੀ ਲੈ ਗਿਆ ਦਿਲਾ ਦਾ ਜਾਨੀ
ਓ ਜਿੰਦਰਾ ਜੰਗਾਲ ਖਾ ਗਿਆ।

ਚਾਰ ਧੀਆ ਹੋਈਆਂ ਨੇ ਤੇ ਚਾਰ ਪੁੱਤਰ ਹੋਏ ਨੇ
ਵੇ ਕਰਮਾਂ ਵਾਲਿਆ – ਪੂਰੇ ਅੱਠ ਹੋਏ ਨੇ।

ਚਾਰ ਜਵਾਈ ਆਏ ਨੇ ਤੇ ਚਾਰ ਨੂੰਹਾਂ ਆਈਆਂ ਨੇ
ਵੇ ਕਰਮਾਂ ਵਾਲਿਆ ਪੂਰੇ ਸੋਲਾਂ ਹੋਏ ਨੇ।

ਚਾਰ ਦੋਹਤੇ ਹੋਏ ਨੇ ਤੇ ਚਾਰ ਪੋਤਰੇ ਹੋਏ ਨੇ
ਵੇ ਕਰਮਾਂ ਵਾਲਿਆ ਪੂਰੇ ਚੌਵੀ ਹੋਏ ਨੇ।

ਚਾਰ ਦੋਹਤੀਆਂ ਹੋਈਆਂ ਨੇ ਤੇ ਚਾਰ ਪੋਤੀਆਂ ਹੋਈਆਂ ਨੇ

ਵੇ ਕਰਮਾਂ ਵਾਲਿਆ ਪੂਰੇ ਬੱਤੀ ਹੋਏ ਨੇ।

ਮੀਂਹ ਹਨੇਰੀਆਂ ਆਈਆਂ ਨੇ
ਵੇ ਕਰਮਾਂ ਵਾਲਿਆ ਆਪਾਂ ਕਿੱਥੇ ਸੌਂਵਾਂਗੇ।

ਨੂੰਹਾਂ ਨੂੰ ਪੇਕੇ ਤੋਰਾਂਗੇ ਧੀਆਂ ਨੂੰ ਸਹੁਰੇ ਤੋਰਾਂਗੇ
ਵੇ ਕਰਮਾਂ ਵਾਲਿਆ ਆਪ ਚੁਬਾਰੇ ਸੌਂਵਾਗੇ।

ਸਵਾਦ ਬੜਾ ਆਇਆ ਅਚਾਰੀ ਮਿਰਚਾਂ ਦਾ

ਬੜਾ ਦੁੱਖ ਹੋਇਆ ਮਾਹੀਏ ਦੀਆਂ ਝਿੜਕਾਂ ਦਾ
ਸਾਡੀ ਗਲੀ ਆ ਮਾਹੀਆ ਤੈਨੂੰ ਕੁੱਤੇ ਪੁਆਂਵਾਗੇ
ਕੱਲ੍ਹ ਵਾਲੀਆਂ ਝਿੜਕਾਂ ਦਾ ਤੈਨੂੰ ਮਜਾ ਚਖਾਂਵਾਗੇ।

ਰੇਲਾਂ ਵਾਲਿਓ ਰੇਲਾ ਵਿੱਚ ਦੇਜਕੇ
ਨਵਾਂ ਵਿਆਹ ਕਰ ਲੈ ਅੰਮਾ ਨੂੰ ਵੇਚਕੇ
ਅੰਮਾ ਨਹੀਂ ਵਿਕਦੀ ਉਹ ਬੁੱਢੀ ਠੇਰੀਏ
ਤੈਨੂੰ ਵੇਚਾਗਾ ਜਿਹੜੀ ਨਵੀਂ ਵਛੇਰੀ ਏ
ਸਵਾਦ ਬੜਾ ਆਇਆ ਅਚਾਰੀ ਮਿਰਚਾਂ ਦਾ
ਬੜਾ ਦੁੱਖ ਹੋਇਆ .....।

ਰੇਲਾ ਵਾਲਿਓ ਰੇਲਾ ਵਿਚ ਦੇਜਕੇ
ਨਵਾਂ ਵਿਆਹ ਕਰ ਲੈ ਭੂਆ ਨੂੰ ਵੇਚਕੇ
ਭੂਆ ਨਹੀਂ ਵਿਕਦੀ ਉਹ ਫੁੱਫੜ ਢਾਢਾਏ
ਤੈਨੂੰ ਵੇਚਾਗਾ ਜੀਹਨੇ ਖੱਟਿਆ ਖਾਧਾ ਏ
ਬੜਾ ਸਵਾਦ ਆਇਆ ਅਚਾਰੀ ਮਿਰਚਾਂ ਦਾ
ਬੜਾ ਦੁੱਖ ਹੋਇਆ .....।

ਰੇਲਾ ਵਾਲਿਓ ਰੇਲਾ ਵਿੱਚ ਦੇਜਕੇ
ਨਵਾਂ ਵਿਆਹ ਕਰ ਲੈ ਭੈਣਾਂ ਨੂੰ ਵੇਚਕੇ
ਭੈਣਾ ਨਹੀਂ ਵਿਕਦੀ ਉਹ ਮਾਲ ਪਰਾਇਆ ਏ
ਤੈਨੂੰ ਵੇਚਾਗਾ ਜੀਹਨੂੰ ਖੱਟਿਆ ਖੁਆਇਆ ਏ।

ਸਵਾਦ ਬੜਾ ਆਇਆ ਅਚਾਰੀ ਮਿਰਚਾਂ ਦਾ

ਬੜਾ ਦੁੱਖ ਹੋਇਆ ਮਾਹੀਏ ਦੀਆਂ ਝਿੜਕਾਂ ਦਾ
ਸਾਡੀ ਗਲੀ ਆ ਮੁੰਡਿਆ ਤੈਨੂੰ ਕੁੱਤੇ ਪੁਆਂਵਾਗੇ
ਰਾਤ ਦੀਆਂ ਝਿੜਕਾਂ ਦਾ ਤੈਨੂੰ ਮਜਾ ਚਖਾਂਵਾਗੇ।



ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਕੁਲਫੀ ਵਾਲੇ ਨੇ ਮਾਰੀ ਟੱਲੀ
ਕੁਲਫੀ ਖਾਣੀ ਤਾਂ ਆਜਾ ਕੱਲੀ,

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜਦ ਮੈਂ ਕੁਲਫੀ ਖਾਣ ਲੱਗੀ,
ਉਤੋਂ ਆ ਗਿਆ ਮੇਰਾ ਸਹੁਰਾ,
ਮੈਨੂੰ ਖਾ ਗਿਆ ਉਹਦਾ ਝੋਰਾ,

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜਦ ਮੈਂ ਕੁਲਫੀ ਖਾਣ ਲੱਗੀ
ਉਤੋਂ ਆ ਗਈ ਮੇਰੀ ਸੱਸ,
ਮੇਰੀ ਤਾਂ ਉਥੇ ਹੀ ਹੋ ਗਈ ਬੱਸ।

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜਦ ਮੈਂ ਕੁਲਫੀ ਖਾਣ ਲੱਗੀ,
ਉਤੋਂ ਆ ਗਿਆ ਮੇਰਾ ਜੇਠ,
ਮੈਂ ਤਾਂ ਵੜ ਗਈ ਮੰਜੇ ਹੇਠ।

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜਦ ਮੈਂ ਕੁਲਫੀ ਖਾਣ ਲੱਗੀ
ਉਤੋਂ ਆ ਗਿਆ ਮੇਰਾ ਦਿਉਰ
ਕਹਿੰਦਾ ਖਾ ਲੇ ਭਾਬੀ ਹੋਰ।
ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜਦ ਮੈਂ ਕੁਲਫੀ ਖਾਣ ਲੱਗੀ,
ਉਤੋਂ ਆ ਗਿਆ ਮੇਰਾ ਮਾਹੀਆ,
ਕਹਿੰਦਾ ਖਾ ਲੇ ਸਣੇ ਮਲਾਈਆ,

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਕੁਲਫੀ ਵਾਲੇ ਨੇ ਮਾਰੀ ਟੱਲੀ
ਕੁਲਫੀ ਖਾਣੀ ਤਾਂ ਆਜਾ ਕੱਲੀ

ਕੁਲਫੀ ਵਾਲੇ ਨੇ ਸਤਾ ਲਿਆ ..... ਹਈ ਸ਼ਾਵਾ
ਡੇਰਾ ਬੂਹੇ ਅੱਗੇ ਲਾ ਲਿਆ ..... ਹਈ ਸ਼ਾਵਾ।

ਜੇ ਤੂੰ ਮੈਨੂੰ ਚਾਹੁੰਦੀ ਵਿਆਹੁਣਾ ਮਾਏ ਮੇਰੀਏ

ਨੀ ਏਹੋ ਜਿਹਾ ਮਾਹੀ ਲਿਆਦੇ ਮਾਏ ਮੇਰੀਏ
ਦਾਰੂ ਨਾ ਪੀਂਦਾ ਹੋਵੇ ਜਰਦਾ ਨਾ ਖਾਦਾ ਹੋਵੇ,
ਸੂਟਾ ਨਾ ਲਾਦਾ ਹੋਵੇ, ਸਿਨਮੇ ਨਾ ਜਾਦਾ ਹੋਵੇ,
ਏਹੋ ਜਿਹਾ ਮਾਹੀ ਲੱਭ ਮਾਏ ਮੇਰੀਏ।

ਸੋਹਣਾ ਸੁਨੱਖਾ ਹੋਵੇ, ਪੜ੍ਹਿਆ ਲਿਖਿਆ ਹੋਵੇ
ਪੈਸਾ ਕਮਾਉਣ ਵਾਲਾ ਕੰਮ ਕੋਈ ਸਿੱਖਿਆ ਹੋਵੇ
ਐਵੇ ਨਾ ਲੱਭੀ ਖਿਡੌਣਾ ਮਾਏ ਮੇਰੀਏ
ਜੇ ਤੂੰ ਮੈਨੂੰ ਚਾਹੁੰਦੀ ਵਿਆਹੁਣਾ ਮਾਏ ਮੇਰੀਏ।

ਹਸਮੁੱਖ ਜਿਹਾ ਹੋਵੇ, ਮਾਹੀ ਬਣ ਠਣ ਕੇ ਰਹਿੰਦਾ ਹੋਵੇ
ਹਰ ਗਲ ਤੇ ਹਾਂਜੀ ਹਾਂਜੀ ਮੈਨੂੰ ਕਹਿੰਦਾ ਹੋਵੇ,
ਰੁੱਸੀ ਨੂੰ ਜਾਣੇ ਮਨਾਉਣਾ ਮਾਏ ਮੇਰੀਏ

ਜੇ ਤੂੰ ਮੈਨੂੰ ਚਾਹੁੰਦੀ ਵਿਆਹੁਣਾ ਮਾਏ ਮੇਰੀਏ।

ਨੌਕਰ ਦੇ ਵਾਗੂੰ ਮੇਰਾ ਹੁਕਮ ਮਨਾਵੇ ਜਿਹੜਾ
ਹੱਸਕੇ ਖੁਸ਼ੀਆਂ ਨਾਲ ਉਹ ਭਰ ਦੇਵੇ ਵਿਹੜਾ
ਰੋਟੀ ਟੁੱਕ ਜਾਣੇ ਉਹ ਪਕਾਉਣਾ ਮਾਏ ਮੇਰੀਏ
ਜੇ ਤੂੰ ਮੈਨੂੰ ਚਾਹੁੰਦੀ ਵਿਆਹੁਣਾ ਮਾਏ ਮੇਰੀਏ
ਇਹੋ ਜਿਹਾ ਮਾਹੀ ਲਿਆਦੇ ਮਾਏ ਮੇਰੀਏ।

ਆਲੂ ਬੜੇ ਕਰਾਰੇ ਧਰਮ ਨਾਲ ਆਲੂ ਬੜੇ ਕਰਾਰੇ,
ਆਲੂ ਬੜੇ ਕਰਾਰੇ ਧਰਮ ਨਾਲ ਆਲੂ ਬੜੇ ਕਰਾਰੇ।

ਮੁੰਡੇ ਦੀ ਮਾਮੀ ਚੜ੍ਹੀ ਚੁਬਾਰੇ,
ਹੇਠੋਂ ਮਾਮਾ ਵਾਜਾ ਮਾਰੇ,
ਕਾਹਨੂੰ ਕਰਦੀ ਪੁੱਠੇ ਕਾਰੇ,
ਥੱਲੇ ਉਤਰਿਆ ਸਰਕਾਰੇ,
ਐਵੇ ਗਲ ਚੜ੍ਹ ਜੂ ਦਰਬਾਰੇ
ਆਪਾ ਫੜੇ ਜਾਵਾਗੇ ਸਾਰੇ
ਆਲੂ ਬੜੇ ਕਰਾਰੇ .....।

ਮੁੰਡੇ ਦੀ ਭੂਆ ਚੜ੍ਹੀ ਚੁਬਾਰੇ,
ਹੇਠੋਂ ਫੁੱਫੜ ਵਾਜਾ ਮਾਰੇ,
ਕਾਹਨੂੰ ਕਰਦੀ ਪੁੱਠੇ ਕਾਰੇ,
ਥੱਲੇ ਉਤਰਿਆ ਮੁਟਿਆਰੇ,
ਐਵੇ ਗਲ ਚੜ੍ਹ ਜੂ ਸਰਕਾਰੇ
ਆਪਾ ਫੜੇ ਜਾਵਾਗੇ ਸਾਰੇ
ਆਲੂ ਬੜੇ ਕਰਾਰੇ .....।

ਮੁੰਡੇ ਦੀ ਮਾਸੀ ਚੜ੍ਹੀ ਚੁਬਾਰੇ,
ਹੇਠੋਂ ਮਾਸੜ ਵਾਜਾ ਮਾਰੇ,
ਕਾਹਨੂੰ ਕਰਦੀ ਪੁੱਠੇ ਕਾਰੇ,
ਨੀ ਤੂੰ ਉਤਰਿਆ ਮੁਟਿਆਰੇ
ਐਵੇ ਗਲ ਚੜ੍ਹ ਜੂ ਸਰਕਾਰੇ
ਆਪਾ ਫੜੇ ਜਾਵਾਗੇ ਸਾਰੇ

ਆਲੂ ਬੜੇ ਕਰਾਰੇ .....।

ਮੁੰਡੇ ਦੀ ਚਾਚੀ ਚੜ੍ਹੀ ਚੁਬਾਰੇ,
ਹੇਠੋਂ ਚਾਚਾ ਵਾਜਾ ਮਾਰੇ,
ਕਾਹਨੂੰ ਕਰਦੀ ਪੁੱਠੇ ਕਾਰੇ,
ਨੀ ਤੂੰ ਉਤਰਿਆ ਮੁਟਿਆਰੇ,
ਐਵੇ ਗਲ ਚੜ੍ਹ ਜੂ ਸਰਕਾਰੇ
ਆਪਾ ਫੜੇ ਜਾਵਾਗੇ ਸਾਰੇ
ਆਲੂ ਬੜੇ ਕਰਾਰੇ .....।
ਆਲੂ ਬੜੇ ਕਰਾਰੇ ਧਰਮ ਨਾਲ ਆਲੂ ਬੜੇ ਕਰਾਰੇ।

ਓ ਸੋਹਣਿਆ ਪਰਦੇਸੀ ਨਾ ਕਰ ਗੁਮਾਨ ਗੋਰੇ ਰੰਗ ਦਾ

ਓ ਸੋਹਣਿਆ ਪਰਦੇਸੀ ਨਾ ਕਰ ਗੁਮਾਨ ਗੋਰੇ ਰੰਗ ਦਾ।

ਕਾਸ਼ਨੀ ਦੁਪੱਟਾ ਨੀ ਮੈਂ ਹੁਣੇ ਰੰਗਿਆ,
ਮਾਹੀ ਗਿਆ ਪਰਦੇਸ ਨੀ ਮੈਂ ਕਿੱਲੀ ਟੰਗਿਆ,
ਦੇਖਕੇ ਦੁਪੱਟਾ ਮੇਰਾ ਦਿਲ ਕਹਿੰਦਾ
ਸੁਪਨੇ ਚੋਂ ਮਾਹੀ ਕਿਤੇ ਮਿਲ ਪੈਂਦਾ
ਵੇ ਸੋਹਣਿਆ ਪਰਦੇਸ .....।

ਕਾਸ਼ਨੀ ਦੁਪੱਟੇ ਵਿਚ ਤਿੰਨ ਧਾਰੀਆਂ
ਪਹਿਨਣ ਨਾ ਦਿੰਦੀਆਂ ਕਬੀਲਦਾਰੀਆਂ
ਮਾਹੀ ਨੇ ਤਾਂ ਆਉਣਾ ਹਾਲੇ ਸਾਲ ਅਗਲੇ
ਰੁਲਗੀ ਜਵਾਨੀ ਕਿਹੜੀ ਖੱਟੀ ਬਦਲੇ,
ਵੇ ਸੋਹਣਿਆ ਪਰਦੇਸੀ .....।

ਰੰਗ ਤਾਂ ਦੁਪੱਟੇ ਦਾ ਨੀ ਉੱਡ ਚੱਲਿਆ
ਮਾਹੀ ਨੇ ਨਾ ਕੋਈ ਵੀ ਸੁਨੇਹਾ ਘੱਲਿਆ
ਗਿਣਤੀਆਂ ਗਿਣਦੀ ਮੈਂ ਵੇਖ ਦੀ ਗਲੀ
ਲੱਦ ਗਏ ਵਪਾਰੀ ਨੀ ਮੈਂ ਉੱਥੇ ਹੀ ਖਲੀ,
ਵੇ ਸੋਹਣਿਆ ਪਰਦੇਸੀ .....।

ਕਾਸ਼ਨੀ ਦੁਪੱਟੇ ਵਿਚ ਹੋਈਆਂ ਮੋਰੀਆਂ,

ਖੁੱਲ ਗਈਆਂ ਮਾਹੀ ਕੀਤੀਆਂ ਜੋ ਚੋਰੀਆਂ
ਕੌਲ ਤੇ ਕਰਾਰ ਸਾਰੇ ਝੂਠੇ ਨਿਕਲੇ,
ਮਾਹੀ ਨੇ ਨਿਸ਼ਾਨੇ, ਕਿਤੇ ਹੋਰ ਮਿੱਥ ਲਏ,
ਵੇ ਸੋਹਣਿਆ ਪਰਦੇਸੀ ਨਾ ਕਰ ਗੁਮਾਨ ਗੋਰੇ ਰੰਗ ਦਾ
ਵੇ ਸੋਹਣਿਆ ਪਰਦੇਸੀ ਨਾ ਕਰ ਗੁਮਾਨ ਗੋਰੇ ਰੰਗ ਦਾ।



ਜੰਮੂ ਸ਼ਹਿਰ ਨਾ ਵਿਆਹੀ ਮੇਰੀ ਮਾਂ

ਜੰਮੂ ਸ਼ਹਿਰ ਦੇ ਮੁੰਡੇ ਬੁਰੇ
ਮੁੰਡੇ ਬੁਰੇ ਸ਼ੈਤਾਨ
ਨੀ ਰਾਜੇ ਦਾ ਨੌਕਰ ਨਿੱਕਾ ਜਿਹਾ
ਨਿੱਕਾ ਜਿਹਾ ਸ਼ੈਤਾਨ
ਨੀ ਮੇਰੀ ਉਂਗਲ ਮਰੋੜ ਕੇ ਮੁੱਕਰ ਗਿਆ
ਮੈਂ ਬੜੀ ਨਾਦਾਨ
ਨੀ ਮੇਰਾ ਰੋਂਦੀ ਦਾ ਹਾਸਾ ਨਿਕਲ ਗਿਆ।

ਜੰਮੂ ਸ਼ਹਿਰ ਨਾ ਦੇਈ ਮੇਰੀ ਮਾਂ
ਜੰਮੂ ਸ਼ਹਿਰ ਦੀਆਂ ਕੁੜੀਆਂ ਬੁਰੀਆਂ
ਨੱਚਣ ਸਾਰੀ ਰਾਤ
ਨੀ ਮਾਹੀਏ ਦਾ ਨੌਕਰ ਨਿੱਕਾ ਜਿਹਾ
ਨਿੱਕਾ ਜਿਹਾ ਸ਼ੈਤਾਨ
ਨੀ ਮੇਰੀ ਉਂਗਲੀ ਮਰੋੜ ਕੇ ਮੁਕਰ ਗਿਆ
ਮੈਂ ਬੜੀ ਨਾਦਾਨ
ਮੇਰਾ ਰੋਂਦੀ ਦਾ ਹਾਸਾ ਨਿਕਲ ਗਿਆ।

ਜੰਮੂ ਸ਼ਹਿਰ ਨਾ ਦੇਈ ਮੇਰੀ ਮਾਂ
ਜੰਮੂ ਸ਼ਹਿਰ ਦੇ ਕੁੱਤੇ ਬੁਰੇ
ਭੌਂਕਣ ਸਾਰੀ ਰਾਤ
ਨੀ ਮਾਹੀਏ ਦਾ ਨੌਕਰ ਨਿੱਕਾ ਜਿਹਾ
ਨਿੱਕਾ ਜਿਹਾ ਸ਼ੈਤਾਨ
ਨੀ ਮੇਰੀ ਉਂਗਲੀ ਮਰੋੜ ਕੇ ਮੁਕਰ ਗਿਆ
ਮੈਂ ਬੜੀ ਨਾਦਾਨ
ਮੇਰਾ ਰੋਂਦੀ ਦਾ ਹਾਸਾ ਨਿਕਲ ਗਿਆ।

ਜੰਮੂ ਸ਼ਹਿਰ ਨਾ ਦੇਈ ਮੇਰੀ ਮਾਂ
ਜੰਮੂ ਸ਼ਹਿਰ ਦੇ ਬੁੱਢੇ ਬੁਰੇ
ਖੰਗਣ ਸਾਰੀ ਰਾਤ
ਨੀ ਮਾਹੀਏ ਦਾ ਨੌਕਰ ਨਿੱਕਾ ਜਿਹਾ
ਨਿੱਕਾ ਜਿਹਾ ਸ਼ੈਤਾਨ
ਨੀ ਮੇਰੀ ਉਂਗਲੀ ਮਰੋੜ ਕੇ ਮੁਕਰ ਗਿਆ
ਮੈਂ ਬੜੀ ਨਾਦਾਨ
ਮੇਰਾ ਰੋਂਦੀ ਦਾ ਹਾਸਾ ਨਿਕਲ ਗਿਆ।

ਇਨ੍ਹਾਂ ਬੁੜੀਆਂ ਦੀ ਅੱਖ ਕੁੜੀਆਂ ਵਿਚ ਰਹਿੰਦੀ
ਨੀ ਇਨ੍ਹਾਂ ਬੁੜੀਆਂ ਦੀ ਅੱਖ ਕੁੜੀਆਂ ਵਿਚ ਰਹਿੰਦੀ।

ਜਦ ਕੁੜੀ ਕੋਈ ਸੁਰਮਾ ਪਾਵੇ
ਬੁੜ੍ਹੀਆਂ ਦੇ ਢਿੱਡ ਵਿਚ ਪੀੜ ਪੈਂਦੀ
ਮੂੰਹ ਜੋੜਕੇ ਗੱਲਾਂ ਕਰਦੀਆਂ
ਵੇਖ ਜਵਾਨੀ ਹੌਂਕੇ ਭਰਦੀਆਂ
ਕਹਿੰਦੀਆਂ ਇਹ ਕੁੜੀ ਨਾ ਰਹਿੰਦੀ,
ਨੀ ਇਨ੍ਹਾਂ ਬੁੜੀਆਂ ਦੀ .....।

ਮੁੰਡਾ ਕੁੜੀ ਜਦ ਕੱਠੇ ਜਾਵਣ,
ਵੇਖਕੇ ਬੁੜੀਆਂ ਰੌਲਾ ਪਾਵਣ,
ਹਾਏ ਨੀ ਭੈਣੇ ਕਲਯੁਗ ਆਇਆ
ਕਿੰਨਾ ਸੋਹਣਾ ਮੁੰਡਾ ਕੁੜੀ ਨੇ ਫਸਾਇਆ
ਭਾਵੇਂ ਹੋਣ ਭੈਣ ਭਰਾ
ਬੁੜੀਆਂ ਦਿੰਦੀਆਂ ਫਤਵਾ ਲਾ
ਰੁਕੀ ਜਬਾਨ ਨਾ ਰਹਿੰਦੀ
ਨੀ ਇਨ੍ਹਾਂ ਬੁੜੀਆ ਦੀ .....।

ਜਦੋਂ ਕਿਸੇ ਦੇ ਧੀ ਜੰਮ ਪੈਂਦੀ
ਬੇਬੇ ਦੋਸ਼ ਹੈ ਰੱਬ ਨੂੰ ਦਿੰਦੀ
ਹਾਏ ਨੀ ਰੱਬ ਨੇ ਕਹਿਰ ਕਮਾਇਆ
ਸਾਡੇ ਘਰ ਤਾਂ ਪੱਥਰ ਆਇਆ
ਅੰਮੜੀ ਦੀ ਅੱਖ ਵਹਿੰਦੀ

ਨੀ ਇਨ੍ਹਾਂ ਬੁੜ੍ਹੀਆਂ ਦੀ .....।

ਜੇ ਕਿਸੇ ਦੇ ਧੀ ਨਾ ਜੰਮਦੀ
ਕਿਥੋਂ ਸੋਹਣੀ ਦੁਨੀਆ ਬਣਦੀ
ਕਿਹੜਾ ਸਿਹਰੇ ਬੰਨ੍ਹਕੇ ਆਉਂਦਾ
ਡੋਲੀ ਵਿਚ ਵਹੁਟੀ ਕਿੱਥੋਂ ਆਉਂਦਾ
ਬੱਸ ਛੜਿਆ ਦੀ ਮੰਡਲੀ ਰਹਿੰਦੀ
ਨੀ ਇਨ੍ਹਾਂ ਬੁੜੀਆਂ ਦੀ .....।



ਲੈਚੀ ਦਾਣਾ ਤੇ ਗੁਲਕੰਦ
ਚਿੱਟੇ ਚੋਲਾਂ ਉੱਤੇ ਖੰਡ
ਬੁੱਢਾ ਖਾਵੇ ਤੇ ਬੁੱਢੀ ਤੰਗ
ਬੁੜੇ ਦਾ ਹੁੱਕਾ ਪਾਣੀ ਬੰਦ
ਇਸਨੂੰ ਛੱਡ ਦਿਆਂਗੇ – ਸ਼ਾਵਾ
ਆਪਾ ਹੋਰ ਲਿਆਵਾਗੇ– ਸ਼ਾਵਾ
ਜਵਾਨੀ ਬੜੀ ਦੀਵਾਨੀ – ਸ਼ਾਵਾ
ਬੁਢਾਪਾ ਬੜਾ ਸਿਆਪਾ– ਸ਼ਾਵਾ
ਚਿੱਟੇ ਚੋਲਾਂ ਉਤੇ ਖੰਡ .....।

ਮਧਰੀ ਰੰਨ ਦਾ ਕੀ ਸਲਾਹੀਏ?
ਜਿਉਂ ਚਰਖੇ ਦਾ ਮੁੰਨਾ
ਵਿਹੜੇ ਦੇ ਵਿਚ ਰੁੜਦੀ ਫਿਰਦੀ
ਘਰ ਸੁੰਨੇ ਦਾ ਸੁੰਨਾ
ਇਸ ਨੂੰ ਛੱਡ ਦਿਆਂਗੇ – ਸ਼ਾਵਾ
ਆਪਾ ਹੋਰ ਲਿਆਵਾਗੇ – ਸ਼ਾਵਾ
ਜਵਾਨੀ ਬੜੀ ਨਾਦਾਨੀ – ਸ਼ਾਵਾ
ਬੁਢਾਪਾ ਬੜਾ ਸਿਆਪਾ – ਸ਼ਾਵਾ
ਲੈਚੀ ਦਾਣਾ ਤੇ .....।

ਲੰਮੀ ਰੰਨ ਦਾ ਕੀ ਸਲਾਹੀਏ?
ਜਿਉਂ ਕੋਠੇ ਦੀ ਥੰਮੀ
ਅੱਸੀਆਂ ਗਜਾ ਦਾ ਘਗਰਾ ਸਵਾਇਆ
ਅਜੇ ਵੀ ਗਿਟਿਓ ਨੰਗੀ

ਇਸਨੂੰ ਛੱਡ ਦਿਆਗੇ – ਸ਼ਾਵਾ
ਆਪਾ ਹੋਰ ਲਿਆਵਾਗੇ – ਸ਼ਾਵਾ
ਜਵਾਨੀ ਬੜੀ ਮਸਤਾਨੀ – ਸ਼ਾਵਾ
ਬੁਢਾਪਾ ਬੜਾ ਲਾਲਚੀ – ਸ਼ਾਵਾ।
ਲੈਚੀ ਦਾਣਾ ਤੇ .....।

ਮੋਟੀ ਰੰਨ ਦਾ ਕੀ ਸਲਾਹੀਏ?
ਉਹ ਘੀਰ੍ਹੇ ਦਾ ਘੀਰ੍ਹੇ
ਸਾਰੇ ਘਰ ਦਾ ਅੰਨ ਖਾ ਜਾਂਦੀ
ਕੀ ਸੱਜਰਾ ਕੀ ਬੇਹਾ
ਇਸਨੂੰ ਛੱਡ ਦਿਆਗੇ
ਆਪਾ ਹੋਰ ਲਿਆਵਾਗੇ
ਜਵਾਨੀ ਬੜੀ ਹੁਸੀਨਾ
ਬੁਢਾਪਾ ਬੜਾ ਸਿਆਪਾ
ਲਾਚੀ ਦਾਣਾ ਤੇ .....।

ਪਤਲੀ ਰੰਨ ਦਾ ਕੀ ਸਲਾਹੀਏ?
ਜਿਉਂ ਖੇਤ ਵਿਚ ਡਰਨਾ
ਸੁਬਣ ਪਾਵੇ ਲਹਿੰਗਾ ਪਾਵੇ
ਕੁਝ ਵੀ ਨਾ ਇਸਨੂੰ ਸਜਣਾ
ਇਸਨੂੰ ਛੱਡ ਦਿਆਂਗੇ – ਸ਼ਾਵਾ
ਆਪਾ ਹੋਰ ਲਿਆਵਾਗੇ – ਸ਼ਾਵਾ
ਜਵਾਨੀ ਬੜੀ ਨਦਾਨੀ – ਸ਼ਾਵਾ
ਬੁਢਾਪਾ ਬੜਾ ਲਾਲਚੀ – ਸ਼ਾਵਾ
ਲਾਚੀ ਦਾਣਾ .....।

ਕਾਲੀ ਰੰਨ ਦਾ ਕੀ ਸਲਾਹੀਏ
ਕਾਲੀ ਮੈਂ ਨਾ ਭਾਵੇਂ
ਕੋਠੇ ਚੜ੍ਹਕੇ ਵੇਖਣ ਲੱਗੇ
ਕਾਲਾ ਬਦਲ ਚੜ੍ਹਿਆ ਆਵੇ
ਇਸਨੂੰ ਛੱਡ ਦਿਆਗਾ – ਸ਼ਾਵਾ
ਆਪਾ ਹੋਰ ਲਿਆਵਾਗੇ – ਸ਼ਾਵਾ
ਜਵਾਨੀ ਬੜੀ ਮਸਤਾਨੀ – ਸ਼ਾਵਾ
ਬੁਢਾਪਾ ਬੜਾ ਲਾਲਚੀ – ਸ਼ਾਵਾ

ਲਾਚੀ ਦਾਣਾ .....।

ਗੋਰੀ ਰੰਨ ਦਾ ਕੀ ਸਲਾਹੀਏ
ਜਿਉਂ ਮੱਖਣ ਦੇ ਪੇੜਾ
ਗੋਰੀ ਚੜ੍ਹ ਚੁਬਾਰੇ ਸੁੱਤੀ
ਆਸ਼ਕ ਮਾਰਨ ਗੇੜਾ
ਇਹਨੂੰ ਲੈ ਕੇ ਜਾਣਾ – ਸ਼ਾਵਾ
ਇਸ ਨਾਲ ਰਲਕੇ ਰਹਾਂਗੇ – ਸ਼ਾਵਾ
ਸ਼ਾਵਾ ਵਾਹ ਜਵਾਨੀ –ਸ਼ਾਵਾ
ਜਵਾਨੀ ਬੜੀ ਮਸਤਾਨੀ – ਸ਼ਾਵਾ
ਬੁਢਾਪਾ ਬੜਾ ਸਿਆਪਾ – ਸ਼ਾਵਾ
ਲਾਚੀ ਦਾਣਾ ਤੇ .....।

ਬੁੜੀ ਚੁਗਲੀ ਬਾਝ ਨਾ ਰਹਿੰਦੀ

ਬੁੜੀ ਚੁਗਲੀ ਬਾਝ ਨਾ ਰਹਿੰਦੀ।

ਜਿੱਥੇ ਹੋਵੇ ਕਥਾ ਵਾਰਤਾ
ਜਿੱਥੇ ਹੋਵੇ ਕਥਾ ਵਾਰਤਾ
ਕਥਾ– ਵਾਰਤਾ– ਕਥਾ ਵਾਰਤਾ,
ਪਿੱਛੇ ਹੋ ਹੋ ਬਹਿੰਦੀ
ਕਿਉਂਕਿ – ਚੁਗਲੀ ਬਾਝ ਨਾ ਰਹਿੰਦੀ
ਬੁੜੀ .....।

ਜਿੱਥੇ ਹੋਵੇ ਨੁਕਤਾਂ ਚੀਨੀ
ਚੁਗਲੀ ਨਿੰਦਿਆ, ਨੁਕਤਾ ਚੀਨੀ
ਮੂਹਰੇ ਹੋ ਹੋ ਬਹਿੰਦੀ
ਬੁੜੀ ਚੁਗਲੀ ਬਾਝ ਨਾ ਰਹਿੰਦੀ।

ਜਿੱਥੇ ਕਿਤੇ ਕੁਝ ਦੇਣਾ ਪੈ ਜੇ
ਜਿੱਥੇ ਕਿਤੇ ਕੁਝ ਦੇਣਾ ਪੈ ਜੇ,
ਪਿੱਛੇ ਹੋ ਹੋ ਬਹਿੰਦੀ
ਬੁੜੀ ਚੁਗਲੀ .....।

ਜਿੱਥੋਂ ਕਿਤੇ ਕੁਝ ਮਿਲਣਾ ਹੋਵੇ
ਜਿੱਥੋਂ ਕਿਤੇ ਕੁਝ ਮਿਲਣਾ ਹੋਵੇ
ਮਿਲਣਾ ਹੋਵੇ ਬਈ ਮਿਲਣਾ ਹੋਵੇ
ਮੂਹਰੇ ਹੋ ਹੋ ਬਹਿੰਦੀ
ਕਿਉਂਕਿ - ਬੁੜੀ ਚੁਗਲੀ ਬਾਝ ਨਾ ਰਹਿੰਦੀ
ਬੁੜੀ ਚੁਗਲੀ ਬਾਝ ਨਾ ਰਹਿੰਦੀ।

ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ,

ਇਹ ਬਿੰਦੀਆਂ ਮੇਰੀ ਸੱਸ ਨੇ ਵੇਖੀਆ
ਇਹ ਬਿੰਦੀਆ ਮੇਰੀ ਸੱਸ ਨੇ ਵੇਖੀਆ
ਰੋਟੀ ਪਾਣੀ ਬੰਦ ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ।

ਇਹ ਬਿੰਦੀਆਂ ਮੇਰੇ ਸਹੁਰੇ ਨੇ ਵੇਖੀਆ
ਇਹ ਬਿੰਦੀਆਂ ਮੇਰੇ ਸਹੁਰੇ ਨੇ ਵੇਖੀਆ
ਹੁੱਕਾ ਪਾਣੀ ਬੰਦ ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ।

ਇਹ ਬਿੰਦੀਆਂ ਮੇਰੇ ਜੇਠ ਨੇ ਵੇਖੀਆ
ਇਹ ਬਿੰਦੀਆਂ ਮੇਰੇ ਜੇਠ ਨੇ ਵੇਖੀਆ
ਅੱਜ ਹੀ ਕਰ ਦਿਓ ਅੱਡ
ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ।

ਇਹ ਬਿੰਦੀਆ ਮੇਰੇ ਦਿਉਰ ਨੇ ਵੇਖੀਆ
ਇਹ ਬਿੰਦੀਆ ਮੇਰੇ ਦਿਉਰ ਨੇ ਵੇਖੀਆ
ਕਾਲਜ ਜਾਣਾ ਬੰਦ
ਤਮਾਸ਼ਾ ਬਿੰਦੀਆਂ ਦਾ

ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ।

ਇਹ ਬਿੰਦੀਆ ਮੇਰੀ ਨਣਦ ਨੇ ਵੇਖੀਆ
ਇਹ ਬਿੰਦੀਆ ਮੇਰੀ ਨਣਦ ਨੇ ਵੇਖੀਆ
ਘਰ ਵਿਚ ਹੋ ਗਈ ਜੰਗ
ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆ ਦਾ।

ਇਹ ਬਿੰਦੀਆਂ ਮੇਰੇ ਮਾਹੀ ਨੇ ਵੇਖੀਆ
ਇਹ ਬਿੰਦੀਆਂ ਦਿਲਜਾਨੀ ਨੇ ਵੇਖੀਆ
ਮਾਹੀ ਦੇ ਦਿਲ ਵਿੱਚ ਪੈ ਗਈ ਠੰਡ
ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ।

ਇਹ ਬਿੰਦੀਆਂ ਮੈਂ ਆਲੇ ਵਿਚ ਰੱਖੀਆ
ਚੋਰਾਂ ਨੇ ਲਾ ਲਾ ਲਈ ਸੰਨ
ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਹੋਰ ਤਾਂ ਚੋਰਾਂ ਨੇ ਕੁਝ ਵੀ ਨਾ ਚੁੱਕਿਆ
ਹੋਰ ਤਾਂ ਚੋਰਾਂ ਨੇ ਕੁਝ ਵੀ ਨਾ ਚੁੱਕਿਆ
ਸਹੁਰੇ ਦੀ ਚੱਕ ਲਈ ਰੰਨ
ਤਮਾਸ਼ਾ ਬਿੰਦੀਆਂ ਦਾ
ਸ਼ਾਵਾ ਤਮਾਸ਼ਾ ਬਿੰਦੀਆਂ ਦਾ
ਵਾਹ ਵਾਹ ਤਮਾਸ਼ਾ ਬਿੰਦੀਆਂ ਦਾ।

ਬਿਜਲੀ ਦਾ ਚੂੜਾ ਚੜ੍ਹਾਈ ਦੇ ਵੇ

ਵੇ ਮੇਰੀ ਇਕ ਵਾਰੀ ਰੀਝ ਪੁਗਾਈ ਦੇ ਵੇ
ਬਿਜਲੀ ਦਾ ਚੂੜਾ

ਦਿਲ ਜਾਨੀਆ ਬਿਜਲੀ ਦਾ ਚੂੜਾ ਚੜਾਈਦੇ ਵੇ।

ਤੂੰ ਬਾਹਰ ਸੁਣੀਦਾ ਸੇਠ ਵੇ
ਘਰ ਹੈ ਨਹੀਂ ਡੱਬਾ ਖੇਸ ਵੇ
ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਮੇਰੀ ਇਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ।

ਤੈਨੂੰ ਐਵੇਂ ਨਾ ਹੂਰਾ ਵਟੀਦਾ
ਤੈਨੂੰ ਰਾਹ ਭੁਲਾ ਦਿਆ ਹੱਟੀ ਦਾ
ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈ ਦੇ ਵੇ
ਮੇਰੀ ਇਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ।

ਭਾਵੇਂ ਮੱਝ ਵੇਚ ਲੈ ਬੂਰੀ ਵੇ
ਤੇਰੀ ਗਰਜ ਨਾ ਹੋਣੀ ਪੂਰੀ ਵੇ
ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਬਿਜਲੀ ਦਾ ਚੂੜਾ

ਤੇਰੇ ਮਾਰਾ ਹੂਰਾ ਕਹਿਰ ਦਾ
ਤੈਨੂੰ ਰਾਤ ਵਿਖਾਵਾ ਸ਼ਹਿਰ ਦਾ
ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਮੇਰੀ ਇਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ।

ਪੂਰਾ ਸਵਾ ਰੁਪਈਆ ਲਾਇਆ ਨੀ,
ਤੈਨੂੰ ਸਾਰਾ ਸ਼ਹਿਰ ਘੁਮਾਇਆ ਨੀ
ਤੇਰੇ ਚੂੜਾ ਪਸੰਦ ਨਾ ਆਇਆ ਨੀ
ਕਿਵੇਂ ਆਪਣੀ ਹੀਰ ਬਣਾਈਏ ਨੀ
ਨੀ ਦੱਸ ਕਿਹੜਾ ਚੂੜਾ

ਕਿਹੜਾ ਚੂੜਾ ਚੜ੍ਹਾਈਏ ਨੀ

ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਮੇਰੀ ਇਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ।



ਸੁਣੋ ਨੀ ਵਿਹੜੇ ਵਾਲੀਓ

ਮੈਂ ਬੋਲਾ ਤੇ ਕੁਪੱਤੀ
ਘਰ ਵਿਚ ਸਾਡੇ ਵਹੁਟੀ ਆਈ
ਸਭ ਨੂੰ ਉਸਨੇ ਭਾਜੜ ਪਾਈ
ਸਾਰਾ ਟੱਬਰ ਲੱਸੀ ਪੀਂਦਾ
ਉਹ ਚਾਹ ਪੀਵੇ ਤੱਤੀ
ਸੁਣੋ ਨੀ ਵਿਹੜੇ ਵਾਲੀਓ
ਮੈਂ ਬੋਲਾ ਤਾਂ ਕੁਪੱਤੀ।

ਚਾਹ ਪੀ ਕੇ ਉਹ ਚੜ੍ਹੀ ਚੁਬਾਰੇ
ਸ਼ੀਸ਼ੇ ਮੂਹਰੇ ਵਾਲ ਸਵਾਰੇ
ਨਾ ਰਿੜਕੇ ਨਾ ਚੌਵੇ ਬੂਰੀ
ਨੱਖਰੇ ਕਰਦੀ ਛੱਤੀ
ਸੁਣੋ ਨੀ ਵਿਹੜੇ ਵਾਲੀਓ
ਮੈਂ ਬੋਲਾ ਤਾਂ ਕੁਪੱਤੀ।

ਚੁਲ੍ਹੇ ਮੂਹਰੇ ਮੁੜਕਾ ਆਵੇ
ਵਿੱਚ ਗਲੀ ਦੇ ਚਰਖਾ ਢਾਹਵੇ
ਚਾਰ ਚੁਫੇਰੇ ਝਾਤੀਆਂ ਮਾਰੇ
ਇਕ ਨਾ ਪੂਣੀ ਕੱਤੀ
ਸੁਣੋ ਨੀ ਵਿਹੜੇ ਵਾਲੀਓ
ਮੈਂ ਬੋਲਾ ਤੇ ਕਪੱਤੀ।

ਨਿੱਤ ਨਵੀਂ ਉਹ ਬਦਲੇ ਸਾੜੀ
ਸਭ ਦੇ ਉੱਤੇ ਪੈਂਦੀ ਭਾਰੀ
ਮਾਹੀ ਉਸਨੂੰ ਨਾ ਸਮਝਾਵੇ

ਕੰਮ ਨਾ ਕਰਦੀ ਰੱਤੀ
ਸੁਣੋ ਨੀ ਵਿਹੜੇ ਵਾਲੀਓ
ਮੈਂ ਬੋਲਾ ਤਾਂ ਕਪੱਤੀ।



ਕੀ ਜੀਣਾ ਏ ਛੜਿਆ ਦਾ

ਹਾਏ ਬਿਪਤਾ ਨੂੰ ਫੜਿਆ ਦਾ
ਕੌਣ ਰੋਟੀਆਂ ਪਕਾਵੇ ਕੌਣ ਹੱਸ ਕੇ ਬੁਲਾਵੇ
ਕੀ ਜੀਣਾ ਏ ਛੜਿਆ ਦਾ
ਹਾਏ ਬਿਪਤਾ ਨੂੰ ਫੜਿਆ ਦਾ।

ਕਾਣੇ ਤੇ ਗੰਜੇ ਰੱਬਾ ਸਾਰੇ ਤੂੰ ਵਿਆਹ ਦਿੱਤੇ
ਸੋਟੀ ਵਾਲੇ ਲੰਗੜੇ ਤੇ ਲੂਲੇ ਵੀ ਵਿਆਹ ਦਿੱਤੇ
ਫਿੱਟੇ ਮੂੰਹ ਸਾਡਾ ਸੋਹਣੇ ਬਣਿਆ ਦਾ
ਹਾਏ ਬਿਪਤਾ ਨੂੰ ਫੜਿਆ ਦਾ।

ਇਕ ਰਾਤ ਨੂੰ ਸੁਪਨੇ ਦੇ ਵਿਚ ਹੋਇਆ ਮੇਰਾ ਵਿਆਹ ਸੀ
ਮੈਂ ਘੋੜੀ ਤੇ ਚੜ੍ਹ ਕੇ ਬੈਠਾ ਸਿਹਰੇ ਲਏ ਸਜਾ ਸੀ
ਸੁਭਾ ਹੋਈ ਤਾਂ ਸੁਪਨਾ ਲੱਗਿਆ
ਫਿੱਟੇ ਮੂੰਹ ਘੋੜੀ ਚੜ੍ਹਿਆ ਦਾ
ਹਾਏ ਬਿਪਤਾ ਨੂੰ ਫੜ੍ਹਿਆ ਦਾ।

ਕੀ ਜੀਣਾ ਏ ਛੜਿਆ ਦਾ
ਹਾਏ ਬਿਪਤਾ ਨੂੰ ਫੜਿਆ ਦਾ
ਕੌਣ ਹੱਸਕੇ ਬੁਲਾ ਵੇ
ਕੀ ਜੀਨਾ ਏ ਛੜਿਆ ਦਾ
ਹਾਏ ਬਿਪਤਾ ਨੂੰ ਫੜਿਆ ਦਾ।



ਮੈਂ ਚਲੀ ਪੀਆ ਪੇਕੜੇ ਤੁਸੀਂ ਮਗਰੇ ਹੀ ਆ ਜਾਈਓ – ਹਈ ਸ਼ਾਵਾ

ਮੈਂ ਚਲੀ ਪੀਆ ਪੇਕੜੇ ਤੁਸੀਂ ਮਗਰੇ ਹੀ ਆ ਜਾਈਓ – ਹਈ ਸ਼ਾਵਾ।

ਮੈਂ ਮਿਲਾਂਗੀ ਮਾਤਾ ਨੂੰ ਤੁਸੀਂ ਪਿਤਾ ਜੀ ਨੂੰ ਮਿਲ ਲਈਓ – ਹਈ ਸ਼ਾਵਾ
ਪੈਰੀ ਪੈਣਾ ਮਗਰੋਂ ਕਹੀਓ ਪਹਿਲਾ ਲੈ ਜਾਣਾ ਕਹਿ ਆਈਓ – ਹਈ ਸ਼ਾਵਾ

ਮੈਂ ਤਾਂ ਕਹਾਂਗੀ ਨਹੀਂ ਜਾਣਾ, ਤੁਸੀਂ ਛੱਡ ਕੇ ਨਾ ਜਾਈਓ – ਹਈ ਸ਼ਾਵਾ
ਮੈਂ ਉਤੋਂ ਉਤੋਂ ਰੋਵਾਂਗੀ ਤੁਸੀਂ ਐਵੇ ਨਾ ਘਬਰਾਅ ਜਾਈਓ – ਹਈ ਸ਼ਾਵਾ
ਮੈਂ ਚਲੀ ਪੀਆ ਪੇਕੜੇ ਤੁਸੀਂ ਵੀ ਮਗਰੇ ਆ ਜਾਈਓ – ਹਈ ਸ਼ਾਵਾ

ਮੈਂ ਮਿਲਾਂਗੀ ਭਾਬੀ ਨੂੰ ਤੁਸੀਂ ਵੀਰਾਂ ਨੂੰ ਮਿਲ ਲਈਓ – ਹਈ ਸ਼ਾਵਾ
ਪੈਰੀ ਪੈਣਾ ਮਗਰੋਂ ਕਹੀਓ ਪਹਿਲਾ ਲੈ ਜਾਣਾ ਕਹਿ ਆਈਓ – ਹਈ ਸ਼ਾਵਾ
ਮੈਂ ਤਾਂ ਕਹਾਂਗੀ ਨਹੀਂ ਜਾਣਾ ਤੁਸੀ ਛੱਡਕੇ ਨਾ ਆ ਜਾਈਓ – ਹਈ ਸ਼ਾਵਾ
ਮੈਂ ਉਤੋਂ ਉਤੋਂ ਰੋਵਾਂਗੀ ਤੁਸੀਂ ਐਵੇ ਨਾ ਘਬਰਾਅ ਜਾਈਓ – ਹਈ ਸ਼ਾਵਾ
ਮੈਂ ਚਲੀ ਪੀਆ ਪੇਕੜੇ ਤੁਸੀਂ ਵੀ ਮਗਰੇ ਆ ਜਾਈਓ – ਹਈ ਸ਼ਾਵਾ।
ਮੈਂ ਮਿਲਾਂਗੀ ਚਾਚੀ ਨੂੰ ਤੁਸੀਂ ਚਾਚਾ ਨੂੰ ਮਿਲ ਲਈਓ – ਹਈ ਸ਼ਾਵਾ
ਪੈਰੀ ਪੈਣਾ ਮਗਰੋਂ ਕਹੀਓ ਪਹਿਲਾ ਲੈ ਜਾਣਾ ਕਹਿ ਆਈਓ – ਹਈ ਸ਼ਾਵਾ
ਮੈਂ ਤਾਂ ਕਹਾਂਗੀ ਨਹੀਂ ਜਾਣਾ ਤੁਸੀ ਛੱਡਕੇ ਨਾ ਆ ਜਾਈਓ – ਹਈ ਸ਼ਾਵਾ
ਮੈਂ ਉਤੋਂ ਉਤੋਂ ਰੋਵਾਂਗੀ ਤੁਸੀ ਐਵੇ ਨਾ ਘਬਰਾਅ ਜਾਈਓ – ਹਈ ਸ਼ਾਵਾ
ਮੈਂ ਚਲੀ ਪੀਆ ਪੇਕੜੇ ਤੁਸੀਂ ਵੀ ਮਗਰੇ ਆ ਜਾਈਓ – ਹਈ ਸ਼ਾਵਾ।

ਵੇ ਐਵੇ ਲੜਿਆ ਨਾ ਕਰ ਢੋਲਣਾ

ਮੈਂ ਤੇਰੇ ਸਿਹਰਿਆ ਨਾਲ ਵਿਆਹੀ ਹੋਈ ਆ
ਕਦੇ ਸਾਡੀ ਵੀ ਗੱਲ ਸੁਣ ਸਜਣਾ ਵੇ
ਮੈਂ ਵਾਜਿਆ ਦੇ ਨਾਲ ਆਈ ਹੋਈ ਆ

ਤੂੰ ਦੇਰ ਰਾਤ ਤੱਕ ਰੱਬ ਜਾਣੇ ਸਿਨਮੇ ਵੇਖਦਾ ਰਹਿਣਾ ਏ
ਮੈਂ ਡਰਦੀ ਡਰਦੀ ਪੁੱਛਦੀ ਹਾਂ ਤੂੰ ਵੱਢ ਖਾਣਾ ਨੂੰ ਪੈਂਦਾ ਏ
ਮੈਂ ਕਦੋਂ ਦੀ ਪੇਕੇ ਤੁਰ ਜਾਂਦੀ
ਪਰ ਮਾਂ-ਪਿਓ ਦੀ ਸਮਝਾਈ ਹੋਈ ਆ
ਐਵੇ ਲੜਿਆ ਨਾ ਕਰ ਢੋਲਣਾ .....।

ਦਾਰੂ ਨਾ ਪੀਕੇ ਆਇਆ ਕਰ ਮੈਂ ਡਰ ਜਾਨੀ ਆ ਮੈਂ ਕੰਬ ਜਾਨੀ ਆ
ਨਿੱਤ ਪੀ ਕੇ ਕਰੇ ਖਰਾਬੀ ਵੇ ਮੈਂ ਕੋਲ ਬੈਠੀ ਕੁਮਲਾ ਜਾਨੀ ਆ
ਹੁਣ ਪੰਜ ਸੱਤ ਦਿਨ ਦੀ ਤਾਂ ਮਾਹੀਆ
ਮੈਂ ਜਿਆਦਾ ਹੀ ਘਬਰਾਈ ਹੋਈ ਆ
ਐਵੇ ਲੜਿਆ ਨਾ ਕਰ ਢੋਲਣਾ .....।

ਕਦੇ ਸੌਕ ਨਾਲ ਮਹਿੰਦੀ ਲਿਆ ਮੇਰੇ ਹੱਥਾਂ ਲਈ ਤੇ

ਬੁਲਾ ਲਈ ਦੰਦਾਸਾ ਲਿਆ
ਮੇਰੇ ਨਾਲ ਖੇਡ, ਟਿੱਚਰਾਕਰ, ਬੁੱਲੀ ਹਾਸਾ ਲਿਆ
ਮੇਰੀ ਨਣਦ ਮਾਰਦੀ ਨਿੱਤ ਤਾਨ੍ਹੇ
ਮੈਂ ਸੱਸ ਦੀ ਬੜੀ ਸਤਾਈ ਹੋਈ ਆ
ਵੇ ਐਵੇ ਲੜਿਆ ਨਾ ਕਰ ਢੋਲਣਾ
ਮੈਂ ਤੇਰੇ ਸਿਹਰਿਆ ਨਾਲ ਵਿਆਹੀ ਹੋਈ ਆ
ਕਦੇ ਸਾਡੀ ਵੀ ਗੱਲ ਸੁਣ ਸਜਣਾ ਵੇ
ਮੈਂ ਵਾਜਿਆ ਦੇ ਨਾਲ ਆਈ ਹੋਈ ਆ

ਸਾਡਾ ਜੀਜਾ ਬੜਾ ਗ੍ਰੇਟ

ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਖਾਦੀ ਦੋ ਤਿੰਨ, ਫੁਲਕੇ
ਦੀਦੀ ਖਾਦੀ ਦੋ ਤਿੰਨ ਫੁਲਕੇ
ਜੀਜਾ ਖਾਦਾ ਟਵੰਟੀਏਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਖਾਦੀ ਕੇਕ ਪੇਸਟਰੀ
ਦੀਦੀ ਖਾਦੀ ਕੇਕ ਪੇਸਟਰੀ
ਜੀਜਾ ਚੱਟੇ ਪਲੇਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਸੌਂਦੀ ਪਲੰਗਾ ਦੇ ਉਪਰ
ਜੀਜਾ ਪਲੰਗੇ ਹੇਠ
ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਬੋਲੇ ਪੂਰੀ ਇੰਗਲਿਸ਼
ਜੀਜਾ ਪੰਜਾਬੀ ਠੇਠ
ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਤਾਂ ਰੋਹਬ ਬਥੇਰਾ
ਜੀਜਾ ਜੁੱਤੀ ਹੇਠ
ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ।

ਦੀਦੀ ਜਾਦੀ ਸਿਨਮੇ ਵੇਢਦ
ਜੀਜਾ ਫੜਦਾ ਗੇਟ
ਸਾਡਾ ਜੀਜਾ ਬੜਾ ਗ੍ਰੇਟ
ਸਾਡਾ ਜੀਜਾ ਬੜਾ ਗ੍ਰੇਟ।



ਦੋ ਤਿੰਨ ਚਾਰ ਅਸੀਂ ਪੰਜ ਨੀ ਭਰਾ
ਜਿਹੜਾ ਚੰਗਾ ਲਗਦਾ ਏ ਉਹਨੂੰ ਹੱਥ ਲਾ
ਨੀ ਤੂੰ ਕਰ ਲੈ ਵਿਆਹ ਨੀ ਤੂੰ ਕਰ ਲੈ ਵਿਆਹ

ਕੋਈ ਨਾ ਤੇਰਾ ਪੰਜਾ ਚੋਂ ਪਸੰਦ ਵੇ ਭਰਾ
ਵਾਰੀ ਵਾਰੀ ਸਭਨਾਂ ਦੇ ਸਿਰ ਚੋਂ ਸੁਆਹ
ਮੈਂ ਨਹੀਂ ਕਰਨਾ ਵਿਆਹ .....।

ਇਕ ਮੇਰੇ ਵੀਰ ਦੀ ਹੱਟੀ ਬੂਟਾ ਦੀ ਏ ਪਾਈ ਨੀ
ਸੈਂਡਲਾਂ ਦੀ ਲੋੜ ਹੈ ਤਾਂ ਕਰ ਕੁੜਮਾਈ ਨੀ
ਜੁੱਤੀਆ ਦੀ ਨਹੀਂ ਤੈਨੂੰ ਰਹਿਣੀ ਪਰਵਾਹ
ਨੀ ਤੂੰ ਕਰ ਲੈ ਵਿਆਹ ਨੀ ਤੂੰ ਕਰ ਲਾ ਵਿਆਹ।

ਇਕ ਮੇਰੇ ਵੀਰ ਵੱਡੇ ਲਾਇਆ ਹੈ ਤੰਦੂਰ ਨੀ
ਤੜਕੇ ਵਾਲੇ ਮਾਂਹ ਉਹਦੇ ਬੜੇ ਮਸ਼ਹੂਰ ਨੀ
ਮੁਰਗਾ ਮੀਟ ਖਾਣਾ ਏ ਤਾਂ ਚੱਕਰ ਚਲਾ
ਨੀ ਤੂੰ ਕਰ ਲੈ ਵਿਆਹ ਨੀ ਤੂੰ ਕਰ ਲੈ ਵਿਆਹ।

ਮੁੜਕੇ ਮੂਹਰੇ ਬੈਠੇਗਾ ਤੰਦੂਰ ਅੱਗੇ ਜੋ ਵੇ
ਉਹਦੇ ਕੋਲੋਂ ਆਵੇਗੀ ਗੋਡੇ ਗੋਡੇ ਬੋ ਵੇ
ਮਰ ਗਿਆ ਦਾ ਫੇਰ ਸਾਰਾ ਲੱਥ ਜਾਣਾ ਚਾਅ ਵੇ
ਮੈਂ ਨੀ ਕਰਨਾ ਵਿਆਹ ਮੈਂ ਨੀ ਕਰਨਾ ਵਿਆਹ।

ਇਕ ਮੇਰਾ ਵੀਰ ਜੋ ਚਲਾਦਾ ਨਿੱਤ ਬੱਸ ਨੀ
ਸੈਰ ਕਰਾਓ ਪੈਜਾ ਉਹਦੇ ਵੱਸ ਨੀ
ਮੋਗੇ ਲੁਧਿਆਣੇ ਭਾਵੇਂ ਚੰਡੀਗੜ੍ਹ ਜਾ
ਨੀ ਤੂੰ ਕਰ ਲੈ ਵਿਆਹ ਨੀ ਤੂੰ ਕਰ ਲੈ ਵਿਆਹ।

ਜਾਣ ਦੇ ਡਰਾਇਵਰਾਂ ਨੂੰ ਲਾਂਭੇ ਜਹੇ ਰੱਖਵੇ
ਸ਼ੀਸ਼ੇ ਵਿਚੋਂ ਪਿਛੇ ਰਹਿੰਦੇ ਕੁੜੀਆਂ ਨੂੰ ਤੱਕਦੇ
ਪਤਾ ਨਹੀਂ ਕਿਹੜੇ ਵੇਲੇ ਟੱਕਰ ਦੇਣ ਲਾ
ਮੈਂ ਨੀ ਕਰਨਾ ਵਿਆਹ ਮੈਂ ਨੀ ਕਰਨਾ ਵਿਆਹ।

ਇਕ ਮੇਰਾ ਨੀ ਹਕੀਮ ਪਰਮਾਨੰਦ
ਉਹ ਹੈ ਬੜਾ ਸੋਹਣਾ ਉਹਨੂੰ ਕਰ ਲੇ ਪਸੰਦ
ਇਕੋ ਉਹਦੀ ਪੁੜੀ ਦੇਵੇ ਰੋਗ ਨੂੰ ਭਜਾ
ਨੀ ਤੂੰ ਕਰਲੈ ਵਿਆਹ ਨੀ ਤੂੰ ਕਰਲੈ ਵਿਆਹ।

ਤੇਰੇ ਪਰਮਾਨੰਦ ਨੂੰ ਮੈਂ ਚੰਗੀ ਤਰ੍ਹਾ ਜਾਣਦੀ
ਖਾ ਲਵੇ ਦਵਾਈ ਜਿਹੜਾ ਉਸ ਬੇਈਮਾਨ ਦੀ
ਪੁੱਛਦਾ ਰਹੇ ਉਹ ਨਰਕਾਂ ਦਾ ਰਾਹ
ਮੈਂ ਨੀ ਕਰਨਾ ਵਿਆਹ ਮੈਂ ਨੀ ਕਰਨਾ ਵਿਆਹ।

ਮੰਨ ਲਿਆ ਗੋਰੀਏ ਤੂੰ ਚੌਧਵੀਂ ਦਾ ਚੰਨ ਨੀ
ਮੇਰੇ ਵੱਲ ਵੇਖ ਮੈਨੂੰ ਕਰ ਲੈ ਪਸੰਦ ਨੀ
ਤੇਰੇ ਪੂਰੇ ਕਰੂੰਗਾ ਸਾਰੇ ਚਾਅ
ਨੀ ਤੂੰ ਕਰਲੈ ਵਿਆਹ ਨੀ ਤੂੰ ਕਰ ਲੈ ਵਿਆਹ

ਸੋਹਣਾ ਤਾਂ ਤੂੰ ਲੱਗਦਾ ਏ ਨਾਲੇ ਮੇਰੇ ਹਾਣ ਦਾ
ਪਰ ਮੈਂ ਤਾਂ ਲੱਭਦੀ ਆ ਫੌਜ਼ ਦਾ ਜਵਾਨ ਵੇ
ਕਰੇਂ ਵੈਰੀ ਨੂੰ ਤਬਾਹ ਤੇਰਾ ਵੇਖਾਂਗੀ ਮੈਂ ਰਾਹ
ਵੇ ਤੂੰ ਛੇਤੀ ਛੇਤੀ ਆ ਆਪਾ ਕਰੀਏ ਵਿਆਹ
ਚਲ ਪੰਡਤ ਮੰਗਾ ਸਾਡਾ ਕਰ ਦੂ ਵਿਆਹ
ਸਾਡਾ ਕਰ ਦੂ ਵਿਆਹ।

ਬੀਬੀਆ ਦਾ ਰਾਜ ਹੈ ਜੀ ਬੀਬੀਆ ਦਾ ਰਾਜ ਹੈ
ਆਦਮੀ ਬੇਕਾਰ ਹੈ ਬਈ ਆਦਮੀ ਬੇਕਾਰ ਹੈ।

ਆਪ ਤਾਂ ਬੀਬੀ ਜੀ ਨੇ ਸਾੜੀ ਲਾਈ ਹੋਈ ਏ
ਬਾਉ ਜੀ ਦੀ ਪੈਂਟ ਉਤੇ ਟਾਕੀ ਲਾਈ ਹੋਈ ਏ
ਟਾਕੀ ਵੱਲ ਵੇਖ ਬਾਬੂ ਰੋਇਆ ਯਾਰੋ ਜ਼ਾਰ ਹੈ
ਬੀਬੀਆ ਦਾ ਰਾਜਾ ਹੈ ਬਈ ਬੀਬੀਆ ਦਾ ਰਾਜ ਹੈ

ਆਪ ਤਾਂ ਬੀਬੀਆ ਜੀ ਨੇ ਜੂੜਾ ਕੀਤਾ ਹੋਇਆ ਏ
ਬਾਉ ਜੀ ਦੀ ਟਿੰਡ ਕਰਾਈ ਹੋਈ ਏ
ਟਿੰਡ ਵੱਲ ਵੇਖ ਬਾਬੂ ਰੋਇਆ ਹੋਈ ਏ
ਟਿੰਡ ਵੱਲ ਵੇਖ ਬਾਬੂ ਰੋਇਆ ਯਾਰੋ ਜ਼ਾਰ ਏ
ਬੀਬੀਆ ਦਾ ਰਾਜ ਹੈ, ਬਈ ਬੀਬੀਆ ਦਾ ਰਾਜ ਹੈ।

ਆਪ ਤਾਂ ਬੀਬੀ ਜੀ ਨੇ ਪੁਰਸ ਫੜਿਆ ਹੋਇਆ ਏ
ਬਾਉ ਜੀ ਦੇ ਮੋਢੇ ਉਤੇ ਕਾਕਾ ਚੜਿਆ ਹੋਇਆ ਏ
ਮੋਢੇ ਵੱਲ ਵੇਖ ਬਾਬੂ ਰੋਇਆ ਯਾਰੋ ਜ਼ਾਰ ਏ
ਬੀਬੀਆ ਦਾ ਰਾਜ ਹੈ ਬਈ ਬੀਬੀਆ ਦਾ ਰਾਜ ਹੈ।

ਸ਼ੂੰ- ਸ਼ਾ- ਸ਼ਾਰਾ- ਰਾ-ਰਾ ਹੋ ਰਹੀ ਸੀ ਰੇਲ ਵਿਚ

ਪਹਿਲੇ ਡੱਬੇ ਵਿਚ ਸੱਸ ਸਹੁਰਾ ਬੈਠੇ ਸੀ
ਸੀਤਾ ਰਾਮ ਰਾਧੇ ਸ਼ਾਮ ਹੋ ਰਹੀ ਸੀ ਰੇਲ ਵਿਚ
ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਦੂਸਰੇ ਡੱਬੇ ਵਿੱਚ ਸੱਸ ਸਹੁਰਾ ਬੈਠੇ ਸੀ
ਇਹ ਨਹੀਂ ਆਇਆ ਉਹ ਨਹੀਂ ਆਇਆ ਹੋ ਰਹੀ ਸੀ ਰੇਲ ਵਿੱਚ
ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਤੀਸਰੇ ਡੱਬੇ ਵਿੱਚ ਜੇਠ ਜਠਾਣੀ ਬੈਠੇ ਸੀ
ਚੁਗਲੀ ਚਾਟੀ ਕਾਨਾਫੂਸੀ ਹੋ ਰਹੀ ਸੀ ਰੇਲ ਵਿੱਚ

ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਚੌਥੇ ਡੱਬੇ ਵਿੱਚ ਵੜਕੇ ਸਾਰੇ ਦਿਉਰ ਬੈਠੇ ਸਨ
ਸ਼ੋਰ ਸ਼ਰਾਬਾ, ਹੱਲਾ ਗੁੱਲਾ ਹੋ ਰਿਹਾ ਸੀ ਰੇਲ ਵਿੱਚ
ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਪੰਜਵੇ ਡੱਬੇ ਵਿਚ ਲਾੜਾ ਲਾੜੀ ਬੈਠੇ ਸੀ
ਆਈ ਲਵ-ਯੂ- ਲਵ-ਯੂ ਹੋ ਰਹੀ ਸੀ ਰੇਲ ਵਿੱਚ
ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਛੇਵੇਂ ਡੱਬੇ ਵਿੱਚ ਸਾਰੇ ਬੱਚੇ ਬੈਠੇ ਸੀ
ਛਾਕਾ ਝਾਕੀ ਮਾਰ ਕੁਟਾਈ ਹੋ ਰਹੀ ਸੀ ਰੇਲ ਵਿਚ
ਸ਼ੂੰ-ਸ਼ਾ-ਸ਼ਾਰਾ-ਰਾ-ਰਾ .....।

ਅੱਧੀ ਰਾਤੀ ਸੁੱਤੀ ਪਈ ਦਾ ਖੜ ਖੜ ਖੜਕਿਆ ਮੰਜਾ,
ਅੱਧੀ ਰਾਤੀ ਸੁੱਤੀ ਪਈ ਦਾ ਖੜ ਖੜ ਖੜਕਿਆ ਮੰਜਾ
ਜਦ ਮੰਜੇ ਦੇ ਥੱਲੇ ਦੇਖਿਆ ਬੈਠਾ ਕੋਈ ਗੰਜਾ
ਨੀ ਇਹ ਗੰਜਾ ਭੰਜਾ ਕੌਣ - ਭਾਬੀ ਦੀਵਾ ਜਗਾ
ਨੀ ਇਹ ਗੰਜਾ ਭੰਜਾ ਕੌਣ - ਭਾਬੀ ਦੀਵਾ ਜਗਾ।

ਮੇਰਾ ਤਾਂ ਮਾਹੀ ਲੰਮਾ ਲੰਮਾ- ਨੀ ਇਹ ਜੋਕਰ ਜਿਹਾ ਕੌਣ
ਭਾਬੀ ਦੀਵਾ ਜਗਾ .....।

ਮੇਰਾ ਤਾਂ ਮਾਹੀ ਤੁਰਲੇ ਵਾਲਾ, ਮੇਰਾ ਤਾਂ ਮਾਹੀ ਤੁਰਲੇ ਵਾਲਾ
ਨੀ ਇਹ ਰੋਡਾ- ਭੋਡਾ ਕੌਣ
ਭਾਬੀ ਦੀਵਾ ਜਗਾ .....।

ਮੇਰਾ ਤਾਂ ਮਾਹੀ ਗੋਰਾ ਚਿੱਟਾ, ਮੇਰਾ ਤਾਂ ਮਾਹੀ ਗੋਰਾ ਚਿੱਟਾ
ਨੀ ਇਹ ਕਾਲਾ ਟਿੱਟਣ ਕੌਣ
ਭਾਬੀ ਦੀਵਾ ਜਗਾ .....।

ਮੇਰਾ ਤਾਂ ਮਾਹੀ ਸੋਹਣੀ ਅੱਖ ਵਾਲਾ, ਮੇਰਾ ਤਾਂ ਮਾਹੀ ਸੋਹਣੀ ਅੱਖ ਵਾਲਾ
ਨੀ ਇਹ ਭੈਂਗਾ ਜਿਹਾ ਕੌਣ

ਭਾਬੀ ਦੀਵਾ ਜਗਾ .....।

ਅੱਧੀ ਰਾਤੀਂ ਸੁੱਤੀ ਪਈ ਦਾ ਖੜ ਖੜ ਖੜਕਿਆ ਮੰਜਾ,
ਅੱਧੀ ਰਾਤੀਂ ਸੁੱਤੀ ਪਈ ਦਾ ਖੜ ਖੜ ਖੜਕਿਆ ਮੰਜਾ
ਜਦ ਮੰਜੇ ਦੇ ਥੱਲੇ ਦੇਖਿਆ ਬੈਠਾ ਕੋਈ ਗੰਜਾ
ਨੀ ਇਹ ਗੰਜਾ ਭੰਜਾ ਕੌਣ - ਭਾਬੀ ਦੀਵਾ ਜਗਾ।

ਮੇਰਾ ਕੁੱਕੂ ਰਾਣਾ ਰੋਂਦਾ ਨੀ ਮੇਰਾ ਕੁੱਕੂ ਰਾਣਾ ਰੋਂਦਾ
ਤੂੰ ਨਾ ਰੋ ਦਾਨਿਆ ਵੇ ਮਾਂ ਦਿਆ ਮਾਲਖ ਜਾਨਿਆ ਵੇ,
ਸਾਡਾ ਕੱਕੂ ਰਾਣਾ ਰੋਂਦਾ .....।

ਮੈਨੂੰ ਚੱਕ ਲੈ ਦਾਦੀ ਨੀ ਨੇੜੇ ਆ ਜਾ ਭੂਆ ਨੀ,
ਤੇਰਾ ਲਾਲ ਦਸੂਹਾ ਨੀ ਫੁੱਫੜ ਖੇਡੇ ਜੂਆ ਨੀ
ਤੈਂ ਤਾਂ ਮਲਿਆ ਬੂਹਾ ਨੀ - ਸਾਡਾ ਕੁੱਕੂ
ਰਾਣਾ ਰੋਂਦਾ, ਰੋਂਦਾ ਰੋਂਦਾ ਰੋਂਦਾ .....।

ਮੈਨੂੰ ਚੱਕ ਲੈ ਨਾਨੀ ਨੀ ਤੇਰੀ ਚੜ੍ਹੀ ਜਵਾਨੀ ਨੀ
ਨੇੜੇ ਆਜਾ ਨਾਨੀ ਨੀ ਤੇਰੀ ਅੱਖ ਮਸਤਾਨੀ ਨੀ
ਮੇਰਾ ਕੁੱਕੂ ਰਾਣਾ ਰੋਂਦਾ, ਰੋਂਦਾ ਰੋਂਦਾ ਰੋਂਦਾ ਨੀ ਮੇਰਾ
ਕੁੱਕੂ ਰਾਣਾ ਰੋਂਦਾ .....।

ਮੈਨੂੰ ਚੱਕ ਲੈ ਮਾਸੀ ਨੀ ਨੇੜੇ ਆ ਜਾ ਮਾਸੀ ਨੀ
ਤੈਨੂੰ ਚੱਕਣ ਮਰਾਸੀ ਨੀ, ਤੂੰ ਤਾਂ ਲਾਈ ਉਦਾਸੀ ਨੀ
ਮੇਰਾ ਕੁੱਕੂ ਰਾਣਾ ਰੋਂਦਾ, ਰੋਂਦਾ ਰੋਂਦਾ ਰੋਂਦਾ ਨੀ ਮੇਰਾ
ਕੁੱਕੂ ਰਾਣਾ ਰੋਂਦਾ .....।

ਮੈਨੂੰ ਚੱਕ ਲੈ ਮਾਮਾ ਵੇ, ਨੇੜੇ ਆਜਾ ਮਾਮਾ ਵੇ,
ਤੇਰਾ ਫਟਿਆ ਪਜਾਮਾ ਵੇ, ਤੂੰ ਤਾਂ ਬਹੁਤਾ ਈ ਕਾਮਾ ਵੇ,
ਸਾਡਾ ਕੁੱਕੂ ਰਾਣਾ ਰੋਂਦਾ ਰੋਂਦਾ ਰੋਂਦਾ .....।

ਪਿਓ ਦੀ ਚੜਿਆ ਗੋਦੀ ਵੇ ਪਿਓ ਦੀ ਨਿੱਘੀ ਗੋਦੀ ਵੇ
ਮਾਂ ਦੀ ਪਟੇ ਬੋਟੀ ਵੇ ਮਾਂ ਤੇਰੀ ਬਹੁਤੀ ਚੰਗੀ ਵੇ
ਸਾਡਾ ਕੁੱਕੂ ਰਾਣਾ ਰੋਂਦਾ ਰੋਂਦਾ ਰੋਂਦਾ

ਨੀ ਮੇਰਾ ਕੁੱਕੂ ਰਾਣਾ ਰੋਂਦਾ .....।

ਹਾਏ ਵੇ ਮੀਆਂ ਮਿਰਜਾ ਲੱਗੀਆਂ ਨਾ ਤੋੜ ਵੇ

ਹਾਏ ਵੇ ਮੀਆਂ ਮਿਰਜਾ ਲੱਗੀਆਂ ਨਾ ਤੋੜ ਵੇ।

ਕੁੜਤਾ ਤਾਂ ਤੇਰਾ ਸਜਦਾ ਬਟਨਾਂ ਦੇ ਜ਼ੋਰ ਵੇ,
ਸੋਹਣਿਆ ਵੇ ਕੁੜਤਾ ਤਾਂ ਤੇਰਾ ਸਜਦਾ ਬਟਨਾਂ ਦੇ ਜ਼ੋਰ ਵੇ,
ਹਾਏ ਵੇ ਮੀਆ ਮਿਰਜਾ .....।

ਸਾਫਾ ਤਾਂ ਤੇਰਾ ਸਜਦਾ ਤੁਰਲੇ ਦੇ ਜੋਰ ਵੇ
ਜੀ ਸੋਹਣਿਆ ਸਾਫਾ ਤਾਂ ਤੇਰਾ ਸਜਦਾ ਸੰਦਲੀ ਰੰਗ ਦੇ ਜੋਰ ਵੇ,
ਹਾਏ ਵੇ ਮੀਆਂ ਮਿਰਜਾਂ.....।

ਜੋੜਾ ਤਾਂ ਤੇਰਾ ਸਜਦਾ ਤਿਲੇ ਦੇ ਜ਼ੋਰ ਵੇ
ਜੀ ਸੋਹਣਿਆ ਜੋੜਾ ਤਾਂ ਤੇਰਾ ਸਜਦਾ ਨੋਕਾ ਦੇ ਜ਼ੋਰ ਵੇ
ਹਾਏ ਵੇ ਮੀਆਂ ਮਿਰਜਾਂ .....।

ਚਾਂਦਰਾ ਤਾਂ ਤੇਰਾ ਸਜਦਾ ਕੰਨੀ ਦੇ ਜ਼ੋਰ ਵੇ,
ਕੰਨੀ ਤੇ ਲੱਗੇ ਸਤਾਰੇ ਸੋਹਣੇ ਢੇਰ ਵੇ,
ਹਾਏ ਵੇ ਮੀਆ ਮਿਰਜ਼ਾ .....।

ਮੇਰੀ ਨਿੱਕੀ ਜਿਹੀ ਜੁਗਨੀ – ਹਈ ਸ਼ਾਵਾ

ਨੀ ਸਈਓ ਮੇਰੇ ਦਿਲ ਦੀ ਧੜਕਣ – ਹਈ ਸ਼ਾਵਾ
ਨੀ ਮੇਰੀ ਗਰਦਨ ਦਾ ਸ਼ਿੰਗਾਰ – ਹਈ ਸ਼ਾਵਾ
ਕਿਸੇ ਲੱਭੀ ਐ ਤਾਂ ਦੇ ਦਿਓ – ਹਈ ਸ਼ਾਵਾ
ਨੀ ਕਿਸੇ ਦੇਖੀ ਐ ਤਾਂ ਦਸ ਦਿਓ – ਹਈ ਸ਼ਾਵਾ।

ਨੀ ਮੈਂ ਲੱਭਾ ਗਲੀ ਬਾਜ਼ਾਰ – ਹਈ ਸ਼ਾਵਾ
ਨੀ ਮੈਂ ਘਰ ਟੋਲਿਆ ਬਾਰੋ ਬਾਰ – ਹਈ ਸ਼ਾਵਾ
ਮੇਰੇ ਮਾਹੀ ਨੇ ਲਿਆਂਦੀ ਮੇਰਾ ਸ਼ਿੰਗਾਰ – ਹਈ ਸ਼ਾਵਾ
ਨੀ ਮੈਂ ਕਿੱਥੋਂ ਲਭਾ ਹੁਣ ਮੈਂ ਗਈ ਹਾਰ – ਹਈ ਸ਼ਾਵਾ।

ਇਹ ਜੁਗਨੀ ਮੈਂ ਸੱਸ ਨੂੰ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਨਣਾਨ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਦਰਾਣੀ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਜਠਾਣੀ ਨੂੰ ਪੁੱਛੀ – ਹਈ ਸ਼ਾਵਾ
ਕਿਸੇ ਨਾ ਦਿੱਤੀ ਸਾਰ – ਹਈ ਸ਼ਾਵਾ।

ਇਹ ਜੁਗਨੀ ਮੈਂ ਸਹੁਰੇ ਤੋਂ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਜੇਠ ਤੋਂ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਦਿਉਰ ਤੋਂ ਪੁੱਛੀ – ਹਈ ਸ਼ਾਵਾ
ਇਹ ਜੁਗਨੀ ਮੈਂ ਗੁਆਂਢੀਆਂ ਤੋਂ ਪੁੱਛੀ – ਹਈ ਸ਼ਾਵਾ।

ਨੀ ਮੈਂ ਜੁਗਨੀ ਲੱਭੀ ਸ਼ਹਿਰ ਬਜ਼ਾਰ – ਹਈ ਸ਼ਾਵਾ
ਨੀ ਹੁਣ ਕੀਹਨੂੰ ਪੁੱਛਾ ਕੀਹਨੂੰ ਦਸਾਂ – ਹਈ ਸ਼ਾਵਾ
ਜ਼ੁਗਨੀ ਮੇਰੀ ਸੀ, ਮਾਹੀ ਨੇ ਲਿਆਂਦੀ ਸੀ – ਹਈ ਸ਼ਾਵਾ
ਮੈਨੂੰ ਦਿਓ ਵਧਾਈਆਂ ਨੀ
ਜੁਗਨੀ ਲੱਭ ਪਈ ਆ
ਮੈਨੂੰ ਦੇਓ ਵਧਾਈਆਂ ਨੀ।

ਕੈਠੇ ਬੁਗਤੀ ਦਾ ਜੋੜ ਦੋਵਾ ਦਾ ਜਰੁੱਟ ਰੱਖੀਏ
ਸੱਸੀ ਨਣਦੀ ਦੇ ਬੋਲ, ਸਹੁਰਾ ਜੀ ਨੂੰ ਨਾ ਦੱਸੀਏ
ਆ ਜਾ ਬਹਿ ਜਾ ਵੇ ਸਿਪਾਹੀਆ ਸਾਡੇ ਕੋਲ, ਤੇ ਮਨ ਖੁਸ ਰੱਖੀਏ।

ਕਾਂਟੇ ਵਾਲੀ ਦਾ ਜੋੜ, ਦੋਵਾ ਦਾ ਜਰੁੱਟ ਰੱਖੀਏ
ਸੱਸੀ ਨਣਦੇ ਦੇ ਬੋਲ ਸਹੁਰਾ ਜੀ ਨੂੰ ਨਾ ਦੱਸੀਏ
ਆਜਾ ਬਹਿ ਜਾ ਵੇ ਸਿਪਾਹੀਆ ਸਾਡੇ ਕੋਲ ਤੇਰਾ ਮਨ ਖੁਸ਼ ਰੱਖੀਏ।

ਦੌਣੀ ਟਿੱਕੇ ਦਾ ਜੋੜ, ਦੋਵਾ ਦਾ ਜਰੁੱਟ ਰੱਖੀਏ
ਸੱਸੀ ਨਣਦੇ ਦੇ ਬੋਲ, ਸਹੁਰਾ ਜੀ ਨੂੰ ਨਾ ਦੱਸੀਏ
ਆਜਾ ਬਹਿ ਜਾ ਵੇ ਸਿਪਾਹੀਆ ਸਾਡੇ ਕੋਲ ਤੇਰਾ ਮਨ ਖੁਸ਼ ਰੱਖੀਏ।

ਬਾਰੀ ਦੇ ਵਿੱਚ ਖਲੋਤੀਏ, ਨੀ ਨਾਜੋ ਗੋਰੀਏ
ਕਾਂਟਿਆ ਦਾ ਦੇ ਜਾ ਨੀ ਦੀਦਾਰ, ਠਾਣੇਦਾਰ ਤਰਸ ਰਿਹਾ

ਕਾਂਟਿਆ ਦਾ ਦੇਵਾ ਨਾ ਦੀਦਾਰ ਸੁਣ ਵੇ ਮੁੰਡਿਆ ਠਾਣੇਦਾਰਾ
ਤੈਥੋਂ ਚੰਗਾ ਸਾਡਾ ਲਾਲ ਜਾਂਦਾ ਹੋਇਆ ਵਰਜ ਗਿਆ।

ਸਾੜੀ ਦੇ ਵਿੱਚ ਨੀ ਖਲੋਤੀਏ ਨੀ ਨਾਜੋ ਗੋਰੀਏ
ਕੈਂਠੀ ਦਾ ਦੇ ਜਾ ਨੀ ਦੀਦਾਰ ਠਾਣੇਦਾਰ ਤਰਸ ਰਿਹਾ
ਕੈਂਠੀ ਦਾ ਦੇਵਾ ਨਾ ਦੀਦਾਰ ਸੁਣ ਵੇ ਮੁੰਡਿਆ ਠਾਣੇਦਾਰਾ
ਤੈਥੋਂ ਚੰਗੇਰਾ ਸਾਡਾ ਲਾਲ, ਜਾਂਦਾ ਹੋਇਆ ਵਰਜ ਗਿਆ।

ਬਾਰੀ ਦੇ ਵਿਚ ਨੀ ਖਲੋਤੀਏ ਨੀ ਨਾਜੋ ਗੋਰੀਏ
ਕੋਕੇ ਦਾ ਦੇ ਜਾ ਨੀ ਦੀਦਾਰ ਠਾਣੇਦਾਰ ਤਰਸ ਰਿਹਾ
ਕੋਕੇ ਦਾ ਦੇਵਾ ਨਾ ਦੀਦਾਰ ਸੁਣ ਵੇ ਮੁੰਡਿਆ ਠਾਣੇਦਾਰਾ
ਤੈਥੋਂ ਚੰਗੇਰਾ ਸਾਡਾ ਲਾਲ ਜਾਂਦਾ ਹੋਇਆ ਵਰਜ ਗਿਆ।

ਮੈਨੂੰ ਪੈਸੇ ਭੇਜੀ ਵੇ ਰਾਂਝਣਾ ਮਾਂ ਭੈਣ ਤੋਂ ਚੋਰੀ
ਤੈਨੂੰ ਸਾਂਭਣੇ ਨਹੀਂ ਆਉਣੇ ਨੀ ਗੋਰੀਏ ਸਾਂਭ ਲਉ ਕੋਈ ਹੋਰੀ
ਮੈਂ ਸਾਂਭਣੇ ਸਿਖ ਗਈ ਵੇ ਰਾਂਝਣਾ ਚੂਹਿਆ ਵਾਲੀ ਮੋਰੀ
ਜਦ ਕੱਢਣ ਲੱਗੀ ਵੇ ਰਾਂਝਣਾ ਚੂਹੇ ਉਂਗਲੀ ਮਰੋੜੀ।

ਮੈਨੂੰ ਪੈਸੇ ਭੇਜੀ ਵੇ ਰਾਂਝਣਾ ਵੀਰ ਭਾਬੋ ਤੋਂ ਚੋਰੀ
ਤੈਨੂੰ ਸਾਂਭਣੇ ਨਹੀਂ ਆਉਣੇ ਨੀ ਗੋਰੀਏ ਸਾਂਭ ਲਉ ਕੋਈ ਹੋਰੀ
ਮੈਂ ਸਾਂਭਣੇ ਸਿਖ ਗਈ ਵੇ ਰਾਂਝਣਾ ਚੂਹਿਆ ਵਾਲੀ ਮੋਰੀ
ਜਦ ਕੱਢਣ ਲੱਗੀ ਵੇ ਰਾਂਝਣਾ ਚੂਹੇ ਉਂਗਲੀ ਮਰੋੜੀ।

ਮੈਨੂੰ ਪੈਸੇ ਭੇਜੀ ਵੇ ਰਾਂਝਣਾ ਸੱਸ ਸਹੁਰੇ ਤੋ ਚੋਰੀ
ਤੈਨੂੰ ਸਾਂਭਣੇ ਨਹੀਂ ਆਉਣੇ ਨੀ ਗੋਰੀਏ ਸਾਂਭ ਲਉ ਕੋਈ ਹੋਰੀ
ਮੈਂ ਸਾਂਭਣੇ ਸਿਖ ਗਈ ਵੇ ਰਾਂਝਣਾ ਚੂਹਿਆ ਵਾਲੀ ਮੋਰੀ
ਜਦ ਕੱਢਣ ਲੱਗੀ ਵੇ ਰਾਂਝਣਾ ਚੂਹੇ ਉਂਗਲੀ ਮਰੋੜੀ।

ਉੱਡੀ ਉੱਡੀ ਵੇ ਕਾਲਿਆਂ ਕਾਂਵਾ ਵੇ
ਜਾਵੀ ਮਾਹੀ ਦੇ ਕੋਲ ਢੋਲ ਮੇਰਾ
ਜਾ ਜਾ ਆਖੀ ਮਾਹੀ ਮੇਰੇ ਨੂੰ ਵੇ
ਘਰ ਪੱਖੀ ਦੀ ਲੋੜ ਢੋਲ ਮੇਰਾ

ਪੱਖੀ ਭੇਜੂ ਕਸ਼ਮੀਰੀ ਨੀ
ਵਰਤੀ ਅਕਲਾਂ ਦੇ ਜੋਰ ਨਾਰ ਮੇਰੀ
ਸਾਨੂੰ ਤਾਂ ਨਹੀਂ ਵੇ ਅਕਲਾ ਵੇ
ਅਕਲਾਂ ਲੈ ਆਈ ਨਾਲ ਢੋਲ ਮੇਰਾ।

ਲਿਖ ਲਿਖ ਚਿਠੀਆਂ ਪਾਵਾ ਵੇ
ਘਰ ਦੰਮਾ ਦੀ ਲੋੜ ਢੋਲ ਮੇਰਾ
ਦੰਮ ਭੇਜੂੰ ਬਥੇਰੇ ਨੀ ਵਰਤੀ
ਅਕਲਾਂ ਦੇ ਜੋਰ ਨਾਰ ਮੇਰੀ
ਕੁਛੜ ਬਾਲ ਅੰਝਾਣਾਂ ਵੇ
ਗਰਮੀ ਪਾਇਆ ਈ ਜੋਰ ਢੋਲ ਮੇਰਾ।
ਲੈ ਪੱਖੀ ਬੈਠੀ ਪੀਹੜੇ ਵੇ
ਸੱਸੂ ਮਾਰੇ ਨੇ ਬੋਲ ਢੋਲ ਮੇਰਾ
ਪੱਖੀ ਸੁੱਟਾਂ ਪਿਛਵਾੜੇ
ਡੰਡੀ ਰੱਖਣੀ ਆ ਕੋਲ ਢੋਲ ਮੇਰਾ
ਲੈ ਲੈ ਸੱਸੂ ਪੱਖੀ ਸਾਂਭ ਲੈ ਨੀ
ਮਾਹੀ ਭੇਜੂਗਾ ਹੋਰ ਢੋਲ ਮੇਰਾ
ਆਉਦੇਂ ਮਾਹੀ ਨੂੰ ਸਿਖਾਵਾਂ ਵੇ
ਮਾਉਂ ਨਾਲ ਨਾ ਬੋਲ ਢੋਲ ਮੇਰਾ
ਤੈਨੂੰ ਕਿਵੇਂ ਸਮਝਾਵਾਂ ਨੀ
ਮਾਵਾ ਪੁੱਤਰਾਂ ਦੇ ਜੋਰ ਨਾਰ ਮੇਰੀ
ਉੱਡੀ ਉੱਡੀ ਵੇ ਕਾਲਿਆ ਕਾਂਵਾ ਵੇ
ਜਾਵੀਂ ਮਾਹੀ ਦੇ ਕੋਲ ਢੋਲ ਮੇਰਾ।

ਆ ਵਣਜਾਰਿਆ ਵੰਗਾਂ ਵਾਲਿਆ, ਕਿੱਥੇ ਕੁ ਤੇਰੇ ਘਰ ਵੇ

ਵੰਗਾਂ ਬਲੌਰੀ ਚਾੜ੍ਹ ਦੇ ਮੇਰੇ, ਪੈਸੇ ਪਹਿਲਾ ਫੜ ਵੇ
ਭੀੜੀ ਵੰਗ ਬਚਾਕੇ ਚਾੜੀ ਮੈਂ ਜਾਉਗੀ ਮਰ ਵੇ।
ਮਾਰਕੇ ਹੋਕਾ ਕਰ ਲੇ 'ਕੱਠੀਆਂ ਕਿਉਂ ਫਿਰਦੇ ਦਰ ਦਰ ਵੇ
ਛੱਲੇ ਛਾਪਾ ਲੌਂਗ ਆਰਸੀ, ਸਭਨਾਂ ਦਾ ਮੁੱਲ ਕਰ ਵੇ
ਤੀਆਂ ਦੇ ਦਿਨ ਥੋੜੇ ਰਹਿ ਗਏ ਜਾਣਾ ਸਹੁਰੇ ਘਰ ਵੇ
ਸੱਸ ਕੁਪੱਤੀ ਮੇਹਣੇ ਮਾਰੇ ਨਣਦ ਪੈਦੀ ਆ ਲੜ ਵੇ
ਲੱਖ ਦਾਤੇ ਦਾ ਰੋਟ ਪਕਾਕੇ, ਸੁਖਣਾ ਆਂਟੀਆਂ ਵਰ ਵੇ

ਹੈਦਰ ਸੇਖ ਦੀਆਂ ਭਰਕੇ ਚੌਕੀਆਂ, ਨ੍ਹਾਤੀ ਅੰਬਰਸਰ ਵੇ
ਸਾਰੀਆਂ ਗਲਾਂ ਦੀ ਜੜ੍ਹ ਵੱਢਕੇ, ਪਾ ਲਿਆ ਗਾਤਰਾ ਗਲ ਵੇ
ਕਾਲਣ ਮੈਂ ਬਣ ਗਈ ਹੁਣ ਨਾ ਕਿਸੇ ਦਾ ਡਰ ਵੇ।



ਸਾਡੀ ਬਾਰੀ ਦੇ ਨਾਲ ਸਲਾਈਆਂ ਨੇ
ਚੀਰੇ ਵਾਲੇ ਨੇ ਅੱਖੀਆਂ ਲਾਈਆਂ ਨੇ
ਇਨ੍ਹਾ ਅੱਖੀਆਂ ਤੋਂ ਮੇਰਾ ਮਨ ਡੋਲੇ
ਮੈਂ ਬੁਲਾ ਰਹੀਆਂ ਪੀਆ ਨਾ ਬੋਲੇ
ਪੀਆ ਦਿਲਾਂ ਦੀਆਂ ਘੁੰਡੀਆਂ ਨਾ ਖੋਹਲੇ।

ਸਾਡੀ ਬਾਰੀ ਦੇ ਨਾਲ ਤਕਲਾ ਏ
ਨਾਲੇ ਸੋਹਣਾ ਤੇ ਨਾਲੇ ਮਾਹੀ ਪਤਲਾ ਏ
ਇਸ ਪਤਲੇ ਤੋਂ ਮੇਰਾ ਮਨ ਡੋਲੇ
ਮੈਂ ਬੁਲਾ ਰਹੀਆ ਪੀਆ ਨਾ ਬੋਲੇ
ਪੀਆ ਦਿਲਾ ਵਾਲੀ ਘੁੰਡੀਆਂ ਨਾ ਖੋਹਲੇ।

ਸਾਡੀ ਬਾਰੀ ਦੇ ਨਾਲ ਬਨੇਰਾ ਏ
ਚੀਰੇ ਵਾਲੇ ਦਾ ਪੰਜਵਾਂ ਫੇਰਾ ਏ
ਇਸ ਫੇਰੇ ਤੋਂ ਮੇਰਾ ਮਨ ਡੋਲੇ
ਮੈਂ ਬੁਲਾ ਰਹੀ ਆ ਪੀਆ ਨਾ ਬੋਲੇ
ਪੀਆ ਦਿਲਾਂ ਵਾਲੀ ਘੁੰਡੀਆਂ ਨਾ ਖੋਹਲੇ।

ਸਾਡੀ ਬਾਰੀ 'ਚ ਖੰਡ ਪਈ ਤੁਲਦੀ ਏ
ਆਪ ਨੌਕਰ ਤੇ ਰੰਨ ਪਈ ਰੁਲਦੀ ਏ
ਏਸ ਨੌਕਰੀ ਤੋਂ ਮੇਰਾ ਮਨ ਡੋਲੇ
ਮੈਂ ਬੁਲਾ ਰਹੀ ਆ ਪੀਆ ਨਾ ਬੋਲੇ
ਪੀਆ ਦਿਲਾਂ ਵਾਲੀ ਘੁੰਡੀਆਂ ਨਾ ਖੋਹਲੇ।



ਉੱਚੀ ਟਾਹਲੀ ਤੇ ਹੇਠ ਬਰੇਤੀ
ਪਾਣੀ ਨੀਵੇਂ ਨੂੰ ਜਾਵੇ
ਇਹ ਤੇ ਪਾਣੀ ਸਾਡੀ ਮੱਝੀਆਂ ਨੇ ਪੀਣਾ
ਆਸ਼ਕ ਮਰਨ ਤਿਹਾਏ

ਲੰਮੀ ਲੰਮੀ ਰਾਤ ਤੇ ਪਿਛਲਾ ਪਹਿਰ
ਮੈਂ ਤੈਨੂੰ ਵਰਜ ਰਹੀ
ਟਾਹਣੀ ਟਾਹਣੀ ਤੇ ਨਾਗ ਮੇਲ੍ਹੇ
ਮਤ ਡੰਗ ਮਾਰੇ ਵੇ ਤੈਨੂੰ
ਮਾਪਿਆਂ ਤਾਂ ਤੇਰਿਆ ਦਾ ਕੁਝ ਨਹੀਓਂ ਜਾਣਾ
ਬਾਲ ਵਿਛੋੜਾ ਮੈਨੂੰ
ਮਾਪਿਆ ਤਾਂ ਮੇਰਿਆ ਨੂੰ ਪੁੱਤ ਨਹੀਓਂ ਮਿਲਣਾ
ਕੰਤ ਬਥੇਰੇ ਨੀ ਤੈਨੂੰ

ਕਾਲੀਆਂ ਰਾਤਾਂ ਤੇ ਵਗਦੀਆਂ ਨਦੀਆਂ
ਮੈਂ ਤੈਨੂੰ ਵਰਜ ਰਹੀ
ਟਾਹਣੀ ਟਾਹਣੀ ਨਾਗ ਜੋ ਮੇਲ੍ਹੇ
ਮਤ ਡੰਗ ਮਾਰੇ ਵੇ ਤੇਨੂੰ
ਮਾਪਿਆਂ ਤਾਂ ਤੇਰਿਆ ਦਾ ਕੁਝ ਨਹੀਓਂ ਜਾਣਾ
ਬਾਲ ਵਿਛੋੜਾ ਮੈਨੂੰ
ਮਾਪਿਆ ਤਾਂ ਮੇਰਿਆ ਨੂੰ ਪੁੱਤ ਨਹੀਓਂ ਮਿਲਣਾ
ਕੰਤ ਬਥੇਰੇ ਨੀ ਤੈਨੂੰ

ਵੱਡੜੇ ਵੇਲੇ ਬਰਸਣ ਕਣੀਆਂ
ਮੈ ਤੈਨੂੰ ਵਰਜ ਰਹੀ
ਟਾਹਣੀ ਟਾਹਣੀ ਨਾਗ ਜੋ ਮੇਲ੍ਹੇ
ਮਤ ਡੰਗ ਮਾਰੇ ਵੇ ਤੇਨ
ਮਾਪਿਆਂ ਤਾਂ ਤੇਰਿਆ ਦਾ ਕੁਝ ਨਹੀਓਂ ਜਾਣਾ
ਬਾਲ ਵਿਛੋੜਾ ਮੈਨੂੰ
ਮਾਪਿਆ ਤਾਂ ਮੇਰਿਆ ਨੂੰ ਪੁੱਤ ਨਹੀਓਂ ਮਿਲਣਾ
ਕੰਤ ਬਥੇਰੇ ਨੀ ਤੈਨੂੰ

ਨੂਰਪੁਰੇ ਤੋਂ ਮਾਏ ਫੌਜਾਂ ਨੀ ਆਈਆਂ
ਵਿਚ ਮੇਰਾ ਮਾਹੀ ਨੀ ਮਾਏ
ਮਾਏ ਮਾਝੇ ਜਾਣਾ
ਧੀਏ ਨੀ ਉਹ ਗੁਜਰ ਬੇਟਾ
ਤੂੰ ਤਾਂ ਰਾਜੇ ਦੀ ਜਾਈ

ਤੇਰਾ ਉਹਦਾ ਸੰਜੋਗ ਨਾ
ਧੀਏ ਕਾਹਤੋ ਜਾਣਾ

ਮਾਏ ਨੀ ਉਹ ਰਾਜੇ ਬੇਟਾ
ਮੈਂ ਤਾਂ ਗੁਜਰ ਜਾਈ
ਮੇਰਾ ਉਹਦਾ ਸੰਜੋਗ ਮਾਏ
ਮਾਏ ਮਾੜਾ ਮੁਲਕ ਚੰਬੇਲਾ
ਮਾਏ ਮਾਝੇ ਜਾਣਾ।

ਧੀਏ ਨੀ ਚਹੁੰ ਕੂੰਟਾ ਦਾ ਰਾਜਾ
ਤੇਰਾ ਬਾਬਲ ਸੁਣੀ ਦਾ
ਇਕ ਕੂੰਟ ਦੇ ਉਗਾ ਸੰਭਾਲ ਧੀਏ
ਧੀਏ ਕਾਹਨੂੰ ਜਾਣਾ
ਮਾਏ ਬਾਬਲ ਦੀ ਕੂੰਟ ਮੈਂ
ਕਦੀਓ ਨਾ ਲੈਦੀ
ਮਾਏ ਮਾਝਾ ਮੁਲਕ ਚੰਬੇਲਾ
ਮਾਏ ਮਾਝੇ ਜਾਣਾ
ਧੀਏ ਨੀ ਤੇਰੇ ਪੰਜ ਵੀਰੇ
ਤੇ ਪੰਜ ਭਰਜਾਈਆ
ਬੈਠੀ ਹੁਕਮ ਚਲਾ ਨੀ ਧੀਏ
ਕਾਹਨੂੰ ਜਾਣਾ
ਮਾਏ ਮਾਝਾ ਮੁਲਕ ਚੰਬੇਲਾ
ਮਾਏ ਮਾਝੇ ਜਾਣਾ
ਮਾਏ ਜੁਗ ਜੀਵਨ ਵੀਰੇ
ਤੇ ਜੁਗ ਜੀਵਨ ਭਰਜਾਈਆ
ਮਾਏ ਮਾਝਾ ਮੁਲਕ ਚੰਬੇਲਾ
ਮਾਏ ਮਾਝੇ ਜਾਣਾ
ਧੀਏ ਨੀ ਪਿੜ ਪਈਆਂ ਪੂਣੀਆਂ
ਪਿੜ ਭਹੇ ਜੋਟੇ
ਤ੍ਰਿੰਝਣਾ 'ਚ ਕੱਤਣ ਜਾ ਧੀਏ
ਧੀਏ ਕਾਹਨੂੰ ਜਾਣਾ
ਮਾਏ ਅੱਗ ਲੰਗੇ ਪੂਣੀਆਂ
ਤੇ ਅੱਗ ਲੱਗੇ ਜੋਟੇ
ਮਾਏ ਮਾਝਾ ਮੁਲਕ ਚੰਬੇਲਾ

ਮਾਏ ਮਾਝੇ ਜਾਣਾ
ਧੀਏ ਨੀ ਤੇਰਾ ਵੀਰ ਖੂੰਨੀ ਸੁਣੀਦਾ
ਦੇਉਗਾ ਜਾਨੋ ਮੁਕਾ ਨੀ
ਧੀਏ ਕਾਹਨੂੰ ਜਾਣਾ
ਮਾਏ ਨੀ ਵੀਰੇ ਦੀ ਮਾਰੀ
ਮੈਂ ਕਦੀਓ ਨਾ ਮਰਦੀ
ਆਈ ਮੌਤ ਮਰ ਜਾਵਾ
ਮਾਏ ਮਾਝੇ ਜਾਣਾ।

ਜੇ ਤੁਰ ਚੱਲੇ ਪ੍ਰਦੇਸ ਜਾਣ ਨਾ ਦੇਨੀ ਆ
ਨੀਲੇ ਘੋੜੇ ਦੀ ਵਾਂਗ ਮੈਂ ਫੜ ਲੈਨੀ ਆ
ਗਲ ਵਿਚ ਖੁੱਲੇ ਕੇਸ ਅਰਜ ਕਰੇਨੀ ਆ
ਗਲ ਵਚ ਖੁੱਲੇ ਕੇਸ ਮਿੰਨਤਾਂ ਕਰੇਨੀ ਆ।

ਜੇ ਤੁਰ ਚੱਲੇ ਪ੍ਰਦੇਸ਼ ਨੀ ਗੋਰੀਏ ਆਪਣਾ ਦਿਲ ਧਰੀ।
ਪਿੱਛੇ ਤੇ ਸ਼ਾਹੀ ਚਰਖਾ ਲਾਲ ਅੱਗੇ ਬਾਲੀ ਕੰਧ ਕਰੀ।
ਕੰਧ ਨੂੰ ਖਾ ਗਿਆ ਕਲੱਰ ਵੇ ਬਾਨੀ ਕੰਧ ਢਹਿ ਪਈ।
ਚਰਖੇ ਨੂੰ ਖਾ ਗਿਆ ਘੁਣ ਤੜਕ ਗੁੱਝ ਟੁੱਟ ਗਈ।

ਕੌਣ ਤੇ ਪਾਵੇ ਚਰਖੇ ਗੁੱਝ ਤੇ ਕੌਣ ਬਾਲੀ ਕੰਧ ਧਰੇ?
ਕੌਣ ਤੇ ਬਹੇ ਸਾਡੇ ਕੋਲ ਤੇ ਕੌਣ ਸਾਡਾ ਦਿਲ ਧਰੇ?
ਦੇਵਰ ਤਾਂ ਪਾਵੇ ਚਰਖੇ ਗੁੱਝ ਸਹੁਰਾ ਬਾਨੀ ਕੰਧ ਧਰੇ
ਸੱਸੂ ਤਾਂ ਬਹੇ ਤੇਰੇ ਕੋਲ ਨਣਦ ਤੇਰਾ ਦਿਲ ਧਰੇ

ਜੇ ਤੁਰ ਚੱਲੇ ਪ੍ਰਦੇਸ਼ ਜਾਣ ਨਾ ਦੇਨੀ ਆ
ਨੀਲੇ ਘੋੜੇ ਦੀ ਵਾਂਗ ਮੈ ਫੜ ਲੈਨੀ ਆ
ਗਲ ਵਿੱਚ ਖੁੱਲੇ ਕੇਸ ਅਰਜ ਕਰੇਨੀ ਆ
ਗਲ ਵਿੱਚ ਖੁੱਲੇ ਕੇਸ ਮਿੰਨਤਾਂ ਕਰੇਨੀ ਆ।

ਕੈਠਾਂ ਤੈਨੂੰ ਵੇ ਫਬਦਾ ਕਲਗੀ ਲਵੇ ਵੇ ਹੁਲਾਰੇ
ਉਡਣ ਖਟੋਲੇ ਦਿਆ ਜੰਮਿਆ
ਹੀਰ ਜੰਮੀ ਸ਼ਹਿਰ ਪਟਿਆਲੇ

ਵੇ ਏਥੇ ਮੇਰਾ ਜੀ ਨਹੀਂ ਲੱਗਦਾ
ਲੈ ਚੱਲ ਆਪਣੇ ਨਾਲੇ।

ਕੁੜਤਾ ਤੈਨੂੰ ਵੇ ਫਬਦਾ ਬਟਨ ਲੈਣ ਵੇ ਹੁਲਾਰੇ
ਉਡਣ ਖਟੋਲੇ ਦਿਆ ਜੰਮਿਆ
ਹੀਰ ਜੰਮੀ ਸ਼ਹਿਰ ਪਟਿਆਲੇ
ਵੇ ਏਥੇ ਮੇਰਾ ਜੀ ਨਹੀਂ ਲੱਗਦਾ
ਲੈ ਚੱਲ ਆਪਣੇ ਨਾਲੇ।

ਘੋੜਾ ਤੈਨੂੰ ਵੇ ਫਬਦਾ ਕਾਠੀ ਲਵੇ ਵੇ ਹੁਲਾਰੇ
ਉਡਣ ਖਟੋਲੇ ਦਿਆ ਜੰਮਿਆ
ਹੀਰ ਜੰਮੀ ਸ਼ਹਿਰ ਪਟਿਆਲੇ
ਵੇ ਏਥੇ ਮੇਰਾ ਜੀ ਨਹੀਂ ਲੱਗਦਾ
ਲੈ ਚੱਲ ਆਪਣੇ ਨਾਲੇ।

ਚੀਰਾ ਤੈਨੂੰ ਵੇ ਫਬਦਾ ਜੋੜਾ ਲਵੇ ਵੇ ਹੁਲਾਰੇ
ਉਡਣ ਖਟੋਲੇ ਦਿਆ ਜੰਮਿਆ
ਹੀਰ ਜੰਮੀ ਸ਼ਹਿਰ ਪਟਿਆਲੇ
ਵੇ ਏਥੇ ਮੇਰਾ ਜੀ ਨਹੀਂ ਲੱਗਦਾ
ਲੈ ਚੱਲ ਆਪਣੇ ਨਾਲੇ।

ਮੈਂ ਕਾਂਟੇ ਘੜਾਏ ਤੋਲੇ ਦੇ ਕਾਂਟੇ ਫੱਬ ਵੇ ਗਏ

ਮੇਰਾ ਵੇਖਣ ਵਾਲਾ ਮਾਹੀ ਨੀ ਤੁਰ ਪ੍ਰਦੇਸ਼ ਗਿਆ
ਇਕ ਛੈਲ ਕੁੜੀ ਮੁਟਿਆਰ ਉਹਨੇ ਗਲੀ ਲਾ ਨੀ ਲਿਆ
ਗਲੀਆਂ ਚ ਫਿਰੇ ਅਣਜਾਣ ਮੇਰੀ ਨਜ਼ਰੀ ਪੈ ਨੀ ਗਿਆ
ਸਾਡੇ ਵਿਹੜੇ ਅੰਬਾ ਬੂਟੇ ਚਾਰ, ਇਕ ਅੰਬ ਰਸ ਨੀ ਗਿਆ
ਇਕ ਛੈਲ ਕੁੜੀ ਮੁਟਿਆਰ ਉਹਦੇ ਨਾਲ ਹੱਸ ਨੀ ਗਿਆ
ਮੈਨੂੰ ਬੰਦ ਵੇ ਘੜਾਏ ਤੋਲੇ ਚਾਰ ਬੰਦ ਸਾਨੂੰ ਫੱਬ ਵੇ ਜਾਣੇ
ਮੇਰਾ ਮਾਹੀ ਪ੍ਰਦੇਸ਼ ਗਿਆ ਮੇਰੇ ਵੱਜਣ ਕਾਲਜੇ ਛੁਰੀਆ
ਇਕ ਛੈਲ ਕੁੜੀ ਮੁਟਿਆਰ ਉਹਨੇ ਗਲੀ ਲਾ ਨੀ ਲਿਆ
ਗਲੀਆਂ ਚ ਫਿਰੇ ਅਣਜਾਣ ਮੇਰੀ ਨਜ਼ਰੀ ਪੈ ਨੀ ਗਿਆ
ਸਾਡੇ ਵਿਹੜੇ ਅਨਾਰ ਬੂਟੇ ਚਾਰ ਫਲ ਸਾਰਾ ਰੁੜ ਨੀ ਗਿਆ
ਇਕ ਛੈਲ ਕੁੜੀ ਮੁਟਿਆਰ ਉਹਦੇ ਨਾਲ ਤੁਰ ਨੀ ਗਿਆ

ਮੂਰਖ ਢੋਲਾ ਅਣਜਾਣ ਸਾਥੋਂ ਉਹਲੇ ਹੋ ਨੀ ਗਿਆ
ਇਕ ਛੈਲ ਕੁੜੀ ਮੁਟਿਆਰ ਉਹਨੇ ਢੋਲਾ ਮੋਹ ਨੀ ਲਿਆ।



ਵੇ ਲਿਆ ਵੇ ਚੰਬਾ ਲਾਵਾ ਘੜੇ ਦੇ ਕੋਲ

ਮੈ ਤੇ ਸੱਸੂ ਕਦੇ ਨਾ ਲੜੀਆ
ਸਹੁਰੇ ਨੇ ਮਾਰੇ ਮੰਦੇ ਬੋਲ
ਵੇ ਲਿਆ ਵੇ ਚੰਬਾ ਲਾਵਾ ਘੜੇ ਕੋਲ।
ਮੈਂ ਤੇ ਦਰਾਣੀ ਕਦੇ ਨਾ ਲੜੀਆ
ਦਿਉਰ ਨੇ ਮਾਰੇ ਮੰਦੇ ਬੋਲ
ਵੇ ਲਿਆ ਵੇ ਚੰਬਾ ਲਾਵਾ ਘੜੇ ਕੋਲ
ਮੈ ਤੇ ਜਠਾਣੀ ਅਸੀਂ ਕਦੇ ਨਾ ਲੜੀਆ
ਜੇਠ ਨੇ ਮਾਰੇ ਮੰਦੇ ਬੋਲ
ਵੇ ਲਿਆ ਵੇ ਚੰਬਾ ਲਾਵਾ ਘੜੇ ਕੋਲ
ਮੈਂ ਤੇ ਨਣਾਨ ਕਦੇ ਨਾ ਲੜੀਆ
ਨਣਦੋਈਏ ਮਾਰੇ ਮੰਦੇ ਬੋਲ
ਵੇ ਲਿਆ ਵੇ ਚੰਬਾ ਲਾਵਾ ਘੜੇ ਕੋਲ



ਉਤਲੇ ਚੁਬਾਰੇ ਬਾਲੋ ਪੱਥੇ ਪਾਥੀਆਂ

ਨੀ ਪੱਥੇ ਪਾਥੀਆ
ਗੱਭਰੂ ਜਵਾਨ ਮੁੰਡਾ ਮਾਰੇ ਝਾਤੀਆਂ

ਤੇਰਾ ਕੀ ਏ ਜਾਣਾ ਵੇ ਬਗਾਨੇ ਪੁੱਤ ਦਾ
ਵਾਲ ਵਾਲ ਹੋਜੂ ਮੇਰੀ ਸੋਹਣੀ ਗੁੱਤ ਦਾ

ਉਤਲੇ ਚੁਬਾਰੇ ਬਾਲੋ ਗੁੰਦੇ ਮੀਢੀਆਂ
ਨੀ ਗੁੰਦੇ ਮੀਢੀਆਂ
ਗੱਭਰੂ ਜਵਾਨ ਮੁੰਡਾ ਮਾਰੇ ਸੀਟੀਆਂ

ਤੇਰਾ ਕੀ ਏ ਜਾਣਾ ਵੇ ਬਗਾਨੇ ਪੁੱਤ ਦਾ
ਵਾਲ ਵਾਲ ਹੋਜੂ ਮੇਰੀ ਸੋਹਣੀ ਗੁੱਤ ਦਾ

ਉਤਲੇ ਚੁਬਾਰੇ ਬਾਲੋ ਦੁੱਧ ਰਿੜਕੇ

ਨੀ ਉਹ ਦੁੱਧ ਰਿੜਕੇ
ਗੱਭਰੂ ਜਵਾਨ ਮੁੰਡਾ ਮਾਰੇ ਝਿੜਕੇ

ਤੇਰਾ ਕੀ ਏ ਜਾਣਾ ਵੇ ਬਗਾਨੇ ਪੁੱਤ ਦਾ
ਵਾਲ ਵਾਲ ਹੋਜੂ ਮੇਰੀ ਸੋਹਣੀ ਗੁੱਤ ਦਾ

ਬਾਰਾਂ ਵਜੇ ਦੀਆਂ ਗੱਡੀਆਂ ਆਈਆਂ ਨੇ
ਉਨਾਂ ਫੌਜੀ ਵਰਦੀਆਂ ਪਾਈਆਂ ਨੇ
ਧੰਨ ਜਿਗਰੇ ਉਨ੍ਹਾਂ ਦੀਆਂ ਮਾਵਾਂ ਦੇ
ਜਿਨਾਂ ਪੁੱਤ ਪਰਦੇਸੀ ਘੱਲੇ ਹੋਏ ਨੇ

ਬਾਰਾਂ ਵਜੇ ਦੀਆਂ ਗੱਡੀਆਂ ਆਈਆਂ ਨੇ
ਧੰਨ ਜਿਗਰੇ ਉਨਾਂ ਦੀਆਂ ਭੈਣਾਂ ਦੇ
ਜਿਨਾਂ ਵੀਰ ਪਰਦੇਸੀ ਘੱਲੇ ਹੋਏ ਨੇ

ਬਾਰਾਂ ਵਜੇ ਦੀਆਂ ਗੱਡੀਆਂ ਆਈਆਂ ਨੇ
ਧੰਨ ਜਿਗਰੇ ਉਨਾਂ ਦੀਆਂ ਨਾਰਾਂ ਦੇ
ਜਿਨਾਂ ਕੰਤ ਪਰਦੇਸੀ ਘੱਲੇ ਹੋਏ ਨੇ

ਬਾਰਾਂ ਵਜੇ ਦੀਆਂ ਗੱਡੀਆਂ ਆਈਆਂ ਨੇ
ਉਨਾਂ ਫੌਜੀ ਵਰਦੀਆਂ ਪਾਈਆਂ ਨੇ।

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਘੋੜੀ ਕਿੱਲਾ ਪਟਾ ਗਈ ਆ
ਉਹ ਤੇਰੀ ਕੀ ਲਗਦੀ ਵੇ
ਜਿਹੜੀ ਸੁੱਤੇ ਨੂੰ ਜਗਾ ਗਈ ਆ
ਵੇ ਜਿਹੜੀ ਰੁੱਸੇ ਨੂੰ ਮਨਾ ਗਈ ਆ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਗਲ ਭਜਿਆ ਚਾਟੀ ਦਾ
ਤੇਰੇ ਘਰ ਕੀ ਵਸਣਾ ਵੇ
ਤੂੰ ਆਸ਼ਕ ਚਾਚੀ ਦਾ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਕੁੰਡਾ ਟੁੱਟਿਆ ਚਾਬੀ ਦਾ
ਤੇਰੇ ਘਰ ਕੀ ਵਸਣਾ ਵੇ
ਤੂੰ ਆਸ਼ਕ ਭਾਬੀ ਦਾ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਉਚੇ ਗੇਟ ਹਵੇਲੀਆਂ ਦੇ
ਤੇਰੇ ਲੜ ਲੱਗੀ ਸੋਹਣਿਆ ਵੇ
ਸੰਗ ਛੱਡ ਕੇ ਸਹੇਲੀਆਂ ਦੇ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਕੱਚੇ ਕੋਠੇ ਤੇ ਖੇਸ ਪਿਆ
ਇਕ ਤੇਰੀ ਮਾਲੜ ਦੀਵੇ
ਦੂਜਾ ਤੂੰ ਪਰਦੇਸ ਗਿਆ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਕੱਚੀ ਕੰਧ ਤੇ ਗਲਾਸੀ ਆ
ਆਏ ਦੀਆਂ ਲੱਖ ਖੁਸ਼ੀਆਂ ਵੇ
ਤੁਰ ਗਏ ਦੀ ਉਦਾਸੀ ਆ

ਮਾਝੇ ਦਿਆ ਮਾਝੇ ਦਿਆ ਮੱਲ ਗੁਜਰਾ
ਵੇ ਕਾਲਾ ਫੁੰਮਣ ਪਰਾਂਦੀ ਦਾ
ਰੋਂਦੀ ਨੂੰ ਛੱਡ ਚੱਲਿਆ ਵੇ
ਨਾਵਾਂ ਟੁੱਟ ਜਾਏ ਜਾਂਦੇ ਦਾ।

ਮੇਰੇ ਵਿਹੜੇ ਦੀਏ ਧਰੇਕੇ ਨੀ ਜਿੰਦੇ

ਮਾਵਾ ਹੋਣ ਤੇ ਜਾਈਏ ਪੇਕੇ ਨੀ ਜਿੰਦੇ
ਇਨ੍ਹਾਂ ਖਾਣਿਆਂ ਵਿਚੋਂ ਖਾਣਾ ਖੀਰ ਨੀ ਜਿੰਦੇ
ਇਨ੍ਹਾਂ ਸਾਕਾਂ ਵਿਚੋਂ ਸਾਕ ਵੀਰ ਨੀ ਜਿੰਦੇ

ਮੇਰੇ ਵਿਹੜੇ ਦੀਏ ਧਰੇਕੇ ਨੀ ਜਿੰਦੇ
ਮਾਵਾ ਹੋਣ ਤੇ ਜਾਈਏ ਪੇਕੇ ਨੀ ਜਿੰਦੇ

ਇਨ੍ਹਾਂ ਖਾਣਿਆਂ ਵਿਚੋਂ ਕੋਈ ਸਰਦ ਨਹੀਂ
ਮੇਰੇ ਬਾਬਲ ਜਿਹਾ ਕੋਈ ਮਰਦ ਨਹੀਂ

ਮੇਰੇ ਵਿਹੜੇ ਦੀਏ ਧਰੇਕੇ ਨੀ ਜਿੰਦੇ
ਮਾਵਾ ਹੋਣ ਤੇ ਜਾਈਏ ਪੇਕੇ ਨੀ ਜਿੰਦੇ
ਇਸ ਮਿਰਚ ਜਿਹਾ ਕੋਈ ਕੌੜਾ ਵੀ ਨਹੀਓਂ
ਮਾਈ ਬਾਪ ਜਿਹਾ ਕੋਈ ਸਹੁਰਾ ਵੀ ਨਹੀਓਂ

ਮੇਰੇ ਵਿਹੜੇ ਦੀਏ ਧਰੇਕੇ ਨੀ ਜਿੰਦੇ
ਮਾਵਾ ਹੋਣ ਤੇ ਜਾਈਏ ਪੇਕੇ ਨੀ ਜਿੰਦੇ।

ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ
ਮੈਂ ਕਿਹੜੀ ਕਿਲੀ ਟੰਗਾ ਵੀਰਨਾ

ਮੇਰੀ ਅੱਮੜੀ ਦਾ ਜਾਇਆ ਨੀ ਸੰਧਾਰਾ ਲੈ ਕੇ ਆਇਆ
ਸਭ ਆਂਢਣਾ ਗੁਆਂਢਣਾ ਨੂੰ ਸੱਦ ਕੇ ਵਿਖਾਇਆ
ਤੇ ਨਾਮ ਦੀ ਸਲਾਉਤਾ ਸੁਣਦੀ
ਮੈਂ ਜਿਹੜੀ ਗਲੀ ਲੰਘਾ ਵੀਰਨਾ
ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ
ਮੈਂ ਕਿਹੜੀ ਕਿਲੀ ਟੰਗਾ ਵੀਰਨਾ

ਕਦੇ ਬਾਬਲੇ ਨੇ ਮੈਥੋਂ ਕੋਈ ਚੀਜ ਨਾ ਲਕੋਈ
ਤੇਰੀ ਲਾਡਲੀ ਸ਼ਰੀਕੇ ਵਿੱਚ ਗਿੱਠ ਉਚੀ ਹੋਈ
ਘੁੱਗ ਵਸੇ ਤੇਰੀ ਨਗਰੀ
ਮੈਂ ਇਹੀ ਸੁੱਖ ਮੰਗਾ ਵੀਰਨਾ
ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ
ਮੈਂ ਕਿਹੜੀ ਕਿਲੀ ਟੰਗਾ ਵੀਰਨਾ

ਫੁੱਲਾਂ ਵਾਲੀ ਫੁਲਕਾਰੀ ਵੇਖ ਫੁੱਲੀ ਨਾ ਸਮਾਈ
ਵਿਚੋਂ ਅੰਮੀ ਦੇ ਸੰਦੂਕ ਦੀ ਸੁਗੰਧ ਮੈਨੂੰ ਆਈ
ਸਦਾ ਵਸੇ ਸੁਖੀ ਤੇ ਜਵਾਨੀਆ ਮਾਣੇ
ਮੈਂ ਇਹੀ ਸੁਖ ਮੰਗਾ ਵੀਰਨਾ
ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ

ਮੈਂ ਕਿਹੜੀ ਕਿਲੀ ਟੰਗਾ ਵੀਰਨਾ

ਵੀਰਾ ਭੇਜੀ ਮਾਂ ਨੂੰ ਜਾ ਕੇ ਆਖੀ ਮਿਲ ਜਾਵੇ ਆ ਕੇ
ਕੱਚੇ ਚੌਲਾ ਦੀਆਂ ਪਿੰਨੀਆਂ ਵੀ, ਨਾਲ ਲੈ ਕੇ ਆਵੇ
ਮਾਵਾਂ ਧੀਆਂ ਦੀ ਹਰੇਕ ਗਲ ਸਾਝੀ
ਮੈਂ ਤੈਨੂੰ ਕਹਿੰਦੀ ਸੰਗਾਂ ਵੀਰਨਾ
ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ
ਮੈਂ ਕਿਹੜੀ ਕਿਲੀ ਟੰਗਾ ਵੀਰਨਾ

ਸੁਹਾਗ

ਮਧਾਣੀਆ– ਹਾਏ ਓ ਮੇਰੇ ਡਾਢਿਆ ਰੱਬਾ ਕਿੰਨ੍ਹਾਂ ਜੰਮੀਆਂ
ਕਿੰਨ੍ਹਾਂ ਲੈ ਜਾਣੀਆਂ।
ਡੋਈ – ਬਾਬਲ ਤੇਰੇ ਮਹਿਲਾਂ ਵਿਚੋਂ ਤੇਰੀ ਲਾਡੋ ਪਰਦੇਸਣ ਹੋਈ।
ਛੱਲੀਆਂ – ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ
ਚੁਬਾਰੇ ਦੀਆਂ ਹੱਲੀਆਂ।
ਝੁੰਮਕੇ – ਅੰਮੜੀ ਦਾ ਦਿਲ ਕੰਬਿਆ ਧੀ ਰਾਣੀ ਦਾ ਮੂੰਹ ਚੁੰਮ ਕੇ।
ਧਾਰੀ – ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ।
ਫੀਤਾ – ਮੇਰੇ ਆਪਣੇ ਵੀਰਾਂ ਨੇ ਡੋਲਾ ਤੋਰ ਕੇ ਅਗਾਂਹ ਨੂੰ ਕੀਤਾ।
ਫੀਤਾ– ਮੇਰੀਆਂ ਸਕੀਆਂ ਭਾਬੀਆਂ ਨੇ ਡੋਲਾ ਤੋਰ ਕੇ ਕੱਚਾ ਦੁੱਧ ਪੀਤਾ।
ਤਾਰੇ – ਚੰਨ ਜਿਹਾ ਮੁਖੜੇ ਤੇ ਤੇਰਾ ਟਿੱਕਾ ਲਿਸ਼ਕਾ ਮਾਰੇ।
ਛੱਲੀਆਂ – ਆਹ ਲੈ ਭਾਬੋਂ ਸਾਂਭ ਕੁੰਜੀਆਂ ਨਣਦਾਂ ਆਪਣੇ
ਘਰਾਂ ਨੂੰ ਚੱਲੀਆਂ।
ਪਾਵੇ– ਰੱਬਾ ਮੇਰੇ ਪੇਕਿਆਂ ਵੱਲੋਂ ਸਦਾ 'ਵਾ ਠੰਡੜੀ ਪਈ ਆਵੇ।
ਮਹਿੰਦੀ– ਲੱਗਦੀ ਸੁਹਾਗਣਾਂ ਨੂੰ ਨਹੀਂ ਮਰਦੇ ਦਮਾਂ ਤੱਕ ਲਹਿੰਦੀ।
ਛੋਲੇ– ਬਾਬਲ ਤੇਰੇ ਮਹਿਲਾਂ ਵਿਚੋਂ ਸੱਤ ਰੰਗਿਆ ਕਬੂਤਰ ਬੋਲੇ।
ਚੂੜੀਆਂ– ਸੌਹਰੇ ਘਰ ਜਾਣ ਵਾਲੀਏ ਸਦਾ ਹੋਣ ਮੁਰਾਦਾਂ ਪੂਰੀਆਂ।
ਛਾਪੇ– ਨਾਜਾਂ ਨਾਲ ਧੀਆਂ ਪਾਲ ਕੇ ਹੋ ਜਾਣ ਪਰਾਏ ਮਾਪੇ।
ਲੱਛੀਆਂ– ਅੱਖੀਆਂ ਚੋਂ ਹੰਝੂ ਟਪਕੇ ਅੱਜ ਡੋਲੀ 'ਚ ਬਠਾਉਣ ਸਖੀਆਂ।

ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ
ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ

ਬਾਬਲ ਤੇਰੇ ਰਾਜ ਹੁੰਦਿਆ ਸਾਨੂੰ ਰੱਬ ਵੀ ਯਾਦ ਨਾ ਆਇਆ
ਲਾਜ ਤੇਰੀ ਰੱਖੀ ਸਾਂਭ ਕੇ ਇਹਨੂੰ ਜ਼ਰਾ ਨਾ ਹਵਾ ਜਿੰਨਾ ਲਾਇਆ।
ਡੋਲੀ ਵਿਚ ਜਾਂਦੀ ਧੀ ਨੂੰ ਬਾਬਲ ਤੱਕ ਲੈ ਜਰਾ ਇੱਕ ਵਾਰੀ
ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ

ਵੀਰਾਂ ਤੈਨੂੰ ਭਾਗ ਲੱਗਣ ਵਿਹੜਾ ਭਾਬੀਆਂ ਨਾਲ ਸੁਹਾਵੇ
ਰੱਬਾ ਮੇਰੇ ਪੇਕਿਆਂ ਵੱਲੋਂ ਸਦਾ 'ਵਾ ਠੰਡੜੀ ਪਈ ਆਵੇ
ਲੱਗਣ ਦੁਆਵਾਂ ਸਾਡੀਆਂ ਤੇਰੀ ਮਹਿਕੇ ਸਦਾ ਫੁਲਵਾੜੀ

ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ

ਸੌਣ ਦੇ ਮਹੀਨੇ ਅੰਮੀਏ ਦਿਲ ਯਾਦ ਤੈਨੂੰ ਕਰੇਂਗਾ ਬਥੇਰਾ
ਅੱਖੀਆਂ ਚੋਂ ਨੀਰ ਵਗੇਗਾ ਜਦੋਂ ਯਾਦ ਆਇਆ ਪੀਂਘ ਦਾ ਹੁਲਾਰਾ
ਚੁੰਮ- ਚੁੰਮ ਰੱਖਾਗੀ ਸਦਾ ਤੇਰੇ ਹੱਥਾਂ ਨਾਲ ਕੱਢੀ ਫੁਲਕਾਰੀ
ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ

ਤ੍ਰਿੰਝਣਾਂ ਦੇ ਸ਼ੋਪੇ ਮੈਨੂੰ ਯਾਦ ਆਉਣਗੇ
ਸਖੀਆ ਨਾਲ ਲਾਡ- ਲਡਾਏ ਬੜਾ ਸਤਾਉਣਗੇ
ਜਦੋਂ ਚਰਖੇ ਦੇ ਤੰਦਾਂ ਦਾ ਆਇਆ ਨਾ ਹੁਲਾਰਾ
ਮਾਏ ਸਾਂਭ ਕੇ ਮੈਂ ਰੱਖਾਗੀ ਤੇਰੀ ਦਿੱਤੀ ਹੋਈ ਕੱਤਣੀ ਪਟਾਰੀ
ਧੀਆਂ ਸਹੁਰੇ ਘਰ ਚੱਲੀਆਂ ਕਰ ਪੇਕਿਆਂ ਦੇ ਘਰ ਸਰਦਾਰੀ

ਕੋਠਾ ਕਿਉਂ ਨਿਵਿਆ, ਕੋਠਾ ਕਿਉਂ ਨਿਵਿਆ
ਇਸ ਕੋਠੇ ਦੀ ਛੱਤ ਪੁਰਾਣੀ
ਕੋਠਾ ਮੇਰਾ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ।

ਦਾਦਾ ਕਿਉਂ ਨਿਵਿਆ, ਧਰਮੀ ਕਿਉਂ ਨਿਵਿਆ
ਇਸ ਦਾਦੇ ਪੋਤੀ ਕਵਾਰੀ
ਦਾਦਾ ਧਰਮੀ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ।

ਨਾਨਾ ਕਿਉਂ ਨਿਵਿਆਂ ਧਰਮੀ ਕਿਉਂ ਨਿਵਿਆ
ਇਸ ਨਾਨੇ ਦੀ ਦੋਹਤੀ ਕਵਾਰੀ
ਨਾਨਾ ਧਰਮੀ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ।

ਬਾਬਲ ਕਿਉਂ ਨਿਵਿਆ ਧਰਮੀ ਕਿਉਂ ਨਿਵਿਆ
ਇਸ ਬਾਬਲ ਦੀ ਬੇਟੀ ਕਵਾਰੀ
ਬਾਬਲ ਧਰਮੀ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ।

ਮਾਮਾ ਕਿਉਂ ਨਿਵਿਆ ਧਰਮੀ ਕਿਉਂ ਨਿਵਿਆ

ਇਸ ਮਾਮੇ ਦੀ ਭਾਣਜੀ ਕਵਾਰੀ
ਮਾਮਾ ਧਰਮੀ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ।

ਵੀਰਾਂ ਕਿਉਂ ਨਿਵਿਆ ਧਰਮੀ ਕਿਉਂ ਨਿਵਿਆ
ਇਸ ਵੀਰੇ ਦੀ ਭੈਣ ਕਵਾਰੀ
ਵੀਰਾ ਧਰਮੀ ਤਾਂ ਨਿਵਿਆ
ਕੋਠੇ ਦੀ ਛੱਤ ਪੁਰਾਣੀ
ਕੋਠਾ ਮੇਰਾ ਤਾਂ ਨਿਵਿਆ
ਕੋਠਾ ਕਿਉਂ ਨਿਵਿਆ
ਇਸ ਕੋਠੇ ਦੀ ਛੱਤ ਪੁਰਾਣੀ
ਕੋਠਾ ਮੇਰਾ ਤਾਂ ਨਿਵਿਆ
ਕੋਠਾ ਮੇਰਾ ਤਾਂ ਨਿਵਿਆ।

ਲਾਡਲੀ ਨਾ ਰੱਖੀ ਬਾਬਲਾ ਤੇਰੀ ਲਾਡਲੀ ਦੇ ਫਰਜ ਘਨੇਰੇ
ਉਠ ਬਾਬਲ, ਉਠ ਬਾਬਲ ਮਿਲ ਲੈ ਵੇ
ਧੀਆਂ ਆਪਣੇ ਘਰਾਂ ਨੂੰ ਚੱਲੀਆਂ
ਧੀਆਂ ਦਾ ਧੀਆਂ ਦਾ ਕੀ ਮਿਲਣਾ
ਇਹ ਤਾਂ ਮਹਿਲ ਸੁੰਨਾ ਕਰ ਚੱਲੀਆਂ
ਲਾਡਲੀ ਨਾ ਲਾਡਲੀ ਨਾ ਰੱਖੀ ਬਾਬਲਾ
ਤੇਰੀ ਲਾਡਲੀ ਦੇ ਫਰਜ ਘਨੇਰੇ।

ਉਠ ਮਾਏ ਉਠ ਮਾਏ ਮਿਲ ਲੈ ਨੀ
ਧੀਆਂ ਆਪਣੇ ਘਰਾਂ ਨੂੰ ਚੱਲੀਆਂ
ਧੀਆਂ ਦਾ ਧੀਆਂ ਦਾ ਕੀ ਮਿਲਣਾ
ਇਹ ਤਾਂ ਚੀਰ ਕਲੇਜਾ ਚੱਲੀਆਂ
ਲਾਡਲੀ ਨਾ ਲਾਡਲੀ ਨਾ ਰੱਖੀ ਬਾਬਲਾ
ਤੇਰੀ ਲਾਡਲੀ ਦੇ ਫਰਜ ਘਨੇਰੇ।

ਉਠ ਵੀਰਾ ਉਠ ਵੀਰਾ ਮਿਲ ਲੈ ਵੇ
ਭੈਣਾਂ ਆਪਣੇ ਘਰਾਂ ਨੂੰ ਚੱਲੀਆਂ
ਭੈਣਾ ਦਾ ਭੈਣਾ ਦਾ ਕੀ ਮਿਲਣਾ
ਇਹ ਤਾਂ ਤੋੜ ਮੁਹੱਬਤਾਂ ਚੱਲੀਆਂ

ਲਾਡਲੀ ਨਾ ਲਾਡਲੀ ਨਾ ਰੱਖੀ ਬਾਬਲਾ
ਤੇਰੀ ਲਾਡਲੀ ਦੇ ਫਰਜ ਘਨੇਰੇ।

ਉਠ ਭਾਬੋ ਉਠ ਭਾਬੋ ਮਿਲ ਲੈ ਨੀ
ਨਣਦਾਂ ਆਪਣੇ ਘਰਾਂ ਨੂੰ ਚੱਲੀਆਂ
ਨਣਦਾਂ ਦਾ ਨਣਦਾਂ ਦਾ ਕੀ ਮਿਲਣਾ
ਇਹ ਤਾਂ ਬੜੇ ਸ਼ੌਕ ਨਾਲ ਚੱਲੀਆਂ
ਲਾਡਲੀ ਨਾ ਲਾਡਲੀ ਨਾ ਰੱਖੀ ਬਾਬਲਾ
ਤੇਰੀ ਲਾਡਲੀ ਦੇ ਫਰਜ਼ ਘਨੇਰੇ।

ਬੀਬੀ ਚੰਦਨ ਦੇ ਉਹਲੇ- ਉਹਲੇ ਕਿਉਂ ਖੜ੍ਹੀ

ਬੀਬੀ ਚੰਦਨ ਦੇ ਉਹਲੇ- ਉਹਲੇ ਕਿਉਂ ਖੜ੍ਹੀ।

ਮੈਂ ਤਾਂ ਖੜ੍ਹੀ ਸੀਂ ਬਾਬਲ ਦੇ ਪਾਸ
ਬਾਬਲ ਵਰ ਲੋੜੀਏ
ਬੇਟੀ ਕਿਹੋ ਜਿਹਾ ਵਰ ਲੋੜੀਏ?
ਬਾਬਲ ਜਿਵੇਂ ਤਾਰਿਆ ਵਿੱਚ ਚੰਨ ਚੰਨਾਂ ਵਿਚੋਂ ਕਾਹਨ
ਕਨ੍ਹਈਆ ਵਰ ਲੋੜੀਏ।
ਬੀਬੀ ਚੰਦਨ ਦੇ ਉਹਲੇ- ਉਹਲੇ ਕਿਉਂ ਖੜ੍ਹੀ?

ਮੈਂ ਤਾਂ ਖੜ੍ਹੀ ਸੀ ਵੀਰਾਂ ਜੀ ਦੇ ਪਾਸ
ਵੀਰਾਂ ਵਰ ਲੋੜੀਏ
ਨੀ ਭੈਣਾਂ ਕਿਹੋ ਜਿਹਾ ਵਰ ਲੋੜੀਏ?
ਵੀਰਾਂ ਜਿਵੇਂ ਤਾਰਿਆ ਵਿਚ ਚੰਨ ਚੰਨਾਂ ਵਿਚੋਂ ਕਾਹਨ
ਕਨ੍ਹਈਆ ਵਰ ਲੋੜੀਏ।
ਬੀਬੀ ਚੰਦਨ ਦੇ ਉਹਲੇ- ਉਹਲੇ ਕਿਉਂ ਖੜ੍ਹੀ?

ਮੈਂ ਤਾਂ ਖੜ੍ਹੀ ਸੀ ਮਾਮਾ ਜੀ ਦੇ ਪਾਸ
ਵੇ ਮਾਮਾ ਵਰ ਲੋੜੀਏ
ਨੀ ਭਾਣਜੀ ਕੇਹੋਂ ਜਿਹਾ ਵਰ ਲੋੜੀਏ?
ਮਾਮਾ ਜੀ ਜਿਵੇਂ ਤਾਰਿਆ ਵਿਚ ਚੰਨ ਚੰਨਾਂ ਵਿਚੋਂ ਕਾਹਨ
ਕਨ੍ਹਈਆ ਵਰ ਲੋੜੀਏ।
ਬੀਬੀ ਕਿਹੋ ਜਿਹਾ ਵਰ ਲੋੜੀਏ?

ਤੇਰੇ ਮਹਿਲੀ ਨਾ ਸਮਾਉਣ ਬਾਬਲਾ ਵੇ ਧੀਆਂ ਪਰਦੇਸਣਾਂ।
ਕਾਹਦਾ ਕਰਦਾ ਗੁਮਾਨ ਬਾਬਲਾ ਵੇ ਧੀਆਂ ਪਰਦੇਸਣਾਂ।

ਜਿਸ ਅੰਮੜੀ ਨੇ ਦੇ ਦੇ ਲੋਰੀ ਲੱਖਾ ਲਾਡ ਲਡਾਏ
ਹਾਏ ਵੇ ਰੱਬਾ ਉਸ ਅੰਮੜੀ ਤੋਂ ਵਿਛੜਣ ਦੇ ਦਿਨ ਆਏ
ਰੋਵੇ ਅੰਮੜੀ ਦਾ ਦਿਲ ਬਾਬਲਾ ਵੇ ਧੀਆਂ ਪਰਦੇਸਣਾਂ
ਤੇਰੇ ਮਹਿਲੀ ਨਾ ਸਮਾਉਣ ਬਾਬਲਾ ਵੇ ਧੀਆਂ ਪਰਦੇਸਣਾਂ।

ਉੱਠ ਸਵੇਰੇ ਧਰਮੀ ਬਾਬਲ ਦਾਨ ਗਊਆਂ ਦੇ ਕਰਦਾ
ਪਰ ਧੀਆਂ ਨੂੰ ਤੋਰਨ ਵੇਲੇ ਲੱਖ - ਲੱਖ ਹੌਂਕੇ ਭਰਦਾ
ਔਖਾ ਬੇਟੀਆਂ ਦਾ ਦਾਨ ਬਾਬਲਾ ਵੇ ਧੀਆਂ ਪਰਦੇਸਣਾਂ
ਤੇਰੇ ਮਹਿਲੀ ਨਾ ਸਮਾਉਣ ਬਾਬਲਾ ਵੇ ਧੀਆਂ ਪਰਦੇਸਣਾਂ।

ਆਲੇ ਦੇ ਵਿੱਚ ਗੁੱਡੀਆਂ ਛੱਡ ਕੇ ਬਾਰੀ ਵਿਚ ਪਟੋਲੇ
ਅੱਜ ਤਾਂ ਤੇਰੀ ਲਾਡਾ ਪਾਲੀ ਜਾ ਬੈਠੀ ਵਿਚ ਡੋਲੇ
ਡੋਲ੍ਹ ਕੇ ਅੱਥਰੂ ਨਾ ਜਾਣ ਬਾਬਲਾ ਵੇ ਧੀਆਂ ਪਰਦੇਸਣਾਂ
ਕਾਹਦਾ ਕਰਦਾ ਤੂੰ ਮਾਣ ਬਾਬਲਾ ਵੇ ਧੀਆਂ ਪਰਦੇਸਣਾਂ।

ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ ਬਾਬਲ ਗੁੱਡੀਆਂ ਕੌਣ ਖੇਡੂ
ਮੇਰੀਆਂ ਖੇਡਣ ਪੋਤਰੀਆਂ ਧੀਏ ਘਰ ਜਾ ਆਪਣੇ
ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ ਬਾਬਲ ਦੂਰ ਦੇਸ ਜਾਣਾ

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ ਬਾਬਲ ਚਰਖਾ ਕੌਣ ਕੱਤੂ
ਮੇਰੀਆਂ ਕੱਤਣ ਨੋਹਾਂ ਨੀ ਧੀਏ ਘਰ ਜਾ ਆਪਣੇ
ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲਾ ਅਸਾਂ ਉਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ ਬਾਬਲ- ਕਿਹੜੇ ਦੇਸ ਜਾਣਾ

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ ਬਾਬਲ ਡੋਲਾ ਨਹੀਓਂ ਲੰਘਦਾ
ਇਕ ਇੱਟ ਪੁਟਾ ਦੇਵਾ, ਧੀਏ ਘਰ ਜਾਹ ਆਪਣੇ
ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ ਬਾਬਲ ਕਿਹੜੇ ਦੇਸ ਜਾਣਾ

ਤੇਰੇ ਮਹਿਲਾਂ ਤੋਂ ਜਾਂਦਿਆਂ ਵੇ ਬਾਬਲ ਸਾਨੂੰ ਪਿਆਸ ਲੱਗੂ
ਰਾਹੇ ਖੂਹਾ ਪੁਟਾ ਦੇਵਾਂ ਧੀਏ ਘਰ ਜਾ ਆਪਣੇ
ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉਡ ਵੇ ਜਾਣਾ
ਸਾਡੀ ਲੰਮੀ ਉਡਾਰੀ ਵੇ ਬਾਬਲ – ਦੂਰ ਦੇਸ ਜਾਣਾ।

ਜਾਈਏ ਦੂਰ ਖੇਡਣ ਨਾ ਜਾਈਂ ਸੱਜਣ ਤੈਨੂੰ ਲੈ ਜਾਣਗੇ
ਮੈਂ ਤਾਂ ਲੁਕ ਜੁੰਗੀ ਮਾਮਾ ਜੀ ਦੀ ਗੋਦ ਪਾਪਾ ਜੀ ਦੇ ਉਹਲੇ
ਸੱਜਣ ਕਿਵੇਂ ਲੈ ਜਾਣਗੇ?
ਉਹਨਾਂ ਆਉਣਾ ਏ ਘੋੜੇ ਸ਼ਿੰਗਾਰ ਪਿੱਛੇ ਪਹਿਰੇਦਾਰ
ਕਿ ਡੋਲੀ ਪਾ ਕੇ ਲੈ ਜਾਣਗੇ।

ਜਾਈਏ ਦੂਰ ਖੇਡਣ ਨਾ ਜਾਈਂ ਸੱਜਣ ਤੈਨੂੰ ਲੈ ਜਾਣਗੇ
ਮੈਂ ਤਾਂ ਲੁਕ ਜੁੰਗੀ ਮਾਮੀ ਜੀ ਦੀ ਗੋਦ ਮਾਮਾ ਜੀ ਦੇ ਉਹਲੇ
ਸੱਜਣ ਕਿਵੇਂ ਲੈ ਜਾਣਗੇ?
ਉਨ੍ਹਾਂ ਆਉਣਾ ਏ ਘੋੜੇ ਸ਼ਿੰਗਾਰ ਪਿਛੇ ਪਹਿਰੇਦਾਰ
ਕਿ ਡੋਲੀ ਪਾ ਕੇ ਲੈ ਜਾਣਗੇ।

ਜਾਈਏ ਦੂਰ ਖੇਡਣ ਨਾ ਜਾਈਂ ਸੱਜਣ ਤੈਨੂੰ ਲੈ ਜਾਣਗੇ
ਮੈਂ ਤਾਂ ਲੁਕ ਜੁੰਗੀ ਦਾਦੀ ਜੀ ਦੀ ਗੋਦ ਦਾਦਾ ਜੀ ਦੇ ਉਹਲੇ
ਸੱਜਣ ਕਿਵੇਂ ਲੈ ਜਾਣਗੇ?
ਉਨ੍ਹਾਂ ਆਉਣਾ ਏ ਘੋੜੇ ਸ਼ਿੰਗਾਰ ਪਿਛੇ ਪਹਿਰੇਦਾਰ
ਕਿ ਡੋਲੀ ਪਾ ਕੇ ਲੈ ਜਾਣਗੇ।

ਜਾਈਏ ਦੂਰ ਖੇਡਣ ਨਾ ਜਾਈਂ ਸੱਜਣ ਤੈਨੂੰ ਲੈ ਜਾਣਗੇ
ਮੈਂ ਤਾਂ ਲੁਕ ਜੁੰਗੀ ਭੂਆ ਜੀ ਦੀ ਗੋਦ ਫੁਫੜ ਜੀ ਦੇ ਉਹਲੇ
ਸੱਜਣ ਕਿਵੇਂ ਲੈ ਜਾਣਗੇ?
ਉਨ੍ਹਾਂ ਆਉਣਾ ਏ ਘੋੜੇ ਸ਼ਿੰਗਾਰ ਪਿਛੇ ਪਹਿਰੇਦਾਰ
ਕਿ ਡੋਲੀ ਪਾ ਕੇ ਲੈ ਜਾਣਗੇ।



ਅੰਬਾਂ ਹੇਠ ਬੀਬੀ ਖੇਡਦੀ ਦੋ ਵਣਜਾਰੇ ਆਏ
ਲੁਕ ਜਾ ਛਿਪ ਜਾ ਧੀਏ ਮੇਰੀਏ ਤੇਰੇ ਸਹੁਰੇ ਆਏ
ਨਾ ਲੁਕਦੀ ਨਾ ਮੈਂ ਛੁਪਦੀ ਮਾਂ ਮੇਰੀਏ ਬਾਬਲ ਧਰਮੀ ਸਦਾਏ

ਅੰਬਾਂ ਹੇਠ ਬੀਬੀ ਖੇਡਦੀ ਦੋ ਵਣਜਾਰੇ ਆਏ
ਲੁਕ ਜਾ ਛਿਪ ਜਾ ਧੀਏ ਮੇਰੀਏ ਤੇਰੇ ਸਹੁਰੇ ਆਏ
ਨਾ ਮੈਂ ਲੁਕਦੀ ਨਾ ਮੈਂ ਛੁਪਦੀ ਚਾਚੇ ਧਰਮੀ ਸਦਾਏ।

ਅੰਬਾਂ ਹੇਠ ਬੀਬੀ ਖੇਡਦੀ ਦੋ ਵਣਜਾਰੇ ਆਏ
ਲੁਕ ਜਾ ਛਿਪ ਜਾ ਧੀਏ ਮੇਰੀਏ ਤੇਰੇ ਸਹੁਰੇ ਆਏ
ਨਾ ਮੈਂ ਲੁਕਦੀ ਨਾ ਮੈਂ ਛੁਪਦੀ ਮਾਏ ਵੀਰੇ ਧਰਮੀ ਸਦਾਏ।

ਅੰਬਾਂ ਹੇਠ ਬੀਬੀ ਖੇਡਦੀ ਦੋ ਵਣਜਾਰੇ ਆਏ
ਲੁਕ ਜਾ ਛਿਪ ਜਾ ਧੀਏ ਮੇਰੀਏ ਤੇਰੇ ਸਹੁਰੇ ਆਏ
ਨਾਂ ਮੈਂ ਲੁਕਦੀ ਨਾ ਮੈਂ ਛੁਪਦੀ ਮਾਏ ਧਰਮੀ ਨਾਨੇ ਸਦਾਏ।



ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਸਮ ਭਨੀ ਪਰਧਾਨ
ਸਹੁਰਾ ਸਰਦਾਰ ਹੋਵੇ,
ਡਾਹ ਪੀੜ੍ਹਾ ਬਹਿੰਦਾ ਸਾਹਮਣੇ ਵੇ ਮੱਥੇ ਨਾ ਹੀਂ ਕਦੇ ਵੱਟ
ਬਾਬਲ ਤੇਰਾ ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਸੱਸ ਦੇ ਬਾਹਲੇ ਪੁੱਤ
ਇਕ ਮੰਗਾ ਤੇ ਇਕ ਵਿਆਹਵਾ ਮੈਂ ਜੰਵਾਂ ਵੇਖਾ ਨਿੱਤ
ਬਾਬਲ ਤੇਰਾ ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਬੂਰੀਆਂ ਝੋਟੀਆਂ ਸੱਠ
ਇਕ ਚੋਵਾ ਤੇ ਇਕ ਰਿੜਕਾ ਮੇਰਾ ਚਾਂਦੀਆਂ ਦੇ ਵਿਚ ਹੱਥ
ਬਾਬਲ ਤੇਰਾ ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਦਰਜੀ ਸੀਵੇ ਪੱਟ
ਇਕ ਪਾਵਾ ਇਕ ਟੰਗਣੇ ਮੇਰਾ ਵਿਚ ਸੰਦੂਖਾਂ ਦੇ ਹੱਥ
ਬਾਬਲ ਤੇਰਾ ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਦੇਈ ਦੇਈ ਵੇ ਬਾਬਲਾ ਉਸ ਘਰੇ ਜਿੱਥੇ ਘਾੜ ਘੜ੍ਹੇ ਸੁਨਿਆਰ
ਇਕ ਪਹਿਨਾ ਤੇ ਇਕ ਡੱਬੜੇ, ਮੇਰਾ ਗਹਿਣਿਆਂ ਦੇ ਵਿਚ ਹੱਥ
ਬਾਬਲ ਤੇਰਾ ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ ਬਾਬਲ ਤੇਰਾ ਪੁੰਨ ਹੋਵੇ।

ਨਿਵੇਂ ਪਹਾੜਾਂ ਦੇ ਪਰਬਤ ਹੋਰ ਨਿਵਿਆ ਨਾ ਕੋਈ
ਨਿਵਿਆ ਲਾਡੋ ਦਾ ਬਾਬਲ, ਜੀਹਨੇ ਬੇਟੀ ਵਿਆਹੀ।

ਮੋਰਾਂ ਦੀਆਂ ਪੈਲ੍ਹਾਂ ਵੇਖ ਕੇ ਬਾਬਲ ਛਮ ਛਮ ਰੋਇਆ
ਤੂੰ ਕਿਉਂ ਰੋਇਆ ਵੇ ਬਾਬਲ ਜਗ ਹੁੰਦੜੀ ਆਈ।

ਨਿਵਿਆ ਲਾਡੋ ਦਾ ਤਾਇਆ ਜੀਹਨੇ ਬੇਟੀ ਵਿਆਹੀ
ਤੂੰ ਕਿਉਂ ਰੋਇਆ ਤਾਇਆ ਜੀ ਜਰਾ ਹੁੰਦੜੀ ਆਈ।

ਮੋਰਾਂ ਦੀਆਂ ਪੈਲ੍ਹਾਂ ਵੇਖ ਕੇ ਦਾਦਾ ਛਮ ਛਮ ਰੋਇਆ
ਤੂੰ ਕਿਉਂ ਰੋਇਆ ਦਾਦਾ ਜੀ ਜਗ ਹੁੰਦੜੀ ਆਈ।

ਮੋਰਾਂ ਦੀਆਂ ਪੈਲ੍ਹਾਂ ਵੇਖ ਕੇ ਮਾਮਾ ਛਮ ਛਮ ਰੋਇਆ
ਤੂੰ ਕਿਉਂ ਰੋਇਆ ਮਾਮਾ ਜੀ ਜਗ ਹੁੰਦੜੀ ਆਈ।

ਮੋਰਾਂ ਦੀਆਂ ਪੈਲ੍ਹਾਂ ਵੇਖ ਕੇ ਵੀਰਾ ਛਮ ਛਮ ਰੋਇਆ
ਤੂੰ ਕਿਉਂ ਰੋਇਆ ਵਾਂਗ ਵੇ ਜਗ ਹੁੰਦੜੀ ਆਈ।
ਨਿਵੇਂ ਪਹਾੜਾਂ ਦੇ ਪਰਬਤ ਹੋਰ ਨਿਵਿਆ ਨਾ ਕੋਈ
ਨਿਵਿਆ ਲਾਡੋ ਦਾ ਬਾਬਲ ਜੀ ਜੀਹਨੇ ਬੇਟੜੀ ਵਿਆਹੀ।

ਬਾਬਲ ਇਕ ਮੇਰਾ ਕਹਿਣਾ ਕੀ ਜੀਏ

ਮੈਨੂੰ ਰਾਮ ਰਤਨ ਵਰ ਦੀਜੀਏ
ਜਾਈਏ ਲੈ ਆਂਦਾ ਵਰ ਟੋਲ ਕੇ
ਜਿਉਂ ਰੰਗ ਕੁਸੰਬੜਾ ਘੋਲ ਕੇ
ਬਾਬਲ ਇਕ ਪਛਤਾਵਾ ਬੜਾ ਈ
ਮੈਂ ਆਪ ਗੋਰੀ ਵਰ ਸਾਂਵਲਾ ਈ
ਵਾਰੀ ਰਾਮ ਰਤਨ ਸਿਰ ਸਿਹਰਾ
ਜਿਉਂ ਬਾਗਾਂ 'ਚ ਖਿੜਿਆ ਕਿਉੜਾ

ਬੇਟੀ ਦਾ ਬਾਬਲ ਕਹਿੰਦਾ ਕਿਹੋ ਜਿਹਾ ਵਰ ਟੋਲੀਏ?
ਦਾਦੀ ਕਹਿੰਦੀ ਜਿਥੇ ਬੇਟੀ ਰਾਜ ਕਰੇ
ਖਾਣਾ ਕੌਲਾਂ ਦਾ ਰਸੋਈਆ ਇਹਦਾ ਲੰਗਰ ਕਰੇ
ਸੌਣਾ ਪਲੰਘਾਂ ਦਾ ਗੋਨੀ ਮੁੱਠੀਆਂ ਭਰੇ।
ਬਾਬਲ ਇਕ ਮੇਰਾ ਕਹਿਣਾ ਕੀ ਜਾਏ
ਮੈਨੂੰ ਰਾਮ ਰਤਨ ਵਰ ਦੀ ਜੀਏ
ਜਾਈਏ ਲੈ ਆਂਦਾ ਵਰ ਟੋਲਕੇ
ਜਿਉਂ ਰੰਗ ਕੁਸੰਬੜਾ ਘੋਲ ਕੇ
ਬਾਬਲ ਇਕ ਪਛਤਾਵਾ ਬੜਾ ਈ
ਮੈਂ ਆਪ ਗੋਰੀ ਵਰ ਸਾਂਵਲਾ ਈ
ਵਾਰੀ ਰਾਮ ਰਤਨ ਸਿਰ ਸਿਹਰਾ
ਜਿਉ ਬਾਗਾਂ ਚ ਖਿੜਿਆ ਕਿਉੜਾ।

ਬੇਟੀ ਦਾ ਬਾਬਲਾ ਕਹਿੰਦਾ ਕਿਹੋ ਜਿਹਾ ਵਰ ਟੋਲੀਏ?
ਮਾਤਾ ਕਹਿੰਦੀ ਜਿੱਥੇ ਬੇਟੀ ਰਾਜ ਕਰੇ
ਖਾਣਾ ਕੌਲਾਂ ਦਾ ਰਸੋਈਆ ਇਹਦਾ ਲੰਗਰ ਕਰੇ
ਸੌਣਾ ਪਲੰਘਾਂ ਦਾ ਗੋਲੀ ਮੁੱਠੀਆਂ ਭਰੇ।
ਬਾਬਲ ਇਕ ਮੇਰਾ ਕਹਿਣਾ ਕੀ ਜੀਏ
ਮੈਨੂੰ ਰਾਮ ਰਤਨ ਵਰ ਦੀਜੀਏ
ਜਾਈਏ ਲੈ ਆਂਦਾ ਵਰ ਟੋਲਕੇ
ਜਿਓ ਰੰਗ ਕੁਸੰਬੜਾ ਘੋਲ ਕੇ
ਬਾਬਲ ਇਕ ਪਛਤਾਵਾ ਬੜਾ ਈ
ਮੈਂ ਆਪ ਗੋਰੀ ਵਰ ਸਾਂਵਲਾ ਈ
ਵਾਰੀ ਰਾਮ ਰਤਨ ਸਿਰ ਸਿਹਰਾ

ਜਿਉਂ ਬਾਗਾਂ ਚ ਖਿੜਿਆ ਕਿਉੜਾ।

ਹਾਇ ਨੀ ਲਿਪੀ ਪੋਚੀ ਮਾੜੀ
ਤੇ ਪਲੰਘ ਡਵ੍ਹਾ ਦੇਨੀ ਆਂ

ਹਾਇ ਨੀ ਉਤੇ ਚੜ੍ਹ ਸੁੱਤਾ ਮੇਰਾ ਬਾਬਲ
ਤੇ ਨੀਂਦ ਨਾ ਆਂਵਦੀ ਏ
ਬਾਬਲ ਕਿੱਥੇ ਗਈ ਨੀਂਦ ਪਿਆਰੀ
ਘਰ ਕੰਨਿਆ ਕੁਆਰੀ
ਪਿਆਰੀ ਬੇਟੀ ਵਰ ਮੰਗਦੀ
ਅੱਛਾ ਵਰ ਦਿਆਂਗੇ
ਅੱਛਾ ਘਰ ਦਿਆਂਗੇ।
ਹਾਏ ਨੀ ਲਿੱਪੀ ਪੋਚੀ ਮਾੜੀ
ਉਤੇ ਪਲੰਘ ਡਵਾ ਦੇਨੀਂ ਆ

ਹਾਏ ਨੀ ਉਤੇ ਚੜ੍ਹ ਸੁੱਤਾ ਮੇਰਾ ਦਾਦਾ
ਤੇ ਨੀਂਦ ਨਾ ਆਂਵਦੀ ਏ
ਦਾਦਾ ਜੀ ਕਿੱਥੇ ਗਈ ਨੀਂਦ ਪਿਆਰੀ
ਘਰ ਕੰਨਿਆ ਕੁਆਰੀ
ਪਿਆਰੀ ਪੋਤੀ ਵਰ ਮੰਗਦੀ
ਅੱਛਾ ਵਰ ਦਿਆਂਗੇ
ਅੱਛਾ ਘਰ ਦਿਆਂਗੇ।
ਹਾਇ ਨੀ ਲਿੱਪੀ ਪੋਚੀ ਮਾੜੀ
ਤੇ ਪਲੰਘ ਡਵ੍ਹਾ ਦੇਨੀ ਆਂ

ਹਾਇ ਨੀ ਉਤੇ ਚੜ੍ਹ ਸੁੱਤਾ ਮੇਰਾ ਚਾਚਾ
ਤੇ ਨੀਂਦ ਨਾ ਆਂਵਦੀ ਏ
ਚਾਚਾ ਜੀ ਕਿੱਥੇ ਗਈ ਨੀਂਦ ਪਿਆਰੀ
ਘਰ ਬੇਟੀ ਕੁਆਰੀ
ਪਿਆਰੀ ਬੇਟੀ ਵਰ ਮੰਗਦੀ।
ਅੱਛਾ ਘਰ ਦਿਆਂਗੇ
ਅੱਛਾ ਵਰ ਦਿਆਂਗੇ
ਹਾਏ ਨੀ ਲਿੱਪੀ ਪੋਚੀ ਮਾੜੀ

ਤੇ ਪਲੰਘ ਡਵ੍ਹਾ ਦੇਨੀ ਆਂ

ਹਾਏ ਨੀ ਉੱਤੇ ਚੜ੍ਹ ਸੁੱਤਾ ਮੇਰਾ ਵੀਰਾ
ਤੇ ਨੀਂਦ ਨਾ ਆਂਵਦੀ ਏ
ਵੀਰਾ ਕਿੱਥੇ ਗਈ ਨੀਂਦ ਪਿਆਰੀ
ਘਰ ਭੈਣ ਕੁਆਰੀ
ਪਿਆਰੀ ਭੈਣ ਵਰ ਮੰਗਦੀ
ਅੱਛਾ ਘਰ ਦਿਆਂਗੇ
ਅੱਛਾ ਵਰ ਦਿਆਂਗੇ
ਹਾਏ ਨੀ ਲਿੱਪੀ ਪੋਚੀ ਮਾੜੀ
ਤੇ ਪਲੰਘ ਡਵ੍ਹਾ ਦੇਨੀ ਆਂ

ਬਾਬਲ ਇਕ ਮੇਰਾ ਮਨ ਪਛਤਾਉਂਦਾ,
ਬੇਟੀ ਤੇਰਾ ਮਨ ਕਿਉਂ ਪਛਤਾਉਂਦਾ
ਬਾਬਲ ਆਪ ਸੋਹਣੀ, ਵਰ ਸਾਂਵਲਾ
ਬੇਟੀ ਲੌਂਗਾਂ ਦੇ ਰੰਗ ਸਾਂਵਲੇ
ਸੋਹਣੀ ਮਹਿਕ ਜਿਨ੍ਹਾਂ ਵਿਚੋਂ ਆਂਵਦੀ।

ਵੀਰਾਂ ਇਕ ਮੇਰਾ ਮਨ ਪਛਤਾਉਂਦਾ
ਭੈਣੇ ਤੇਰਾ ਮਨ ਕਿਉਂ ਪਛਤਾਉਂਦਾ
ਵੀਰਾਂ ਆਪ ਸੋਹਣੀ, ਵਰ ਸਾਵਲਾ
ਭੈਣੇ ਲੌਂਗਾਂ ਦੇ ਰੰਗ ਸਾਂਵਲੇ
ਸੋਹਣੀ ਮਹਿਕ ਜਿਨ੍ਹਾਂ ਵਿਚੋਂ ਆਂਵਦੀ।

ਮਾਏ ਰਾਣੀਏ ਇਕ ਮੇਰਾ ਮਨ ਪਛਤਾਉਂਦਾ
ਧੀਏ ਤੇਰਾ ਮਨ ਕਿਉਂ ਪਛਤਾਉਂਦਾ
ਮਾਏ ਆਪ ਸੋਹਣੀ, ਵਰ ਸਾਂਵਲਾ
ਧੀਏ ਲੌਂਗਾਂ ਦੇ ਰੰਗ ਸਾਂਵਲੇ
ਸੋਹਣੀ ਮਹਿਕ ਜਿਨ੍ਹਾਂ ਵਿਚੋਂ ਆਂਵਦੀ।

ਮੋਰਾਂ ਨੇ ਪੈਲ੍ਹਾਂ ਪਾ ਲਈਆਂ, ਬਾਬਲ ਛਮ ਛਮ ਰੋਵੇ
ਜੀ ਸਈਓ, ਬਾਬਲ ਛੰਮ ਛੰਮ ਰੋਵੇ

ਤੂੰ ਕਿਉਂ ਰੋਵੇ ਬਾਬਲਾ ਧੀਆਂ ਧਨ ਜੀ ਪਰਾਏ
ਬਾਬਲ ਇਕ ਜੋ ਸਾਡੀ ਬੇਨਤੀ ਸਾਨੂੰ ਦੂਰ ਨਾ ਵਿਆਹੀਓ
ਦੂਰਾ ਦੇ ਪਰਸਟ ਦੂਰ ਜੀ ਸਾਥੋਂ ਮਿਲਿਆ ਨਾ ਜਾਵੇ

ਮੋਰਾਂ ਨੇ ਪੈਲ੍ਹਾਂ ਪਾ ਲਈਆਂ, ਮਾਤਾ ਛੰਮ ਛੰਮ ਰੋਵੇ
ਤੂੰ ਕਿਉਂ ਰੋਵੇ ਮਾਏ ਰਾਣੀਏ, ਧੀਆਂ ਧਨ ਜੀ ਪਰਾਏ
ਇਕ ਜੋ ਸਾਡੀ ਬੇਨਤੀ ਸਾਨੂੰ ਦੂਰ ਨਾ ਵਿਆਹੀਓ
ਦੂਰਾ ਦੇ ਪਰਸਟ ਦੂਰ ਜੀ ਸਾਥੋਂ ਮਿਲਿਆ ਨਾ ਜਾਵੇ।

ਮੋਰਾਂ ਨੇ ਪੈਲ੍ਹਾਂ ਪਾ ਲਈਆਂ ਦਾਦੀ ਛੰਮ ਛੰਮ ਰੋਵੇ
ਜੀ ਸਈਓ ਦਾਦੀ ਛੰਮ ਛੰਮ ਰੋਵੇ
ਤੂੰ ਕਿਉਂ ਰੋਵੇ ਦਾਦੀ ਰਾਣੀਏ ਧੀਆ ਧਨ ਜੀ ਪਰਾਏ।
ਇੱਕ ਜੋ ਸਾਡੀ ਬੇਨਤੀ ਸਾਨੂੰ ਦੂਰ ਨਾ ਵਿਆਹੀਓ
ਦੂਰਾ ਦੇ ਪਰਸਟ ਦੂਰ ਜੀ ਸਾਥੋਂ ਮਿਲਿਆ ਨਾ ਜਾਵੇ।

ਮੋਰਾ ਨੇ ਪੈਲਾਂ ਪਾ ਲਈਆ ਨਾਨੀ ਛੰਮ ਛੰਮ ਰੋਵੇ
ਤੂੰ ਕਿਉਂ ਰੋਵੇਂ ਨਾਨੀ ਰਾਣੀਏ ਧੀਆਂ ਧਨ ਜੀ ਪਰਾਏ।
ਇਕ ਜੋ ਸਾਡੀ ਬੇਨਤੀ ਸਾਨੂੰ ਦੂਰ ਨਾ ਵਿਆਹੀਓ
ਦੂਰਾ ਦੇ ਪਰਸਟ ਦੂਰ ਜੀ ਸਾਥੋਂ ਮਿਲਿਆ ਨਾ ਜਾਵੇ।

ਮੋਰਾਂ ਨੇ ਪੈਲਾ ਪਾ ਲਈਆਂ ਵੀਰਾ ਛੰਮ ਛੰਮ ਰੋਵੇ
ਜੀ ਸਈਓ ਵੀਰਾਂ ਛੰਮ ਛੰਮ ਰੋਵੇ
ਤੂੰ ਕਿਉਂ ਰੋਵੇ ਵੀਰਿਆ ਧੀਆਂ ਧਨ ਜੀ ਪਰਾਏ।
ਇਕ ਜੋ ਸਾਡੀ ਬੇਨਤੀ ਸਾਨੂੰ ਦੂਰ ਨਾ ਵਿਆਹੀਓ
ਦੂਰਾ ਦੇ ਪਰਸਟ ਦੂਰ ਜੀ ਸਾਥੋਂ ਮਿਲਿਆ ਨਾ ਜਾਵੇ।

ਹਰੀਏ ਨੀ ਰਸ ਭਰੀਏ ਖਜੂਰੇ

ਕੀਹਨੇ ਦਿੱਤਾ ਐਨੀ ਦੂਰੇ?
ਬਾਬਲ ਤਾਂ ਮੇਰਾ ਕੋਈ ਦੇਸਾਂ ਦਾ ਰਾਜਾ
ਉਹਨੇ ਦਿੱਤਾ ਐਨੀ ਦੂਰੇ।
ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿਤਾ ਐਨੀ ਦੂਰੇ?
ਮਾਤਾ ਤਾਂ ਮੇਰੀ ਕੋਈ ਮਹਿਲਾਂ ਦੀ ਰਾਣੀ

ਦਾਜ ਦਿੱਤਾ ਗੱਡ ਪੂਰੇ।

ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ
ਦਾਦਾ ਤਾਂ ਮੇਰਾ ਕੋਈ ਦੇਸਾਂ ਦਾ ਰਾਜਾ
ਉਹਨੇ ਦਿੱਤਾ ਐਨੀ ਦੂਰੇ।
ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ?
ਦਾਦੀ ਤਾਂ ਮੇਰੀ ਕੋਈ ਮਹਿਲਾਂ ਦੀ ਰਾਣੀ
ਦਾਜ ਦਿੱਤਾ ਗੱਡ ਪੂਰੇ।

ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ?
ਚਾਚਾ ਤਾਂ ਮੇਰਾ ਕੋਈ ਦੇਸਾਂ ਦਾ ਰਾਜਾ
ਉਹਨੇ ਦਿੱਤਾ ਐਨੀ ਦੂਰੇ।
ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ
ਚਾਚੀ ਤਾਂ ਮੇਰੀ ਕੋਈ ਮਹਿਲਾ ਦੀ ਰਾਣੀ
ਦਾਜ ਦਿੱਤਾ ਗੱਡ ਪੂਰੇ।

ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ?
ਵੀਰਾਂ ਤਾਂ ਮੇਰਾ ਕੋਈ ਦੇਸਾਂ ਦਾ ਰਾਜਾ
ਉਹਨੇ ਦਿੱਤਾ ਐਨੀ ਦੂਰੇ।
ਹਰੀਏ ਨੀ ਰਸ ਭਰੀਏ ਖੰਜੂਰੇ
ਕੀਹਨੇ ਦਿੱਤਾ ਐਨੀ ਦੂਰੇ
ਭਾਬੋ ਤਾਂ ਮੇਰੀ ਕੋਈ ਮਹਿਲਾ ਦੀ ਰਾਣੀ
ਦਾਜ ਦਿੱਤਾ ਗੱਡ ਪੂਰੇ।

ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ

ਇਕ ਨਾ ਦੱਸੀਂ ਮੇਰੀ ਮਾਂ ਰਾਣੀ ਨੂੰ ਰੋਉਗੀ ਮੇਰੀਆਂ ਆਨੇ ਗੁੱਡੀਆਂ ਵੇਖ ਕੇ
ਉਡਦਾ ਤੇ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੇ ਬਾਪ ਰਾਜੇ ਨੂੰ ਰੋਉਗਾ ਭਰੀ ਕਚਹਿਰੀ ਛੋੜਕੇ।

ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੇ ਚਾਚੀ ਰਾਣੀ ਨੂੰ ਗੱਲਾਂ ਕਰੂੰਗੀ ਝੂਠਮ ਝੂਠੀਆਂ।
ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੀ ਭਾਬੋ ਰਾਣੀ ਨੂੰ ਹੱਸੂਗੀ ਪਕੇੜੇ ਜਾ ਕੇ।
ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ
ਦੱਸੀਂ ਤਾਂ ਦੱਸੀਂ ਵੇ ਕਾਵਾਂ ਵੀਰ ਰਾਜੇ ਨੂੰ
ਆਉਗਾ ਨੀਲਾ ਘੋੜਾ ਪੀੜ ਕੇ।
ਉਡਦਾ ਤਾਂ ਜਾਈਂ ਵੇ ਕਾਵਾਂ ਬਹਿੰਦੜਾ ਜਾਈਂ ਮੇਰੇ ਪੇਕੜੇ।

ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ

ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ।

ਧੀਆਂ ਮੁਟਿਆਰਾਂ ਹੋਈਆਂ ਕੂੰਜਾਂ ਤੋਂ ਡਾਰਾਂ ਹੋਈਆਂ
ਬਾਬਲ ਮੇਰੇ ਨੂੰ ਅੜੀਓ ਨੀਂਦ ਨਾ ਪੈਂਦੀ
ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ
ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ।

ਆਵੋ ਨੀ ਆਵੋ ਬੰਨੋ ਸ਼ਗਨਾਂ ਦਾ ਗਾਨਾ
ਬਾਬਲ ਦੇ ਵਿਹੜੇ ਵਿਚੋਂ ਵੀਰਾ ਦੇ ਖੇੜੇ ਵਿਚੋਂ
ਸਾਡਾ ਤਾਂ ਮੁੱਕਿਆ ਈ ਅੜੀਓ ਚੋਗ ਤੇ ਦਾਣਾ
ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ।

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ
ਆਵੋ ਨੀ ਆਵੋ ਗਾਵੋ ਸ਼ਗਨਾਂ ਦੇ ਗੀਤ
ਭੈਣਾਂ ਦੇ ਦਰਦ ਪਰਾਏ
ਵੀਰਾਂ ਬਿਨ ਕੌਣ ਵੰਡਾਏ
ਸੱਚਾ ਰੱਬ ਦੇਵੇ ਸਭ ਨੂੰ ਵੀਰਾਂ ਦੀ ਜੋੜੀ
ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ।

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ

ਆਵੋ ਨੀ ਆਵੋ ਦੇਵੋ ਸੁਹੀ ਫੁਲਕਾਰੀ
ਧੀਆਂ ਦਾ ਜੋਰ ਕੀ ਏ
ਦੁੱਖਾਂ ਬਿਨ ਹੋਰ ਕੀ ਏ
ਚਿੜੀਆਂ ਦਾ ਚੰਬਾ ਸਾਡੀ ਲੰਮੀ ਉਡਾਰੀ
ਆਵੋ ਨੀ ਆਵੋ ਲਾਵੋ ਸ਼ਗਨਾਂ ਦੀ ਮਹਿੰਦੀ।

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾ ਬਾਪ ਦੀ ਬਣ ਕੇ ਗੋਲੀ ਨੀ ਮਾਂ
ਆਵੋ ਸੱਸ ਜੀ ਵਾਰੋ ਸਿਰ ਤੋਂ ਦੀ ਪਾਣੀ
ਬਾਬਲ ਘਰ ਲਾਡੋ ਰਾਣੀ
ਸਹੁਰੇ ਘਰ ਖਸਮਾਖਾਣੀ
ਧੀਆਂ ਤੇ ਗਊਆਂ ਦੀ ਏ ਇਕੋ ਕਹਾਣੀ
ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾ ਬਾਪ ਦੀ ਬਣ ਕੇ ਗੋਲੀ ਨੀ ਮਾਂ।



ਲਾਡਾਂ ਦੇ ਨਾਲ ਪਾਲੀ ਭੈਣ ਨੂੰ
ਫੁੱਲਾਂ ਨਾਲ ਸ਼ਿੰਗਾਰੀ ਭੈਣ ਨੂੰ
ਹੱਥੀਂ ਰਹੇ ਹੋ ਕਿਉਂ ਤੋਰ ਵੀਰੋ ਵੇ
ਮੈਨੂੰ ਦੋ ਦਿਨ ਰੱਖ ਲਓ ਹੋਰ।

ਮੈਂ ਸਦਾ ਇਸ ਘਰ ਲਈ ਖੁਸ਼ੀਆ ਦੇ ਪਲ ਮੰਗਦੀ ਰਹੀ
ਚੰਦਰੇ ਲੋਕਾਂ ਦੀਆਂ ਨਜ਼ਰਾਂ ਕੋਲੋਂ ਨੀਵੀਂ ਪਾ ਲੰਘਦੀ ਰਹੀ
ਭੈਣਾਂ ਦਾ ਵੀਰਾਂ ਹੁੰਦਾ, ਵੀਰਾਂ ਉੱਤੇ ਜੋਰ ਵੀਰੋ ਵੇ
ਮੈਨੂੰ ਦੋ ਦਿਨ ਰੱਖ ਲਓ ਹੋਰ।

ਸਖੀਆਂ ਨਾਲ ਖੇਡੀ ਰੱਜ ਕੇ ਚਾਅ ਸਾਰੇ ਚਕਨਾਂ ਚੂਰ ਹੋਏ
ਇਕ ਕੁੱਖ ਚੋਂ ਜਾਇਓ ਵੀਰੋ ਐਨੇ ਕੀ ਮਜ਼ਬੂਰ ਹੋਏ
ਕੱਟੋ ਨਾ ਮੁਹੱਬਤਾਂ ਦੀ ਡੋਰ ਵੀਰੋ ਵੇ
ਮੈਨੂੰ ਦੋ ਦਿਨ ਰੱਖ ਲਓ ਹੋਰ।

ਅੰਮੜੀ ਨੂੰ ਪੁੱਛੋ ਕਿਉਂ ਤਲੀਏ ਚੋਗ ਚਗਾਉਂਦੀ ਰਹੀ
ਮੈਂ ਤੱਤੜੀ ਨੂੰ ਗਲ ਨਾਲ ਲਾ ਕੇ ਐਨਾ ਪਿਆਰ ਜਤਾਉਂਦੀ ਰਹੀ
ਲੈਣਾ ਸੀ ਜੇ ਮੁੱਖ ਮੋੜ ਵੀਰੋ ਵੇ

ਮੈਨੂੰ ਦੋ ਦਿਨ ਰੱਖ ਲਓ ਹੋਰ।

ਲਾਡਾਂ ਦੇ ਨਾਲ ਪਾਲੀ ਭੈਣ ਨੂੰ
ਫੁੱਲਾਂ ਨਾਲ ਸ਼ਿੰਗਾਰੀ ਭੈਣ ਨੂੰ
ਹੱਥੀਂ ਰਹੇ ਹੋ ਕਿਉਂ ਤੋਰ ਵੀਰੋ ਵੇ
ਮੈਨੂੰ ਦੋ ਦਿਨ ਰੱਖ ਲਓ ਹੋਰ।

ਧੀਆਂ ਧਿਆਣੀਆਂ ਦਰਦ ਕਹਾਣੀਆਂ
ਵੱਸ ਪੈ ਦਰਿਦਿਆਂ ਦੇ ਮਰ ਮੁੱਕ ਜਾਣੀਆਂ
ਧੀਆਂ ਧਿਆਣੀਆਂ ਦਰਦ ਕਹਾਣੀਆਂ

ਕਿਹੜੇ ਪਾ ਭੜੋਲੇ ਇਨ੍ਹਾਂ ਕੰਜਕਾਂ ਨੂੰ ਧਰੀਏ
ਲੁਕਾਅ ਜਗ ਤੋਂ ਹਾਏ ਜਵਾਨ ਕਿਦਾ ਕਰੀਏ?
ਪੈ ਜਾਣ ਕੋ ਇਨ੍ਹਾਂ ਪਿੱਛੇ ਕਾਵਾਂ ਦੀਆਂ ਢਾਣੀਆਂ
ਧੀਆਂ ਧਿਆਣੀਆਂ ਦਰਦ ਕਹਾਣੀਆਂ

ਕੱਲ੍ਹੀ ਧੀ ਨੂੰ ਲੋਕੋਂ ਮਾਪੇ ਬਾਹਰ ਜਦੋਂ ਤੋਰਦੇ
ਖਬਰ ਮਿਲੇ ਪੈ ਗਏ ਜੋਬਨ ਦੇ ਚੋਰ ਵੇ
ਪੈਰਾਂ ਹੇਠਾਂ ਕਿਉਂ ਮਿੱਧਦੇ ਇਹ ਸੋਲ੍ਹ ਟਾਹਣੀਆਂ
ਧੀਆਂ ਧਿਆਣੀਆਂ ਦਰਦ ਕਹਾਣੀਆਂ

ਘਰ ਵਿਚ ਜਦੋਂ ਹੁੰਦੀ ਧੀ ਮੁਟਿਆਰ ਏ
ਬਾਪੂ ਸਿਰ ਵਧ ਜਾਂਦਾ ਕਰਜਾ ਦਾ ਭਾਰ ਏ
ਲਗਰਾਂ ਦੇ ਵਾਂਗ ਵਧ ਜਾਣ ਮਰ ਜਾਣੀਆਂ
ਧੀਆਂ ਧਿਆਣੀਆਂ ਦਰਦ ਕਹਾਣੀਆਂ

ਕਦੋਂ ਤੱਕ ਕਹਿਰ ਜ਼ਾਲਮ ਇਹ ਚਲਾਉਣਗੇ
“ ਕਿਰਨ” ਜੀਤ ਵਾਂਗੂੰ ਧੀਆਂ ਮਿੱਟੀ ’ਚ ਮਿਲਾਉਣਗੇ
ਤੂੰ ਵੀ ਕੁਝ ਸੋਚ ਰੱਬਾ ਕੂਕਣ ਨਿਮਾਣੀਆਂ
ਧੀਆ ਧਿਆਣੀਆਂ ਦਰਦ ਕਹਾਣੀਆਂ
ਵਸ ਪੈ ਦਰਿਦਿਆਂ ਦੇ ਮਰ ਮੁੱਕ ਜਾਣੀਆਂ
ਧੀਆਂ ਧਿਆਣੀਆਂ ਦਰਦ ਕਹਾਣੀਆਂ



ਬੋਲੀ ਬੋਲੀ ਵੇ ਬਨੇਰੇ ਦਿਆ ਕਾਵਾਂ

ਬਨੇਰਾ ਸਾਡਾ ਕਿਉਂ ਮੱਲਿਆ
ਸਾਡਾ ਮਾਹੀ 'ਤੇ ਨਹੀਂ ਸਾਡੇ ਘਰ ਵੇ
ਦਿਲ ਸਾਡਾ ਤਾਂ ਹੌਲਿਆ
ਅਸਾਂ ਲਿਖ ਲਿਖ ਚਿੱਠੀਆਂ ਸਹੁਰੇ ਪਾਈਆਂ ਵੇ
ਮਾਹੀ ਸਾਡੀ ਸਾਰ ਲਵੀ
ਅੱਜ ਭਾਬੀਆਂ ਸਾਡੀਆਂ ਹੱਸੀਆਂ
ਕਿ ਨਣਦਾਂ ਟੂਰ ਚੱਲੀਆਂ
ਅੱਜ ਮਾਂ ਤੇ ਸਾਡੀ ਰੋਵੇ
ਕਿ ਧੀਆਂ ਸਹੁਰੇ ਘਰ ਚੱਲੀਆਂ
ਸਾਡੀ ਜੋਗ ਜੋਗੀ ਵਾਲੀ ਫੇਰੀ
ਕਿ ਮਾਵਾਂ ਧੀਆਂ ਗਲ ਮਿਲੀਆਂ
ਬੋਲੀ ਬੋਲੀ ਵੇ ਬਨੇਰੇ ਦਿਆ ਕਾਵਾਂ
ਬਨੇਰਾ ਸਾਡਾ ਕਿਉਂ ਮੱਲਿਆ।



ਨਿਕੜੀ ਸੂਈ ਵਟਵਾਂ ਧਾਗਾ

ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀਂ ਪੁੱਛਦੇ
ਤੂੰ ਬੀਬੀ ਕਿਉਂ ਰੋ ਰਹੀ ਆਂ
ਬਾਬਲ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆ।

ਨਿਕੜੀ ਸੂਈ ਵਟਵਾਂ ਧਾਗਾ
ਬੈਠ ਕਸੀ ਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀਂ ਪੁੱਛਦੇ
ਤੂੰ ਬੀਬੀ ਕਿਉਂ ਰੋ ਰਹੀ ਆਂ
ਚਾਚੇ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆਂ।

ਨਿਕੜੀ ਸੂਈ ਵਟਵਾ ਧਾਗਾ
ਬੈਠ ਕਸੀਦਾ ਕੱਢ ਰਹੀ ਆਂ

ਆਉਂਦੇ ਜਾਂਦੇ ਰਾਹੀਂ ਪੁੱਛਦੇ
ਤੂੰ ਬੀਬੀ ਕਿਉਂ ਰੋ ਰਹੀ ਆ
ਵੀਰੇ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆਂ।

ਨਿਕੜੀ ਸੂਈ ਵਟਵਾ ਧਾਗਾ
ਬੈਠ ਕਸੀਦਾ ਕੱਢ ਰਹੀ ਆ
ਆਉਂਦੇ ਜਾਂਦੇ ਰਾਹੀਂ ਪੁੱਛਦੇ
ਤੂੰ ਬੀਬੀ ਕਿਉਂ ਰੋ ਰਹੀ ਆ
ਮਾਮੇ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆ।

ਨੀ ਤੂੰ ਜਾਹ, ਜਾਹ ਬੀਬੀ ਬਾਬੇ ਵਿਹੜੇ

ਬਾਬੇ ਕਾਜ ਰਚਾਇਆ
ਨੀ ਤੂੰ ਜਾਹ, ਜਾਹ ਬੀਬੀ ਵਿਹੜੇ
ਬਾਬੇ ਕਾਜ ਰਚਾਇਆ
ਨੀ ਤੂੰ ਦੇਹ ਦਾਦੀ ਚਾਵਲੜੇ, ਖੰਡ ਰਸ
ਮੇਵੇ ਦੀਆਂ ਪੁੜੀਆਂ
ਖੰਡ ਰਸ ਥੋੜ੍ਹੀ, ਸਾਜਣ ਬਹੁਤੇ ਆਏ
ਬਾਬਾ ਥੋੜ ਦਿਲਾਂ ਹੋਇਆ
ਵੇ ਨਾ ਹੋ ਬਾਬਾ ਥੋੜ ਦਿਲਾਂ ਕਾਰਜ ਰਾਮਸਵਾਰੇ।

ਨੀ ਤੂੰ ਜਾਹ, ਜਾਹ ਬੀਬੀ ਬਾਬਲ ਵਿਹੜੇ
ਬਾਬਲ ਕਾਜ ਰਚਾਇਆ
ਨੀ ਤੂੰ ਜਾਹ, ਜਾਹ ਬੀਬੀ ਬਾਬਲ ਵਿਹੜੇ
ਬਾਬਲ ਕਾਜ ਰਚਾਇਆ
ਨੀ ਤੂੰ ਦੇਹ ਦੇਹ ਮਾਤਾ ਖੰਡ ਰਸ
ਮੇਵੇ ਦੀਆ ਪੁੜੀਆਂ
ਖੰਡ ਰਸ ਥੋੜ੍ਹੀ ਸਾਜਣ ਬਹੁਤੇ ਆਏ
ਬਾਬਲ ਥੋੜ ਦਿਲਾਂ ਹੋਇਆ
ਵੇ ਨਾ ਹੋ, ਹੋ ਬਾਬਲ ਥੋੜ ਦਿਲਾ ਕਾਰਜ ਰਾਮਸਵਾਰੇ।

ਨੀ ਤੂੰ ਜਾਹ, ਜਾਹ ਬੀਬੀ ਚਾਚੇ ਵਿਹੜੇ

ਚਾਚੇ ਕਾਜ ਰਚਾਇਆ
ਨੀ ਤੂੰ ਜਾਹ, ਜਾਹ ਬੀਬੀ ਚਾਚੇ ਵਿਹੜੇ
ਚਾਚੇ ਕਾਜ ਰਚਾਇਆ
ਨੀ ਤੂੰ ਦੇਹ ਦੇਹ ਚਾਚੀ ਖੰਡ ਰਸ
ਮੇਵੇ ਦੀਆਂ ਪੁੜੀਆਂ
ਖੰਡ ਰਸ ਥੋੜ੍ਹੀ ਸਾਜਣ ਬਹੁਤੇ ਆਏ
ਚਾਚਾ ਥੋੜ ਦਿਲਾਂ ਹੋਇਆ
ਵੇ ਨਾ ਹੋ ਹੋ ਚਾਚਾ ਥੋੜ੍ਹ ਦਿਲਾਂ ਕਾਰਜ ਰਾਮਸਵਾਰੇ।

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ
ਬਾਬਲ ਧਰਮੀ ਦਾ ਦੇਸ ਹੌਲੀ ਹੌਲੀ ਵਿਸਰੇਗਾ
ਮਾਏ ਬੋਲੀਆਂ ਨਾ ਮਾਰ ਅਸੀਂ ਤੇਰੇ ਨਾ ਆਵਾਂਗੇ
ਬਾਬਲ ਧਰਮੀ ਦੇ ਦੇਸ ਕਦੇ ਫੇਰਾ ਪਾ ਜਾਵਾਂਗੇ।

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ
ਵੀਰੇ ਧਰਮੀ ਦਾ ਦੇਸ ਹੌਲੀ ਹੌਲੀ ਵਿਸਰੇਗਾ
ਭਾਬੋ ਬੋਲੀਆਂ ਨਾ ਮਾਰ ਅਸੀਂ ਤੇਰੇ ਨਾ ਆਵਾਂਗੇ
ਵੀਰੇ ਧਰਮੀ ਦੇ ਦੇਸ ਕਦੇ ਫੇਰਾ ਪਾ ਜਾਵਾਂਗੇ

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ
ਚਾਚੇ ਧਰਮੀ ਦਾ ਦੇਸ ਹੌਲੀ ਹੌਲੀ ਵਿਸਰੇਗਾ
ਚਾਚੀ ਬੋਲੀਆਂ ਦਾ ਮਾਰ ਅਸੀਂ ਤੇਰੇ ਨਾ ਆਵਾਂਗੇ
ਚਾਚੇ ਧਰਮੀ ਦੇ ਦੇਸ ਕਦੇ ਫੇਰਾ ਪਾ ਜਾਵਾਂਗੇ।

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ
ਮਾਮੇ ਧਰਮੀ ਦਾ ਦੇਸ ਹੌਲੀ ਹੌਲੀ ਵਿਸਰੇਗਾ
ਮਾਮੀ ਬੋਲੀਆਂ ਨਾ ਮਾਰ ਅਸੀਂ ਤੇਰੇ ਆਵਾਂਗੇ
ਮਾਮੇ ਧਰਮੀ ਦੇ ਦੇਸ਼ ਕਦੇ ਫੇਰਾ ਪਾ ਜਾਵਾਂਗੇ।

ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ
ਤੂੰ ਸੁੱਤਾ ਲੋਕੀਂ ਜਾਗਦੇ ਘਰ ਬੇਟੜੀ ਹੋਈ ਮੁਟਿਆਰ
ਛੰਨਾ ਤਾਂ ਭਰਿਆ ਦੁੱਧ ਦਾ ਮੈਂ ਵਾਰੀ ਨਾਵਣ ਚੱਲੀ ਤਲਾਅ

ਮੈਲ ਹੋਵੇ ਝਟ ਝੜ ਜਾਵੇ ਮੈਂ ਵਾਰੀ ਰੂਪ ਨਾ ਝੜਿਆ ਜਾ।
ਮਾਏ ਨੀ ਸੁਣ ਮੇਰੀਏ ਮੈਂ ਵਾਰੀ, ਬਾਬਲ ਮੇਰੇ ਨੂੰ ਸਮਝਾ
ਸਾਡੇ ਤਾਂ ਹਾਣ ਦੀਆਂ ਸਭ ਵਿਆਹੀਆਂ ਗਈਆਂ, ਸਾਡੜੇ ਮਨ ਵਿਚ ਚਾਅ
ਬਾਬਲ ਰੋਦੇ ਦੀ ਦਾੜ੍ਹੀ ਭਿੱਜੀ ਮੈਂ ਵਾਰੀ ਮਾਂ ਦੇ ਨੈਣਾਂ ਚੋਂ ਵਗਿਆ ਦਰਿਆ
ਵੀਰੇ ਰੋਦੇ ਦਾ ਰੁਮਾਲ ਭਿੱਜਾ ਮੈਂ ਵਾਰੀ ਭਾਬੋ ਦੇ ਮਨ ਵਿਚ ਚਾਅ।
ਚੜ੍ਹ ਚੁਬਾਰੇ ਸੁੱਤਿਆ ਚਾਚਾ, ਆਈ ਬਨੇਰੇ ਦੀ ਛਾਂ
ਤੂੰ ਸੁੱਤਾ ਲੋਕੀਂ ਜਾਗਦੇ, ਘਰ ਭਤੀਜੀ ਹੋਈ ਮੁਟਿਆਰ
ਛੰਨਾ ਤਾਂ ਭਰਿਆ ਦੁੱਧ ਦਾ ਮੈਂ ਵਾਰੀ ਨਾਵਣ ਚੱਲੀ ਆ ਦਰਿਆ
ਮੈਲ ਹੋਵੇ ਝਟ ਝੜ ਜਾਵੇ ਰੂਪ ਨਾ ਝੜਿਆ ਜਾ
ਚਾਚੀ ਨੀ ਸੁਣ ਮੇਰੀਏ ਮੈਂ ਵਾਰੀ ਚਾਚੇ ਮੇਰੇ ਨੂੰ ਸਮਝਾ
ਸਾਡੇ ਤਾਂ ਹਾਣ ਦੀਆਂ ਸਭ ਵਿਆਹੀਆਂ ਗਈਆਂ ਸਾਡੜੇ ਮਨ ਵਿੱਚ ਚਾਅ
ਚਾਚੇ ਰੋਦੇ ਦੀ ਦਾੜ੍ਹੀ ਭਿੱਜ ਗਈ, ਚਾਚੀ ਦੇ ਨੈਣਾਂ ਚੋਂ ਵਗਿਆ ਦਰਿਆ
ਵੀਰੇ ਰੋਦੇ ਦਾ ਰੁਮਾਲ ਭਿਜਾ, ਭਾਬੋ ਦੇ ਮਨ ਵਿੱਚ ਚਾਅ।
ਚੜ੍ਹ ਚੁਬਾਰੇ ਸੁੱਤਿਆ ਮਾਮਾ, ਆਈ ਬਨੇਰੇ ਦੀ ਛਾਂ
ਤੂੰ ਸੁੱਤਾ ਲੋਕੀਂ ਜਾਗਦੇ, ਘਰ ਭਾਣਜੀ ਹੋਈ ਮੁਟਿਆਰ
ਛੰਨਾ ਤਾਂ ਭਰਿਆ ਦੁੱਧ ਦਾ ਮੈਂ ਵਾਰੀ ਨਾਵਣ ਚੱਲੀ ਆ ਤਲਾਅ
ਮੈਲ ਹੋਵੇ ਝੱਟ ਝੜ ਜਾਵੇ ਮੈਂ ਵਾਰੀ ਰੂਪ ਨਾ ਝੜਿਆ ਜਾ।
ਮਾਮੀ ਨੀ ਸੁਣ ਮੇਰੀਏ ਮੈਂ ਵਾਰੀ ਮਾਮੇ ਮੇਰੇ ਨੂੰ ਸਮਝਾ
ਸਾਡੇ ਤਾਂ ਹਾਣ ਦੀਆ ਸਭ ਵਿਆਹੀਆਂ ਗਈਆਂ ਸਾਡੜੇ ਮਨ ਵਿਚ ਚਾਅ
ਮਾਮੇ ਰੋਦੇਂ ਦੀ ਦਾੜੀ ਭਿੱਜੀ ਮੈਂ ਵਾਰੀ ਮਾਮੀ ਦੇ ਨੈਣਾਂ ਚੋਂ ਵਗਿਆ ਦਰਿਆ
ਵੀਰੇ ਰੋਦੇਂ ਦਾ ਰੁਮਾਲ ਭਿਜਾ ਮੈਂ ਵਾਰੀ ਭਾਬੋ ਦੇ ਮਨ ਵਿਚ ਚਾਅ।

ਮੈਂ ਤੈਨੂੰ ਆਖਦੀ ਬਾਬਲਾ
ਮੇਰਾ ਅੱਸੂ ਦਾ ਕਾਜ ਰਚਾ

ਅੰਨ ਨਾ ਤਰਕੇ ਕੋਠੜੀ ਤੇਰਾ ਦਹੀ ਨਾ ਅਮਲਾ ਜਾਵੇ
ਬਾਬਲ ਮੈਂ ਬੇਟੀ ਮੁਟਿਆਰ ਵੇ
ਬਾਬਲ ਧਰਮੀ ਮੈਂ ਬੇਟੀ ਮੁਟਿਆਰ
ਅੰਦਰ ਛੜੀਏ ਬਾਹਰ ਦਨੀਏ ਦਿੱਤਾ ਸੂ ਕਾਜ ਰਚਾ

ਬਾਬਲ ਮੈਂ ਬੇਟੀ ਮੁਟਿਆਰ ਵੇ
ਬਾਬਲ ਧਰਮੀ ਮੈਂ ਬੇਟੀ ਮੁਟਿਆਰ
ਬਾਬਲ ਮੇਰੇ ਦਾਜ ਬਹੁਤ ਦਿੱਤਾ ਮੋਤੀ ਦਿੱਤੇ ਅਣਤੋਲ

ਬਾਬਲ ਮੈਂ ਬੇਟੀ ਮੁਟਿਆਰ ਵੇ
ਬਾਬਲ ਧਰਮੀ ਮੈਂ ਬੇਟੀ ਮੁਟਿਆਰ
ਦਾਜ ਤੇ ਦਾਨ ਬਹੁਤ ਦਿੱਤਾ ਦਿੱਤੇ ਸੂ ਹਸਤ ਲਦਾ
ਹਸਤਾਂ ਦੇ ਪੈਂਰੀ ਬਾਬਲ ਝਾਂਜਰ ਛਣਕਾਰ ਪੈਂਦਾ ਜਾ
ਓ ਬਾਬਲ ਮੈਂ ਬੇਟੀ ਪਰਨਾਂ
ਓ ਬਾਬਲ ਧਰਮੀ ਮੈਂ ਬੇਟੀ ਪਰਨਾ।

ਬਾਬਲ ਜੀ ਦੀ ਫੁੱਲ ਕਿਆਰੀ
ਮੈਂ ਵੀ ਧਣੀਆਂ ਬੀਜਣ ਚੱਲੀ ਆ
ਹੌਲੀ ਹੌਲੀ ਲੰਘ ਕ੍ਰਿਸ਼ਨਾਂ
ਮੈਂ ਤਾਂ ਕੰਨਿਆ ਕੁਆਰੀ

ਕੰਨਿਆ ਕੁਆਰੀ ਰਾਧਕੇ
ਮੈਂ ਵੀ ਕ੍ਰਿਸ਼ਨ ਮੁਰਾਰੀ।

ਚਾਚਾ ਜੀ ਦੀ ਫੁਲ ਕਿਆਰੀ
ਮੈਂ ਵੀ ਧਨੀਆਂ ਬੀਜਣ ਚਲੀ ਆ
ਹੌਲੀ ਹੌਲੀ ਲੰਘ ਕ੍ਰਿਸ਼ਨਾ
ਮੈਂ ਤਾਂ ਕੰਨਿਆ ਕੁਆਰੀ

ਕੰਨਿਆ ਕੁਆਰੀ ਰਾਧਕੇ
ਮੈਂ ਵੀ ਕ੍ਰਿਸ਼ਨ ਮੁਰਾਰੀ

ਵੀਰੇ ਜੀ ਦੀ ਫੁਲ ਕਿਆਰੀ
ਮੈਂ ਵੀ ਧਨੀਆਂ ਬੀਜਣ ਚਲੀ ਆ
ਹੌਲੀ ਹੌਲੀ ਲੰਘ ਕ੍ਰਿਸ਼ਨਾਂ
ਮੈਂ ਤਾਂ ਕੰਨਿਆ ਕੁਆਰੀ

ਕੰਨਿਆ ਕੁਆਰੀ ਰਾਧਕੇ
ਮੈਂ ਵੀ ਕ੍ਰਿਸ਼ਨ ਮੁਰਾਰੀ।

ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ

ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ।
ਆਪਣੇ ਬਾਬਲ ਕੋਲੋਂ ਕੁਝ ਮੰਗ ਲਈਏ
ਬਾਬਲ ਘਰ ਦਿੱਤਾ ਸੋਹਣਾ ਵਰ ਦਿੱਤਾ
ਖਿੜਿਆ ਬਾਗਾਂ ਵਿੱਚੋਂ ਫੁੱਲ ਤੋੜ ਦਿੱਤਾ।

ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
ਆਪਣੇ ਚਾਚੇ ਕੋਲੋਂ ਕੁਝ ਮੰਗ ਲਈਏ
ਚਾਚੇ ਘਰ ਦਿੱਤਾ ਸੋਹਣਾ ਵਰ ਦਿੱਤਾ
ਹਰਿਆ ਬਾਗਾਂ ਵਿੱਚੋਂ ਫੁੱਲ ਤੋੜ ਦਿੱਤਾ।

ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
ਆਪਣੇ ਮਾਮੇ ਕੋਲੋਂ ਕੁਝ ਮੰਗ ਲਈਏ
ਮਾਮੇ ਦਾਜ ਦਿੱਤਾ ਮਾਮੇ ਖਾਰਿਓ ਲਾਹੀ
ਮਾਮੇ ਦਾਨ ਦਿੱਤਾ ਨਾਲੇ ਮਿਲੀ ਵਧਾਈ।

ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
ਬੀਬੀ ਪਤਲੀ ਜੇਹੀਏ ਨੀ ਪਤੰਗ ਜੇਹੀਏ
ਆਪਣੇ ਵੀਰੇ ਕੋਲੋਂ ਕੁਝ ਮੰਗ ਲਈਏ
ਵੀਰੇ ਘਰ ਦਿੱਤਾ ਸੋਹਣਾ ਵਰ ਦਿਤਾ
ਹਰਿਆ ਬਾਗਾਂ ਵਿੱਚੋਂ ਫੁੱਲ ਤੋੜ ਦਿੱਤਾ।

ਵੱਢ ਕਣਕਾਂ ਢੇਰ ਲਾਇਆ

ਸਾਹਿਬ ਪਲੜਾ ਫੇਰਿਆ
ਗੜ ਗਜ ਪੈਂਦੀ ਜੰਨ ਆਈ
ਤੂੰ ਵੇਖ ਬਾਬਲ ਮੇਰਿਆ

ਧੀਆਂ ਦਾ ਬਾਬਲ ਕਦੀ ਨਾ ਨਿਵਿਆ
ਧੀਆ ਨੇ ਆਣ ਨਿਵਾਣਿਆ
ਗਲ ਪਲੜਾ ਪਾ ਕੇ ਅਰਜਾਂ ਕਰਦਾ ਧੀਆਂ ਦਾ

ਧੀਆਂ ਨੇ ਧਨ ਪਰਾਇਆ।

ਵੱਢ ਕਣਕਾਂ ਢੇਰ ਲਾਇਆ
ਸਾਹਿਬ ਪਲੜਾ ਫੇਰਿਆ
ਗੜ ਗਜ ਪੈਂਦੀ ਜੰਨ ਆਈ
ਤੂੰ ਵੇਖ ਵੀਰਾ ਮੇਰਿਆ
ਭੈਣਾਂ ਦਾ ਵੀਰਾ ਕਦੀ ਨਾ ਨਿਵਿਆ
ਭੈਣ ਨੇ ਆਣ ਨਿਵਾ ਲਿਆ
ਗਲ ਪਲੜਾ ਪਾ ਕੇ ਅਰਜਾਂ ਕਰਦਾ
ਧੀਆ ਨੇ ਧਨ ਪਰਾਇਆ।

ਵੱਢ ਕਣਕਾਂ ਢੇਰ ਲਾਇਆ
ਸਾਹਿਬ ਪਲੜਾ ਫੇਰਿਆ
ਗੜ ਗਜ ਪੈਂਦੀ ਜੰਨ ਆਈ
ਤੂੰ ਵੇਖ ਚਾਚਾ ਮੇਰਿਆ
ਧੀਆਂ ਦਾ ਚਾਚਾ ਕਦੀ ਨਾ ਨਿਵਿਆ
ਧੀਆਂ ਨੇ ਆਣ ਨਿਵਾਇਆ
ਗਲ ਪਲੜਾ ਪਾ ਕੇ ਅਰਜਾਂ ਕਰਦਾ
ਧੀਆਂ ਨੇ ਧਨ ਪਰਾਇਆ।

ਕਿਹੜੇ ਤਾਂ ਸ਼ਹਿਰ ਦਾ ਮਾਲੀ ਆ ਜੀ ਬਾਗ ਲਵਾਇਆ
ਕਿਹੜੇ ਤਾਂ ਸ਼ਹਿਰ ਬਾਦਸ਼ਾਹ ਚੜ੍ਹ ਵੇਖਣ ਆਇਆ

ਕੀ ਦੇਈਏ ਇਸ ਮਾਲੀ ਨੂੰ, ਜਿਨ ਬਾਗ ਲਵਾਇਆ।
ਕੀ ਦੇਈਏ ਬਾਦਸ਼ਾਹ, ਚੜ੍ਹ ਵੇਖਣ ਆਇਆ।

ਪੰਜ ਰੁਪਈਏ ਮਾਲੀ ਨੂੰ ਜਿਨ ਬਾਗ ਲਵਾਇਆ।
ਕੰਨਿਆ ਦਾ ਡੋਲਾ ਬਾਦਸ਼ਾਹ, ਚੜ੍ਹ ਵੇਖਣ ਆਇਆ।

ਧਨ ਨੀ ਮਾਏ ਜਣੇਦੀਏ, ਜਿਨ ਲੜਕਾ ਜਾਇਆ।
ਸੋਨੇ ਦਾ ਮੁਕਟ ਸਜਾਈਕੇ, ਸੀਤਾ ਵਿਆਹਣ ਆਇਆ।

ਧੰਨ ਨੀ ਮਾਏ ਜਣੇਦੀਏ, ਜਿਨ ਕੰਨਿਆ ਜਾਈ

ਸੁਬਰ ਚੋਪ ਪਹਿਨਕੇ, ਸੀਤਾ ਸ਼ਗਨਾਂ ਨੂੰ ਆਈ।

ਛੇਤੀ ਕਰ ਵਿਦਾ ਬਾਬਲਾ, ਐਂਡੀ ਦੇਰ ਕਿਉਂ ਲਾਈ
ਇਕ ਨਾ ਕਲੜੀ ਮੈਂ ਚੱਲੀ, ਜੱਗ ਹੁੰਦੜੀ ਆਈ।

ਅੰਦਰ ਬੀਬੀ ਦੀ ਮਾਂ ਰੋਵੇ, ਬਾਹਰ ਰੋਵੇ ਲੁਕਾਈ
ਬੀਬੀ ਦਾ ਬਾਬਲ ਇੰਜ ਰੋਵੇ, ਘਟਾ ਸਾਵਣ ਦੀ ਆਈ।

ਪਰਬਤ ਨਿਵਿਆ ਪਹਾੜਾਂ ਦਾ ਹੋਰ ਨਿਵਿਆ ਨਾ ਕੋਈ
ਨਿਵਿਆ ਬੀਬੀ ਦਾ ਬਾਬਲ, ਜਿਸ ਬੇਟੜੀ ਆਈ।
ਇਕ ਸੀ ਬੇਰੀ ਦਾ ਪੱਤੜਾ, ਸਈਓ ਲਵੇ ਹੁਲਾਰੇ
ਸੁਣਿਓ ਬਾਬਾ ਜੀ ਮੇਰਿਓ, ਪੋਤੀ ਦੂਰ ਨਾ ਵਿਹਾਇਓ।
ਦੂਰਾਂ ਦੇ ਪੰਧ ਪਹਾੜਾਂ ਦੇ ਸਾਥੋਂ ਤੁਰਿਆ ਨਾ ਜਾਵੇ
ਤੁਰਦਿਆਂ ਰੋਂਦੀਆਂ ਅੱਖੀਆਂ, ਪੈਰੀਂ ਪੈ ਗਏ ਛਾਲੇ।
ਇਕ ਸੀ ਬੇਰੀ ਦਾ ਪਤੜਾ, ਸਈਓ ਲਵੇ ਹੁਲਾਰੇ
ਸੁਣਿਓ ਬਾਬਲ ਜੀ ਮੇਰੀਓ ਬੇਟੀ ਦੂਰ ਨਾ ਵਿਆਹਿਓ।
ਦੂਰਾਂ ਦੇ ਪੰਧ ਪਹਾੜਾਂ ਦੇ, ਸਾਥੋਂ ਤੁਰਿਆ ਨਾ ਜਾਵੇ
ਤੁਰਦਿਆਂ ਰੋਂਦੀਆਂ ਅੱਖੀਆਂ, ਪੈਰੀਂ ਪੈ ਗਏ ਛਾਲੇ।
ਇਕ ਸੀ ਬੇਰੀ ਦਾ ਪਤੜਾ, ਸਈਓ ਲਵੇ ਹੁਲਾਰੇ
ਸੁਣਿਓ ਵੀਰ ਜੀ ਮੇਰੀਓ, ਭੈਣ ਦੂਰ ਨਾ ਵਿਆਹਿਓ।
ਦੂਰਾਂ ਦੇ ਪੰਧ ਪਹਾੜਾਂ ਦੇ, ਸਾਥੋਂ ਤੁਰਿਆ ਨਾ ਜਾਵੇ
ਤੁਰਦਿਆਂ ਰੋਂਦੀਆਂ ਅੱਖੀਆਂ, ਪੈਰੀਂ ਪੈ ਗਏ ਛਾਲੇ।
ਇਕ ਸੀ ਬੇਰੀ ਦਾ ਪਤੜਾ, ਸਈਓ ਲਵੇ ਹੁਲਾਰੇ
ਸੁਣਿਓ ਚਾਚਾ ਜੀ ਮੇਰੀਓ, ਧੀ ਦੂਰ ਨਾ ਵਿਆਹੀਓ।
ਦੂਰਾਂ ਦੇ ਪੰਧ ਪਹਾੜਾਂ ਦੇ ਸਾਥੋਂ ਤੁਰਿਆ ਨਾ ਜਾਵੇ
ਤੁਰਦਿਆਂ ਰੋਂਦੀਆਂ ਅੱਖੀਆਂ, ਪੈਰੀਂ ਪੈ ਗਏ ਛਾਲੇ।

ਦਰ ਵਿਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ

ਨ੍ਹਾਵੇਗਾ ਸਾਡੀ ਬੀਬੀ ਦਾ ਬਾਬਾ, ਜਿਸ ਘਰ ਪੋਤੀ ਕੁਆਰੀ ਆਂ
ਨ੍ਹਾਵੇ ਧੋਵੇ ਕੀ ਫਲ ਪਾਵੇ, ਗਊਆਂ ਦਾ ਦਾਨ ਕਰਾਵੇਗਾ

ਦਰ ਵਿੱਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ
ਨ੍ਹਾਵੇਗਾ ਸਾਡੀ ਬੀਬੀ ਦਾ ਬਾਬਲ ਜਿਸ ਘਰ ਕੰਨਿਆ ਕੁਆਰੀ ਆਂ

ਨ੍ਹਾਵੇ ਧੋਵੇ ਕੀ ਫਲ ਪਾਵੇ, ਕੰਨਿਆ ਦਾ ਦਾਨ ਕਰਾਵੇਗਾ।

ਦਰ ਵਿੱਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ
ਨ੍ਹਾਵੇਗਾ ਸਾਡੀ ਬੀਬੀ ਦਾ ਵੀਰਾ, ਜਿਸ ਘਰ ਕੰਨਿਆ ਕੁਆਰੀ ਆਂ
ਨ੍ਹਾਵੇ ਧੋਵੇ ਕੀ ਫਲ ਪਾਵੇ ਚੌਲਾ ਦਾਨ ਕਰਾਵੇਗਾ।

ਦਰ ਵਿੱਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ
ਨ੍ਹਾਵੇਗਾ ਸਾਡੀ ਬੀਬੀ ਦਾ ਮਾਮਾ, ਜਿਸ ਘਰ ਭਾਣਜੀ ਕੁਆਰੀ ਆਂ
ਨ੍ਹਾਵੇ ਧੋਵੇ ਕੀ ਫਲ ਪਾਵੇ, ਮੋਤੀਆ ਦਾ ਦਾਨ ਕਰਾਵੇਗਾ
ਦਰ ਵਿੱਚ ਗੰਗਾ ਵਗੇ ਵਗ ਜਾਵੇ, ਕੌਣ ਸੁ ਧਰਮੀ ਨ੍ਹਾਵੇਗਾ।

ਬੀਬੀ ਦਾ ਜਨਮ ਆ, ਬੀਬੀ ਦੇ ਬਾਬੇ ਨੇ ਸੁਣਿਆ

ਲੱਖ ਦਾਤੇ ਨੇ ਸੁਣਿਆ, ਬੈਠੜਾ ਸੀਸ ਨਿਵਾਇਕੇ।
ਤੂੰ ਕਿਉਂ ਬਾਬਾ ਸੀਸ ਨਿਵਾਇਆ, ਸਿਰ ਗੋਡੀ ਪਾਇਆ
ਕਰਮ ਲਿਆਈ ਮੋਤੀ ਨਾਲ ਲਿਖਾਇਕੇ।
ਬਾਬਾ ਹੱਥ ਫੜ੍ਹ ਸੋਟੀ ਰਾਜ ਕਰ ਪੋਤੀ
ਬੀਬੀ ਦਾ ਵਰ ਟੋਲਣ ਜਾਣਾ
ਘਰ ਵੀ ਟੋਲਿਆ, ਪੋਤੀ ਲਈ ਵਰ ਵੀ ਟੋਲਿਆ
ਵਰ ਸੋਹਣਾ ਟੋਲਿਆ, ਮੈਥੋਂ ਲੇਖ ਟੋਲੇ ਨਾ ਜਾਵਣ।

ਬੀਬੀ ਦਾ ਜਨਮ ਆ, ਬੀਬੀ ਦੇ ਬਾਬਲ ਨੇ ਸੁਣਿਆ
ਲਖ ਦਾਤੇ ਨੇ ਸੁਣਿਆ, ਬੈਠੜਾ ਸੀਸ ਨਿਵਾਇਕੇ
ਤੂੰ ਕਿਉਂ ਬਾਬਲ ਸੀਸ ਨਿਵਾਇਆ, ਸਿਰ ਗੋਡੀ ਪਾਇਆ
ਕਰਮ ਲਿਆਈ ਬੇਟੀ ਨਾਲ ਲਿਖਾਇਕੇ
ਬਾਬਲ ਹੱਥ ਫੜ ਸੋਟੀ ਰਾਜ ਕਰ ਪੋਤੀ
ਬੇਟੀ ਦਾ ਵਰ ਟੋਲਣ ਜਾਣਾ
ਘਰ ਵੀ ਟੋਲਿਆ ਬੇਟੀ ਲਈ ਵਰ ਵੀ ਟੋਲਿਆ
ਚੰਗਾ ਵਰ ਵੀ ਟੋਲਿਆ, ਮੈਥੋਂ ਲੇਖ ਟੋਲੇ ਨਾ ਜਾਵਣ।

ਬੀਬੀ ਦਾ ਜਨਮ ਬੀਬੀ ਦੇ ਚਾਚੇ ਨੇ ਸੁਣਿਆ
ਲਖ ਦਾਤੇ ਨੇ ਸੁਣਿਆ, ਬੈਠੜਾ ਸੀਸ ਨਿਵਾਇਕੇ
ਚਾਚਾ ਤੂੰ ਕਿਉਂ ਸੀਸ ਨਿਵਾਇਆ ਸਿਰ ਗੋਡੀ ਪਾਇਆ
ਕਰਮ ਲਿਆਈ ਬੇਟੀ ਨਾਲ ਲਿਖਾਇਕੇ

ਚਾਚਾ ਹੱਥ ਫੜ ਸੋਟੀ ਰਾਜ ਕਰ ਪੋਤੀ
ਬੇਟੀ ਦਾ ਵਰ ਟੋਲਣ ਜਾਣਾ
ਘਰ ਵੀ ਟੋਲਿਆ ਬੇਟੀ ਵਰ ਵੀ ਟੋਲਿਆ
ਚੰਗਾ ਵਰ ਵੀ ਟੋਲਿਆ, ਮੈਥੋਂ ਲੇਖ ਟੋਲੇ ਨਾ ਜਾਵਣ।

ਚਾਰ ਗੁੱਲੀਆਂ ਰੰਗ ਡੁੱਲ੍ਹੀਆਂ, ਚਵ੍ਹਾਂ ਨੇ ਰੰਗ ਵਟਾਇਆ
ਵਿਸਾਖ ਬੀਬੀ ਦੇ ਦਿਓ ਫੇਰ, ਸੱਦੋ ਬੀਬੀ ਦੇ ਬਾਪ ਨੂੰ
ਬਾਬਲ ਆਇਆ
ਦਾਦੀ ਜਾਇਆ, ਮਾਏ ਨੀ ਤੇਰਾ ਕੰਤ ਆ
ਤਖਤ ਬੈਠਾ ਦਾਨ ਕਰਦਾ ਆਪ ਦੀ ਵਡਿਆਈ ਨੂੰ।

ਚਾਰ ਗੁੱਲੀਆਂ ਰੰਗ ਡੁੱਲ੍ਹੀਆਂ, ਚਵ੍ਹਾਂ ਨੇ ਰੰਗ ਵਟਾਇਆ
ਵਿਸਾਖ ਬੀਬੀ ਦੇ ਦਿਉ ਫੇਰੇ ਸਦੋਂ ਬੀਬੀ ਦੇ ਵੀਰ ਨੂੰ।
ਵੀਰ ਆਇਆ
ਅੰਮਾ ਜਾਇਆ, ਭਾਬੋ ਰਾਵੀ ਤੇਰਾ ਕੰਤ ਆ
ਤਖਤ ਬੈਠਾ ਦਾਨ ਕਰਦਾ ਆਪਣੀ ਵਡਿਆਈ ਨੂੰ।

ਚਾਰ ਗੁੱਲੀਆਂ ਰੰਗ ਡੁੱਲ੍ਹੀਆਂ, ਚਵ੍ਹਾਂ ਨੇ ਰੰਗ ਵਟਾਇਆ
ਵਿਸਾਖ ਬੀਬੀ ਦੇ ਦਿਓ ਫੇਰੇ, ਸੱਦੋ ਬੀਬੀ ਦੇ ਚਾਚੇ ਨੂੰ।
ਚਾਚਾ ਆਇਆ
ਦਾਦੀ ਜਾਇਆ, ਚਾਚੀ ਨੀ ਤੇਰਾ ਕੰਤ ਆ
ਤਖਤ ਬੈਠਾ ਦਾਨ ਕਰਦਾ ਆਪਣੀ ਵਡਿਆਈ ਨੂੰ।

ਚਾਰ ਗੁੱਲੀਆਂ ਰੰਗ ਡੁੱਲੀਆਂ, ਚਵ੍ਹਾਂ ਨੇ ਰੰਗ ਵਟਾਇਆ
ਵਿਸਾਖ ਬੀਬੀ ਦੇ ਦਿਓ ਫੇਰੇ, ਸੱਦੋ ਬੀਬੀ ਦੇ ਮਾਮੇ ਨੂੰ।
ਮਾਮਾ ਆਇਆ
ਨਾਨੀ ਜਾਇਆ, ਮਾਮੀ ਨੀ ਤੇਰਾ ਕੰਤ ਆ
ਤਖਤ ਬੈਠਾ ਦਾਨ ਕਰਦਾ ਆਪਣੀ ਵਡਿਆਈ ਨੂੰ।

ਉਠ ਵੇ ਬਾਬਲ ਸੁੱਤਿਆ
ਧੀਆ ਮਣਸਣ ਦਾ ਵੇਲਾ ਆਇਆ
ਮਹਿਲੀ ਬੋਲਦੇ ਕਬੂਤਰ

ਕਰਦੇ ਗੁਟਕੂੰ ਗੁਟਕੂੰ ਵੇ
ਬਾਗੀ ਕੋਇਲਾਂ ਬੋਲਦੀਆਂ
ਲੈਦੀਆਂ ਰਾਮ ਜੀ ਦਾ ਨਾਮ।

ਉਠ ਵੇ ਵੀਰਾ ਸੁਤਿਆ
ਭੈਣਾਂ ਮਣਸਣ ਦਾ ਵੇਲਾ ਆਇਆ
ਮਹਿਲੀ ਬੋਲਦੇ ਕਬੂਤਰ
ਕਰਦੇ ਗੁਟਕੂੰ ਗੁਟਕੂੰ ਵੇ
ਬਾਗੀ ਕੋਇਲਾਂ ਬੋਲਦੀਆਂ
ਲੈਦੀਆਂ ਰਾਮ ਜੀ ਦਾ ਨਾਮ।

ਉਠ ਵੇ ਚਾਚਾ ਸੁਤਿਆ
ਧੀਆ ਮਣਸਣ ਦਾ ਵੇਲਾ ਆਇਆ
ਮਹਿਲੀ ਬੋਲਦੇ ਕਬੂਤਰ
ਕਰਦੇ ਗੁਟਕੂੰ ਗੁਟਕੂੰ ਵੇ
ਬਾਗੀ ਕੋਇਲਾਂ ਬੋਲਦੀਆਂ
ਲੈਦੀਆਂ ਰਾਮ ਜੀ ਦਾ ਨਾਮ।

ਉਠ ਵੇ ਮਾਮਾ ਸੁਤਿਆ
ਧੀਆ ਸਣਸਣ ਦਾ ਵੇਲਾ ਆਇਆ
ਮਹਿਲੀ ਬੋਲਦੇ ਕਬੂਤਰ
ਕਰਦੇ ਗੁਟਕੂੰ ਗੁਟਕੂੰ ਵੇ
ਬਾਗੀ ਕੋਇਲਾਂ ਬੋਲਦੀਆਂ
ਲੈਦੀਆਂ ਰਾਮ ਜੀ ਦਾ ਨਾਮ।



ਹਰਿਆ ਬਾਗਾਂ ਵੱਲ ਜਾ ਨੀ ਜਾਈਏ

ਬਾਬਲ ਸੁੱਤਾ ਕਿ ਜਾਗੇ
ਨਾ ਮੈਂ ਸੁੱਤਾ ਨਾ ਮੈਂ ਜਾਗਾ ਜਾਈਏ
ਨੈਣੀ ਨੀਂਦ ਨਾ ਆਵੇ।
ਅੱਜ ਵੀ ਜਾਗੋ ਤੇ ਕੱਲ੍ਹ ਵੀ ਜਾਗੋ ਬਾਬਲ
ਪਰਸੋਂ ਸੌਇਓਂ ਨੀਂਦਰ ਭਰ ਕੇ।

ਹਰਿਆ ਬਾਗਾਂ ਵੱਲ ਜਾ ਨੀ ਜਾਈਏ

ਚਾਚਾ ਸੁੱਤਾ ਕਿ ਜਾਗੇ
ਨਾ ਮੈਂ ਸੁੱਤਾ ਨਾ ਮੈਂ ਜਾਗਾ ਜਾਈਏ
ਨੈਣੀ ਨੀਂਦ ਨਾ ਆਵੇ।
ਅੱਜ ਵੀ ਜਾਗੋ ਤੇ ਕੱਲ੍ਹ ਵੀ ਜਾਗੋ ਚਾਚਾ
ਪਰਸੋਂ ਸੌਇਓਂ ਨੀਂਦਰ ਭਰ ਕੇ।

ਹਰਿਆ ਬਾਗਾਂ ਵੱਲ ਜਾ ਨੀ ਜਾਈਏ
ਵੀਰਾ ਸੁੱਤਾ ਕਿ ਜਾਗੇ
ਨਾ ਮੈਂ ਸੁੱਤਾ ਨਾ ਮੈਂ ਜਾਗਾ ਜਾਈਏ
ਨੈਣੀ ਨੀਂਦ ਨਾ ਆਵੇ।
ਅੱਜ ਵੀ ਜਾਗੋ ਤੇ ਕੱਲ੍ਹ ਵੀ ਜਾਗੋ ਵੀਰਾ
ਪਰਸੋਂ ਸੌਇਓਂ ਨੀਂਦਰ ਭਰ ਕੇ।

ਬੀਬੀ ਦਾ ਬਾਬਲ ਦਾਨ ਕਰਦਾ

ਭਰ ਲੋਟਾ ਇਸ਼ਨਾਨ ਕਰਦਾ
ਭਰ ਚੂਲੀ ਪ੍ਰਣਾਮ ਕਰਦਾ
ਪਰ੍ਹਿਆ ਪੰਚਾਂ ਅੱਗੇ ਅਰਜ਼ ਕਰਦਾ
ਅੱਜ ਮੇਰੇ ਕੋਲੋਂ ਇਹੀ ਸਰਦਾ
ਲੈ ਲੈ ਨੀ ਰੁਖਸਤ ਰਾਵੀਏ
ਲੈ ਲੈ ਨੀ ਭਾਈਆਂ ਪਿਆਰੀਏ।

ਬੀਬੀ ਦਾ ਮਾਮਾ ਦਾਨ ਕਰਦਾ
ਭਰ ਲੋਟਾ ਇਸ਼ਨਾਨ ਕਰਦਾ
ਭਰ ਚੂਲੀ ਪ੍ਰਣਾਮ ਕਰਦਾ
ਪਰ੍ਹਿਆ ਪੰਚਾਂ ਅੱਗੇ ਅਰਜ਼ ਕਰਦਾ
ਅੱਜ ਮੇਰੇ ਕੋਲੋਂ ਇਹੀ ਸਰਦਾ
ਲੈ ਲੈ ਨੀ ਰੁਖਸਤ ਰਾਵੀਏ
ਲੈ ਲੈ ਨੀ ਭਾਈਆਂ ਪਿਆਰੀਏ।

ਬੀਬੀ ਦਾ ਵੀਰਾ ਦਾਨ ਕਰਦਾ
ਭਰ ਲੋਟਾ ਇਸ਼ਨਾਨ ਕਰਦਾ
ਭਰ ਚੂਲੀ ਪ੍ਰਣਾਮ ਕਰਦਾ
ਪਰ੍ਹਿਆ ਪੰਚਾਂ ਅੱਗੇ ਅਰਜ਼ ਕਰਦਾ

ਅੱਜ ਮੇਰੇ ਕੋਲੋਂ ਇਹੀ ਸਰਦਾ
ਲੈ ਲੈ ਨੀ ਰੁਖਸਤ ਰਾਵੀਏ
ਲੈ ਲੈ ਨੀ ਭਾਈਆਂ ਪਿਆਰੀਏ।

ਬੀਬੀ ਦਾ ਚਾਚਾ ਦਾਨ ਕਰਦਾ
ਭਰ ਲੋਟਾ ਇਸ਼ਨਾਨ ਕਰਦਾ
ਭਰ ਚੂਲੀ ਪ੍ਰਣਾਮ ਕਰਦਾ
ਪਰ੍ਹਿਆ ਪੰਚਾਂ ਅੱਗੇ ਅਰਜ਼ ਕਰਦਾ
ਅੱਜ ਮੇਰੇ ਕੋਲੋਂ ਇਹੀ ਸਰਦਾ
ਲੈ ਲੈ ਨੀ ਰੁਖਸਤ ਰਾਵੀਏ
ਲੈ ਲੈ ਨੀ ਭਾਈਆਂ ਪਿਆਰੀਏ।

ਸੁਣ ਨੀ ਮਾਏ ਮੇਰੀਏ, ਮੇਰੇ ਬਾਬਲ ਨੂੰ ਸਮਝਾ
ਧੀ ਹੋਈ ਲਟਬਾਵਰੀ, ਕਿਸੇ ਨੌਕਰ ਦੇ ਲੜ ਲਾ
ਧੀਏ ਨੀ ਸੁਣ ਮੇਰੀਏ ਤੂੰ ਐਸੇ ਬੋਲ ਨਾ ਬੋਲ
ਜਿੱਥੇ ਗੁਜਾਰੇ ਬਾਰਾਂ ਵਰ੍ਹੇ ਉੱਥੇ ਛੇ ਮਹੀਨੇ ਹੋਰ
ਬਾਰਾਂ ਵਰ੍ਹੇ ਮੈਂ ਤਾਂ ਲੰਘਾਏ
ਮੇਰਾ ਮਾਤਾ ਨਾਲ ਪਿਆਰ
ਹੁਣ ਨਾ ਰਹਿਸਾਂ ਇਕ ਘੜੀ
ਮੇਰਾ ਅਨ ਜਲ ਹੋਇਆ ਤਿਆਰ।

ਸੁਣ ਨੀ ਭਾਬੋ ਮੇਰੀਏ
ਮੇਰੇ ਵੀਰੇ ਨੂੰ ਸਮਝਾ
ਧੀ ਹੋਈ ਲਟਬਾਵਰੀ
ਕਿਸੇ ਨੌਕਰ ਦੇ ਲੜ ਲਾ
ਭੈਣੇ ਨੀ ਸੁਣ ਮੇਰੀਏ
ਤੂੰ ਐਸੇ ਬੋਲ ਨਾ ਬੋਲ
ਜਿੱਥੇ ਗੁਜਾਰੇ ਬਾਰਾਂ ਵਰ੍ਹੇ
ਉੱਥੇ ਛੇ ਮਹੀਨੇ ਹੋਰ
ਬਾਰਾਂ ਵਰ੍ਹੇ ਮੈਂ ਤਾਂ ਲੰਘਾਏ
ਮੇਰਾ ਸਖੀਆਂ ਨਾਲ ਪਿਆਰ
ਹੁਣ ਨਾ ਰਹਿਸਾਂ ਇਕ ਘੜੀ
ਮੇਰਾ ਅਨ ਜਲ ਹੋਇਆ ਤਿਆਰ।

ਸੁਣ ਨੀ ਚਾਚੀ ਮੇਰੀਏ
ਮੇਰੇ ਚਾਚੇ ਨੂੰ ਸਮਝਾ
ਧੀ ਹੋਈ ਲਟਬਾਵਰੀ
ਕਿਸੇ ਨੌਕਰ ਦੇ ਲੜ ਲਾ
ਧੀਏ ਨੀ ਸੁਣ ਮੇਰੀਏ
ਤੂੰ ਐਸੇ ਬੋਲ ਨਾ ਬੋਲ
ਜਿੱਥੇ ਗੁਜਾਰੇ ਬਾਰਾਂ ਵਰ੍ਹੇ
ਉੱਥੇ ਛੇ ਮਹੀਨੇ ਹੋਰ
ਬਾਰਾਂ ਵਰ੍ਹੇ ਮੈਂ ਤਾਂ ਲੰਘਾਏ
ਮੇਰਾ ਸਖੀਆਂ ਨਾਲ ਪਿਆਰ
ਹੁਣ ਨਾ ਰਹਿਸਾਂ ਇਕ ਘੜੀ
ਮੇਰਾ ਅਨਜਲ ਹੋਇਆ ਤਿਆਰ।

ਮਾਏ ਮੇਰੀਏ ਮਹਿਲਾਂ ਦੀਏ ਰਾਣੀਏ
ਮੇਰੇ ਬਾਬਲ ਨੇ ਦਿਤੜਾ ਦੂਰ ਨੀ
ਜੇ ਮੈਂ ਜਾਵਾ ਪੈ ਜਾਵੇ ਰਾਤ ਨੀ
ਵੀਰ ਮਿਲਦੇ ਤਾਂ ਚੜ੍ਹ ਜਾਵੇ ਚੰਦ ਨੀ
ਮਾਪੇ ਮਿਲਦੇ ਤਾਂ ਪੈ ਜਾਵੇ ਠੰਡ ਨੀ
ਵਿਛੋੜੇ ਵਾਲੀ ਰਾਤ ਮੈਂ ਕਿਉਂ ਜੰਮੀ।

ਚਾਚੀ ਮੇਰੀਏ ਨੀ ਮਹਿਲਾਂ ਦੀਏ ਰਾਣੀਏ
ਨੀ ਮੇਰੇ ਚਾਚੇ ਨੇ ਦਿਤੜਾ ਦੂਰ ਨੀ
ਜੇ ਆਵਾਂ ਤਾਂ ਪੈ ਜਾਵੇ ਰਾਤ ਨੀ
ਵੀਰ ਮਿਲਦੇ ਤਾਂ ਚੜ੍ਹ ਜਾਵੇ ਚੰਦ ਨੀ
ਮਾਪੇ ਮਿਲਦੇ ਤਾਂ ਪੈ ਜਾਵੇ ਠੰਡ ਨੀ
ਵਿਛੋੜੇ ਵਾਲੀ ਰਾਤ ਮੈਂ ਕਿਉਂ ਜੰਮੀ।

ਭਾਬੋ ਮੇਰੀਏ ਨੀ ਮਹਿਲਾਂ ਦੀਏ ਰਾਣੀਏ
ਨੀ ਮੇਰੇ ਵੀਰ ਨੇ ਦਿਤੜਾ ਦੂਰ ਨੀ
ਜੇ ਆਵਾਂ ਤਾਂ ਪੈ ਜਾਵੇ ਰਾਤ ਨੀ
ਵੀਰ ਮਿਲਦੇ ਤਾਂ ਚੜ੍ਹ ਜਾਵੇ ਚੰਦ ਨੀ
ਮਾਪੇ ਮਿਲਦੇ ਤਾਂ ਪੈ ਜਾਵੇ ਠੰਡ ਨੀ

ਵੀਰ ਮਿਲਦੇ ਤਾਂ ਚੜ੍ਹ ਜਾਵੇ ਚੰਦ ਨੀ
ਮਾਪੇ ਮਿਲਦੇ ਤਾਂ ਪੈ ਜਾਵੇ ਠੰਡ ਨੀ
ਵਿਛੋੜੇ ਵਾਲੀ ਰਾਤ ਮੈਂ ਕਿਉਂ ਜੰਮੀ।



ਮੇਰਾ ਤੇ ਵਰ ਘਰ ਤੂੰ ਟੋਲੀ ਵੇ ਬਾਬਲ ਮੇਰਿਆ

ਪੱਲੇ ਤਾਂ ਬੰਨ ਲਈ ਖਰਚ ਵੇ
ਤੁਰਿਆ ਤੁਰਿਆ ਬਾਬਲ ਜਾ ਲੱਬੀ
ਖੂਹਾਂ ਤੇ ਅੰਬਾਂ ਥੱਲੇ ਛਾਂਵੇ
ਝਿਰਮਟ ਖੇਡਣ ਦੋ ਜਣੇ
ਇੱਕ ਗੋਰਾ ਤੇ ਇਕ ਸਾਂਵਲਾ
ਗੋਰਾ ਤੇ ਵਰ ਘਰ ਤੂੰ ਟੋਲੀ
ਵੇ ਬਾਬਲ ਮੇਰਿਆ
ਤੇ ਕਾਲਾ ਸਖੀਓ ਸਹੇਲੀ।

ਮੇਰਾ ਤੇ ਵਰ ਘਰ ਤੂੰ ਟੋਲੀ ਵੇ ਚਾਚਾ ਮੇਰਿਆ
ਪਲੇ ਤੇ ਬੰਨ ਲਈ ਖਰਚ ਵੇ
ਤੁਰਿਆ ਤੁਰਿਆ ਚਾਚਾ ਜਾ ਲੱਬੀ
ਖੂਹਾਂ ਤੇ ਅੰਬਾਂ ਥੱਲੇ ਛਾਂਵੇ
ਝਿਰਮਟ ਖੇਡਣ ਦੋ ਜਣੇ
ਇੱਕ ਗੋਰਾ ਤੇ ਇਕ ਸਾਂਵਲਾ
ਗੋਰਾ ਤੇ ਵਰ ਘਰ ਤੂੰ ਟੋਲੀ
ਵੇ ਬਾਬਲ ਮੇਰਿਆ, ਤੇ ਕਾਲਾ ਸਖੀਓ ਸਹੇਲੀ।

ਮੇਰਾ ਤੇ ਵਰ ਘਰ ਤੂੰ ਟੋਲੀ ਵੇ ਵੀਰਾ ਮੇਰਿਆ
ਪਲੇ ਤੇ ਬੰਨ ਲਈ ਖਰਚ ਵੇ
ਤੁਰਿਆ ਤੁਰਿਆ ਵੀਰਾ ਜਾ ਲੱਬੀ
ਖੂਹਾਂ ਤੇ ਅੰਬਾਂ ਥੱਲੇ ਛਾਂਵੇ
ਝਿਰਮਟ ਖੇਡਣ ਦੋ ਜਣੇ
ਇੱਕ ਗੋਰਾ ਤੇ ਇਕ ਸਾਂਵਲਾ
ਗੋਰਾ ਤੇ ਵਰ ਘਰ ਤੂੰ ਟੋਲੀ
ਵੇ ਬਾਬਲ ਮੇਰਿਆ
ਤੇ ਕਾਲਾ ਸਖੀਓ ਸਹੇਲੀ।

ਚੜ੍ਹ ਚੌਦਵੀਂ ਦਿਆ ਚੰਨਾ ਚਾਨਣ ਕਰੀਂ ਵੇ ਚੁਫੇਰੇ
ਕਿਸੇ ਰਾਜੇ ਨੇ ਢੁੱਕਣਾ ਮੇਰੇ ਬਾਬੇ ਦੇ ਵਿਹੜੇ
ਮੇਰੇ ਬਾਬੇ ਦੇ ਲਾਗੀਓ
ਗਲੀਆਂ ਖੂਬ ਸਜਾਇਓ
ਬਾਬਾ ਦੇਸਾ ਦਾ ਰਾਜਾ
ਕਿਤੇ ਨਿੰਦਿਆ ਨਾ ਜਾਵੇ

ਚੜ੍ਹ ਚੌਦਵੀਂ ਦਿਆ ਚੰਨਾ ਚਾਨਣ ਕਰੀਂ ਵੇ ਚੁਫੇਰੇ
ਕਿਸੇ ਰਾਜੇ ਨੇ ਢੁੱਕਣਾ ਮੇਰੇ ਬਾਬਲ ਦੇ ਵਿਹੜੇ
ਮੇਰੇ ਬਾਬਲ ਦੇ ਲਾਗੀਓ
ਗਲੀਆਂ ਖੂਬ ਸਜਾਇਓ
ਬਾਬਲ ਦੇਸਾ ਦਾ ਰਾਜਾ
ਕਿਤੇ ਨਿੰਦਿਆ ਨਾ ਜਾਵੇ

ਚੜ੍ਹ ਚੌਦਵੀਂ ਦਿਆ ਚੰਨਾ ਚਾਨਣ ਕਰੀਂ ਵੇ ਚੁਫੇਰੇ
ਕਿਸੇ ਰਾਜੇ ਨੇ ਢੁੱਕਣਾ ਮੇਰੇ ਵੀਰੇ ਦੇ ਵਿਹੜੇ
ਮੇਰੇ ਵੀਰੇ ਦੇ ਲਾਗੀਓ
ਗਲੀਆਂ ਖੂਬ ਸਜਾਇਓ
ਵੀਰਾ ਦੇਸਾ ਦਾ ਰਾਜਾ
ਕਿਤੇ ਨਿੰਦਿਆ ਨਾ ਜਾਵੇ

ਬਣ ਫੁੱਲੀ ਬਣ ਵੇਲ ਸਦਾ ਬਣ ਫੁੱਲੀਏ
ਫੁੱਲ ਲੱਗੇ ਗੁਲਾਨਾਰੀ
ਸਦਾ ਚੰਬਾ ਮੋਹ ਲਈਏ
ਜਿਸ ਘਰ ਪੰਜੇ ਸਪੁੱਤਰ
ਬਾਲੀ ਕੰਨਿਆ ਕੁਆਰੀ ਆ
ਪੰਜੇ ਕਰਨ ਵਿਚਾਰ
ਕੰਨਿਆ ਵਰ ਟੋਲ ਲਈਏ
ਕੌਣ ਕਰੇ ਸੀਸਪਾਲ
ਕੌਣ ਕਹੇ ਅਸਲ ਆ
ਕੌਣ ਕਹੇ ਗੋਬਿੰਦ

ਕੌਣ ਕਹੇ ਕ੍ਰਿਸ਼ਨ ਆ
ਮਾਤਾ ਕਹੇ ਸੀਸਪਾਲ
ਪਿਤਾ ਕਹੇ ਅਸਲ ਆ
ਵੀਰਾ ਕਹੇ ਗੋਬਿੰਦ
ਭਾਬੋ ਕਹੇ ਕ੍ਰਿਸ਼ਨ ਆ

ਨਾ ਦਾਈਏ ਸੀਸਪਾਲ
ਨਾ ਦੇਈਏ ਅਸਲ ਨੂੰ
ਨਾ ਦਾਈਏ ਗੋਬਿੰਦ ਕੰਨਿਆ
ਕੰਨਿਆ ਦਈਏ ਕ੍ਰਿਸ਼ਨ ਨੂੰ

ਲਿਆਵੋ ਪਿਤਲ ਪਰਾਤ
ਕਿ ਸੱਤ ਸਪਾਰੀ ਆ
ਬੀਬੀ ਬੋਲੇ ਸਣੀਆ
ਕ੍ਰਿਸ਼ਨ ਸੰਗ ਸਾਲੀਆ
ਲਿਆਵੋ ਚਾਰੇ ਥੰਮੀਆ
ਚੰਦੋਆ ਤਾਣੀਏ
ਇਨ੍ਹਾ ਥੰਮੀਆ ਦੇ ਅੰਦਰ
ਹਰ ਮੰਗਤ ਗਾਵੀਏ
ਲਿਆਵੋ ਲਈਏ ਲਕੋਇ
ਘਰੋਂ ਘਰ ਢੋਹ ਲਈਏ
ਕਾਹੇਂ ਕਲਮ ਦਵਾਤ
ਕਾਹੇਂ ਤੇਰਾ ਰਾਜ ਕਰਾ
ਕਾਹੇਂ ਪਾਲਵਾ ਸ਼ਾਹੀ
ਕਾਹੇਂ ਉੱਤੇ ਲਿਖ ਧਰਾ
ਸੋਨੇ ਪਾ ਲਵਾ ਸ਼ਾਹੀ
'ਕੋਰੇ' ਉੱਤੇ ਲਿਖ ਧਰਾ।

ਮਾਏ ਨੀ ਸੁਣ ਮੇਰੀਏ
ਬਚਨਾਂ ਤੋਂ ਕਿਉਂ ਹਰੀ
ਵਰ ਮੇਰਾ ਗੋਬਿੰਦ
ਕ੍ਰਿਸ਼ਨ ਅੱਗੇ ਲਿਖ ਧਾਰੀ
ਪਾਂਧੇ ਪੜ੍ਹਨ ਪੋਥੀਆਂ
ਸਾਜਨ ਮੈਨੂੰ ਲੈ ਚੱਲੇ

ਇਹ ਬੀਬੀ ਤੇਰੇ ਬਚਨ ਸੰਪੂਰਨ ਕੋ ਚੱਲੇ
ਮਾਏ ਨੀ ਸੁਣ ਮੇਰੀਏ ਇਥੇ ਕਿਉਂ ਖੜੀ
ਧੀਆਂ ਮਨੋਂ ਨੀ ਵਿਸਾਰ
ਨੂੰਹਾਂ ਉੱਤੇ ਦਿਲਧਰੀ

ਨਦੀ ਦੇ ਕਿਨਾਰੇ ਕਿਨਾਰੇ

ਬੰਨਾ ਅਸਵਾਰ ਫਿਰੇ
ਦਿਓ ਮੇਰੇ ਬਾਬਾ ਜੀ ਘੋੜਾ
ਬੰਨਾ ਮੇਰਾ ਚੜ੍ਹ ਆਵੇਗਾ
ਪੈਦੀ ਆ ਨਿੱਕੀ ਨਿੱਕੀ ਭੂਰ
ਭਿੱਜੇ ਉਹਦਾ ਜਰੀਂ ਦਾ ਜੋੜਾ
ਭਿੱਜੇਗਾ ਜੋੜਾ ਭਿੱਜੇਗੀ ਬਰਾਤ
ਨਾਲੇ ਭਿੱਜੇ ਰੰਗ ਰਤੜਾ

ਨਦੀ ਦੇ ਕਿਨਾਰੇ ਕਿਨਾਰੇ
ਬੰਨਾ ਅਸਵਾਰ ਫਿਰੇ
ਦਿਓ ਮੇਰੇ ਬਾਬਲ ਜੀ ਘੋੜਾ
ਬੰਨਾ ਮੇਰਾ ਚੜ੍ਹ ਆਵੇਗਾ
ਪੈਦੀ ਆ ਨਿੱਕੀ ਨਿੱਕੀ ਭੂਰ
ਭਿੱਜੇ ਉਹਦਾ ਜਰੀਂ ਦਾ ਜੋੜਾ
ਭਿੱਜੇਗਾ ਜੋੜਾ ਭਿੱਜੇਗੀ ਬਰਾਤ
ਨਾਲੇ ਭਿੱਜੇ ਰੰਗ ਰਤੜਾ

ਨਦੀ ਦੇ ਕਿਨਾਰੇ ਕਿਨਾਰੇ
ਬੰਨਾ ਅਸਵਾਰ ਫਿਰੇ
ਦਿਓ ਮੇਰੇ ਚਾਚਾ ਜੀ ਘੋੜਾ
ਬੰਨਾ ਮੇਰਾ ਚੜ੍ਹ ਆਵੇਗਾ
ਪੈਦੀ ਆ ਨਿੱਕੀ ਨਿੱਕੀ ਭੂਰ
ਭਿੱਜੇ ਉਹਦਾ ਜਰੀਂ ਦਾ ਜੋੜਾ
ਭਿੱਜੇਗਾ ਜੋੜਾ ਭਿੱਜੇਗੀ ਬਰਾਤ
ਨਾਲੇ ਭਿੱਜੇ ਰੰਗ ਰਤੜਾ

ਚਿੱਟੀਏ ਚਾਦਰੇ ਨੀ ਮੱਛੀ ਕੰਡੇ ਸੀਤੀਏ
ਤੇਰੇ ਪੁਰ ਵਰਸਿਆ ਨੀ ਨਦੀਆਂ ਦਾ ਨੀਰ ਆਂ
ਬਾਬਲ ਮੇਰਿਆ ਵੇ ਦੇਸਾ ਦਿਆ ਰਾਜਿਆਂ
ਤੂੰ ਸਾਨੂੰ ਦਿੱਤਾ ਨਦੀਆਂ ਤੋਂ ਪਾਰ ਆਂ
ਧੀਏ ਮੇਰੀਏ ਨੀ ਸੰਜੋਗਾਂ ਦੀ ਘੇਰੀਏ
ਕਾਨ੍ਹ ਤੇਰਾ ਜਰਮਿਆ ਨੀ ਨਦੀਆਂ ਤੋਂ ਪਾਰ ਆਂ

ਚਾਚਾ ਮੇਰਿਆ ਵੇ ਦੇਸਾ ਦਿਆ ਰਾਜਿਆਂ
ਤੂੰ ਸਾਨੂੰ ਦਿੱਤਾ ਨਦੀਆਂ ਤੋਂ ਪਾਰ ਆਂ
ਧੀਏ ਮੇਰੀਏ ਨੀ ਸੰਜੋਗਾਂ ਦੀ ਘੇਰੀਏ
ਕਾਨ੍ਹ ਤੇਰਾ ਜਰਮਿਆ ਨੀ ਨਦੀਆਂ ਤੋਂ ਪਾਰ ਆਂ

ਵੀਰਾ ਮੇਰਿਆ ਵੇ ਦੇਸਾ ਦਿਆ ਰਾਜਿਆਂ
ਤੂੰ ਸਾਨੂੰ ਦਿੱਤਾ ਨਦੀਆਂ ਤੋਂ ਪਾਰ ਆਂ
ਭੈਣੇ ਮੇਰੀਏ ਨੀ ਸੰਜੋਗਾਂ ਦੀ ਘੇਰੀਏ
ਕਾਨ੍ਹ ਤੇਰਾ ਜਰਮਿਆ ਨੀ ਨਦੀਆਂ ਤੋਂ ਪਾਰ ਆਂ

ਚਿੱਟੀਏ ਚਾਦਰੇ ਨੀ ਮੱਛੀ ਕੰਡੇ ਸੀਤੀਏ
ਤੇਰੇ ਪੁਰ ਵਰਸਿਆ ਨੀ ਨਦੀਆਂ ਦਾ ਨੀਰ ਆਂ

ਖੂਹੇ ਤੇ ਪਾਣੀ ਭਰੇਦੀਏ
ਕੋਈ ਅੱਡੀਆਂ ਮਲ ਮਲ ਧੋ
ਬਾਗੀ ਚੰਬਾ ਖਿੜ ਪਿਆ
ਕੋਈ ਬੈਠੀ ਹਾਰ ਪਰੋ

ਸੁਣ ਨੀ ਦਾਦੀ ਮੇਰੀਏ
ਮੇਰੇ ਦਾਦੇ ਨੂੰ ਸਮਝਾ
ਪੋਤੀ ਜਵਾਨ ਹੋ ਗਈ
ਕਿਸੇ ਜੋਗੀ ਦੇ ਲੜ ਲਾ
ਸੁਣ ਨੀ ਪੋਤੀ ਮੇਰੀਏ
ਤੂੰ ਐਡੇ ਬੋਲ ਨਾ ਬੋਲ

ਜਿੱਥੇ ਬਿਤਾਏ ਬਾਰ੍ਹਾ ਵਰ੍ਹੇ
ਉੱਥੇ ਇਕ ਮਹੀਨਾ ਹੋਰ
ਬਾਰ੍ਹਾਂ ਵਰ੍ਹੇ ਮੈਂ ਤਾਂ ਬਿਤਾਏ
ਮੈਨੂੰ ਖੇਡਣ ਦਾ ਸੀ ਚਾਅ
ਹੁਣ ਨਾ ਕੱਟਦੀ ਇਕ ਘੜੀ
ਸਭ ਸਈਆ ਸਹੁਰੇ ਜਾ

ਖੂਹੇ ਤੇ ਪਾਣੀ ਭਰੇਦੀਏ
ਕੋਈ ਅੱਡੀਆਂ ਮਲ ਮਲ ਧੋ
ਬਾਗੀ ਚੰਬਾ ਖਿੜ ਪਿਆ
ਕੋਈ ਬੈਠੀ ਹਾਰ ਪਰੋ
ਸੁਣ ਨੀ ਮਾਤਾ ਮੇਰੀਏ
ਮੇਰੇ ਬਾਬਲ ਨੂੰ ਸਮਝਾ
ਬੇਟੀ ਜਵਾਨ ਹੋ ਗਈ
ਕਿਸੇ ਜੋਗੀ ਦੇ ਲੜ ਲਾ
ਸੁਣ ਨੀ ਬੇਟੀ ਮੇਰੀਏ
ਤੂੰ ਐਡੇ ਬੋਲ ਨਾ ਬੋਲ
ਜਿੱਥੇ ਬਿਤਾਏ ਬਾਰ੍ਹਾਂ ਵਰ੍ਹੇ
ਉੱਥੇ ਇਕ ਮਹੀਨਾ ਹੋਰ
ਬਾਰ੍ਹਾਂ ਵਰ੍ਹੇ ਮੈਂ ਤਾਂ ਬਿਤਾਏ
ਮੈਨੂੰ ਖੇਡਣ ਦਾ ਸੀ ਚਾਅ
ਹੁਣ ਨਾ ਕੱਟਦੀ ਇਕ ਘੜੀ
ਸਭ ਸਈਆ ਸਹੁਰੇ ਜਾ

ਖੂਹੇ ਤੇ ਪਾਣੀ ਭਰੇਦੀਏ
ਕੋਈ ਅੱਡੀਆਂ ਮਲ ਮਲ ਧੋ
ਬਾਗੀ ਚੰਬਾ ਖਿੜ ਪਿਆ
ਕੋਈ ਬੈਠੀ ਹਾਰ ਪਰੋ
ਸੁਣ ਨੀ ਭਾਬੋਂ ਮੇਰੀਏ
ਮੇਰੇ ਵੀਰੇ ਨੂੰ ਸਮਝਾ
ਭੈਣ ਜਵਾਨ ਹੋ ਗਈ
ਕਿਸੇ ਜੋਗੀ ਦੇ ਲੜ ਲਾ
ਸੁਣ ਨੀ ਨਣਦੇ ਮੇਰੀਏ
ਤੂੰ ਐਡੇ ਬੋਲ ਨਾ ਬੋਲ

ਜਿੱਥੇ ਬਿਤਾਏ ਬਾਰ੍ਹਾਂ ਵਰ੍ਹੇ
ਉੱਥੇ ਇਕ ਮਹੀਨਾ ਹੋਰ
ਬਾਰ੍ਹਾਂ ਵਰ੍ਹੇ ਮੈਂ ਤਾਂ ਬਿਤਾਏ
ਮੈਨੂੰ ਖੇਡਣ ਦਾ ਸੀ ਚਾਅ
ਹੁਣ ਨਾ ਕੱਟਦੀ ਇਕ ਘੜੀ
ਸਭ ਸਈਆ ਸਹੁਰੇ ਜਾ

ਦਾਦੀ ਕਹਿੰਦੀ ਪੋਤੀ ਮੇਰੀਏ
ਤੈਨੂੰ ਸੂਰਜ ਦਾ ਵਰ ਦੇਣਾ
ਜਦ ਚਮਕੇ ਦਾਦੀ ਮੇਰੀਏ
ਮੇਰੇ ਸਾਲੂ ਦਾ ਰੰਗ ਭਿੱਜਦਾ
ਮਾਤਾ ਕਹਿੰਦੀ ਬੇਟੀ ਮੇਰੀਏ
ਤੈਨੂੰ ਸੂਰਜ ਦਾ ਵਰ ਦੇਣਾ
ਜਦ ਚਮਕੇ ਮਾਤਾ ਮੇਰੀਏ
ਮੇਰੇ ਸਾਲੂ ਦਾ ਲੜ ਭਿੱਜਦਾ
ਭਾਬੋ ਕਹਿੰਦੀ ਨਣਦੇ ਮੇਰੀਏ
ਤੈਨੂੰ ਸੂਰਜ ਦਾ ਵਰ ਦੇਣਾ
ਜਦ ਚਮਕੇ ਭਾਬੋ ਮੇਰੀਏ
ਮੇਰੇ ਸਾਲੂ ਦਾ ਰੰਗ ਭਿੱਜਦਾ
ਨਾਨੀ ਕਹਿੰਦੀ ਦੋਤੀ ਮੇਰੀਏ
ਤੈਨੂੰ ਸੂਰਜ ਦਾ ਵਰ ਦੇਣਾ
ਜਦ ਵਰਸੇ ਨਾਨੀ ਮੇਰੀਏ
ਮੇਰੇ ਸਾਲੂ ਦਾ ਰੰਗ ਭਿੱਜਦਾ
ਚਾਚੀ ਕਹਿੰਦੀ ਧੀਏ ਮੇਰੀਏ
ਤੈਨੂੰ ਸੂਰਜ ਦਾ ਵਰ ਦੇਣਾ
ਜਦ ਚਮਕੇ ਚਾਚੀ ਮੇਰੀਏ
ਮੈਨੂੰ ਰਿਸ਼ਮਾਂ ਤੋਂ ਡਰ ਲੱਗਦਾ
ਜਦ ਵਰਸੇ ਚਾਚੀ ਮੇਰੀਏ
ਮੇਰੇ ਸਾਲੂ ਦਾ ਰੰਗ ਭਿੱਜਦਾ

ਬੀਬੀ ਬਾਬੇ ਤੇਰੇ ਦੀ ਬਗੀਚੀ
ਹਰੀਅਲ ਤੋਤਾ ਬੋਲਦਾ

ਤੋਤਾ ਖਾਂਦਾ ਸੀ ਹਰੀ ਹਰੀ ਦਾਖ
ਛੁਹਾਰਾ ਟੁੱਕ ਸੁੱਟਦਾ
ਤੋਤਾ ਪੀਦਾ ਸੀ ਨਦੀਆਂ ਦਾ ਨੀਰ
ਉਡਾਰੀ ਲੰਮੀ ਮਾਰਦਾ
ਤੋਤਾ ਪੀਦਾ ਸੀ ਕੱਚਾ ਦੁੱਧ
ਬੋਲ ਸੱਚੇ ਬੋਲਦਾ

ਬੀਬੀ ਬਾਬਲ ਤੇਰੇ ਦੀ ਬਗੀਚੀ
ਹਰੀਅਲ ਤੋਤਾ ਬੋਲਦਾ
ਤੋਤਾ ਖਾਂਦਾ ਸੀ ਹਰੀ ਹਰੀ ਦਾਖ
ਛੁਹਾਰਾ ਟੁੱਕ ਸੁੱਟਦਾ
ਤੋਤਾ ਪੀਦਾ ਸੀ ਨਦੀਆਂ ਦਾ ਨੀਰ
ਉਡਾਰੀ ਲੰਮੀ ਮਾਰ ਦਾ
ਤੋਤਾ ਪੀਦਾ ਸੀ ਕੱਚਾ ਦੁੱਧ
ਬੋਲ ਸੱਚੇ ਬੋਲਦਾ

ਬੀਬੀ ਵੀਰੇ ਤੇਰੇ ਦੀ ਬਗੀਚੀ
ਹਰੀਅਲ ਤੋਤਾ ਬੋਲਦਾ
ਤੋਤਾ ਖਾਂਦਾ ਸੀ ਹਰੀ ਹਰੀ ਦਾਖ
ਛੁਹਾਰਾ ਟੁੱਕ ਸੁੱਟਦਾ
ਤੋਤਾ ਪੀਦਾ ਸੀ ਨਦੀਆਂ ਦਾ ਨੀਰ
ਉਡਾਰੀ ਲੰਮੀ ਮਾਰਦਾ
ਤੋਤਾ ਪੀਦਾ ਸੀ ਕੱਚਾ ਦੁੱਧ
ਬੋਲ ਸੱਚੇ ਬੋਲਦਾ



ਬੀਬੀ ਨੀ ਲਾਡਲੀਏ ਬੀਬੀ ਰਾਜੇ ਦਾ ਵਰ ਕਿਥੋਂ ਪਾ ਲਿਆਏ

ਖੜ੍ਹੀ ਸੀ ਮੈਂ ਆਪਣੇ ਬਾਬਲ ਦੁਆਰੇ ਧਰਮੀ ਦੁਆਰੇ
ਸੱਤ ਸਹੇਲੀਆਂ ਖੇਡਣ ਨਾਲੇ ਸਿਰਦਾ ਚੌਂਕ ਪਰਾਦੀਆਂ ਨਾਲੇ
ਬਾਹਾਂ ਦਾ ਚੂੜਾ, ਕਲੀਰੇ ਨਾਲੇ, ਪੈਰਾਂ ਦੀ ਝਾਂਜਰ ਛਣ ਛਣ ਛਣਕੇ
ਨਾ ਮੈਂ ਸੱਦਿਆ ਨਾ ਮੈਂ ਬੁਲਾਇਆ, ਆਪ ਰਾਜਾ ਆ ਗਿਆ ਏ
ਬੀਬੀ ਨੀ ਲਾਡਲੀਏ, ਬੀਬੀ ਰਾਜੇ ਦਾ ਵਰ ਕਿਥੋਂ ਪਾ ਲਿਆ ਏ
ਖੜ੍ਹੀ ਸੀ ਮੈਂ ਆਪਣੇ ਵੀਰੇ ਦੁਆਰੇ, ਧਰਮੀ ਦੁਆਰੇ
ਸੱਤ ਸਹੇਲੀਆਂ ਖੇਡਣ ਨਾਲੇ, ਸਿਰਦਾ ਚੌਂਕ ਪਰਾਂਦੀਆਂ ਨਾਲੇ

ਬਾਹਾਂ ਦਾ ਚੂੜਾ ਕਲ੍ਹੀਰੇ ਨਾਲੇ, ਪੈਰਾਂ ਦੀ ਝਾਂਜਰ ਛਣ ਛਣ ਛਣਕੇ
ਨਾ ਮੈਂ ਸੱਦਿਆ ਨਾ ਮੈਂ ਬੁਲਾਇਆ, ਆਪ ਰਾਜਾ ਆ ਗਿਆ ਏ।
ਬੀਬੀ ਲਾਡਲੀਏ ਰਾਜੇ ਦਾ ਵਰ ਕਿਥੋਂ ਪਾ ਲਿਆਏ
ਖੜੀ ਸੀ ਮੈਂ ਆਪਣੇ ਮਾਮੇ ਦੁਆਰੇ, ਧਰਮੀ ਦੁਆਰੇ
ਸੱਤ ਸਹੇਲੀਆਂ ਖੇਡਣ ਨਾਲੇ ਸਿਰ ਦਾ ਚੌਂਕ ਪਰਾਂਦੀਆਂ ਨਾਲੇ
ਬਾਹਾਂ ਦਾ ਚੂੜਾ ਕਲ੍ਹੀਰੇ ਨਾਲੇ, ਪੈਰਾ ਦੀ ਝਾਂਜਰ ਛਣ ਛਣ ਛਣਕੇ
ਨਾ ਮੈਂ ਸੱਦਿਆ ਨਾ ਮੈਂ ਬੁਲਾਇਆ, ਆਪ ਰਾਜਾ ਆ ਗਿਆ ਏ।

ਦਰ ਵਿੱਚ ਬੈਠੀ ਬੀਬੀ ਦਾਤਣ ਕਰਦੀ

ਕਰਦੀ ਏ ਬਾਬਲ ਜੀ ਦੀਆਂ ਮਿੰਨਤਾਂ
ਬਾਬਲ ਦੇਸ ਜਾਇਓ ਪਰਦੇਸ ਜਾਇਓ
ਮੇਰੀ ਜੋੜੀ ਦਾ ਵਰ ਟੋਲ ਲਿਆਇਓ
ਰਾਤ ਰਹੀਏ ਬੇਟੀ ਜਾਤ ਪੁੱਛੀਏ
ਦਿਨਰੀਏ ਉਹਦਾ ਗੋਤ ਪੁਛੀਏ
ਤੇਰੀ ਜੋੜੀ ਦਾ ਵਰ ਟੋਲ ਲਈਏ

ਦਰ ਵਿੱਚ ਬੈਠੀ ਬੀਬੀ ਦਾਤਣ ਕਰਦੀ
ਕਰਦੀ ਏ ਵੀਰ ਜੀ ਦੀਆਂ ਮਿੰਨਤਾਂ
ਵੀਰਾ ਦੇਸ ਜਾਇਓ ਪਰਦੇਸ ਜਾਇਓ
ਮੇਰੀ ਜੋੜੀ ਦਾ ਵਰ ਟੋਲ ਲਿਆਇਓ
ਰਾਤ ਰਹੀਏ ਭੈਣੇ ਜਾਤ ਪੁੱਛੀਏ
ਦਿਨ ਰਹੀਏ ਉਹਦਾ ਗੋਤ ਪੁੱਛੀਏ
ਤੇਰੀ ਜੋੜੀ ਦਾ ਵਰ ਟੋਲ ਲਈਏ

ਦਰ ਵਿੱਚ ਬੈਠੀ ਬੀਬੀ ਦਾਤਣ ਕਰਦੀ
ਕਰਦੀ ਏ ਮਾਮਾ ਜੀ ਦੀਆਂ ਮਿੰਨਤਾਂ
ਮਾਮਾ ਦੇਸ ਜਾਇਓ ਪਰਦੇਸ ਜਾਇਓ
ਮੇਰੀ ਜੋੜੀ ਦਾ ਵਰ ਟੋਲ ਲਿਆਇਓ
ਰਾਤ ਰਹੀਏ ਬੇਟੀ ਜਾਤ ਪੁੱਛੀਏ
ਦਿਨ ਰਹੀਏ ਉਹਦਾ ਗੋਤ ਪੁੱਛੀਏ
ਤੇਰੀ ਜੋੜੀ ਦਾ ਵਰ ਟੋਲ ਲਈਏ

ਉੱਚੇ ਉੱਚੇ ਮਹਿਲ ਪੁਆਏ
ਛਤਾਏ ਰਾਜੇ ਰਾਵਟੀਆਂ
ਹਰਿਆ ਹਰਿਆ ਗੋਹਾ ਮੰਗਾਵੇ
ਲਿਆਏ ਰਾਜੇ ਰਾਵਟੀਆਂ
ਚਿੱਟੇ ਚਿੱਟੇ ਚਾਵਲ ਛੜਾਵੋ
ਸਦਾ ਰਾਜੇ ਰਾਵਟੀਆਂ
ਉੱਚੇ ਚੜ੍ਹ ਸੁੱਤਾ ਬੀਬੀ ਦਾ ਬਾਬਲ
ਕਾਹੇ ਤੈਨੂੰ ਨੀਂਦ ਪਈ
ਨਾ ਮੈਨੂੰ ਨੀਂਦ ਆਵੇ
ਕਿਹੀ ਮੈਨੂੰ ਚਿੰਤਾ ਪਈ
ਮੇਰੇ ਘਰ ਕੰਨਿਆ ਕੁਆਰੀ
ਸਲੋਨੀ ਬੇਟੀ ਵਰ ਮੰਗਦੀ

ਉੱਚੇ ਉੱਚੇ ਮਹਿਲ ਪੁਆਵੇ
ਛਤਾਏ ਰਾਜੇ ਰਾਵਟੀਆਂ
ਹਰਾ ਹਰਾ ਗੋਹਾ ਮੰਗਾਵੇ
ਲਿਆਵੋ ਰਾਜੇ ਰਾਵਟੀਆਂ
ਚਿੱਟੇ ਚਿੱਟੇ ਚਾਵਲ ਛੜਾਵੋ
ਸਦਾਓ ਰਾਜੇ ਰਾਵਟੀਆਂ
ਉੱਚੇ ਚੜ੍ਹ ਸੁੱਤਾ ਬੀਬੀ ਦਾ ਬਾਬਾ
ਕਾਹੇ ਤੈਨੂੰ ਨੀਂਦ ਪਈ
ਨਾ ਮੈਨੂੰ ਨੀਂਦ ਆਵੇ
ਕਿਹੀ ਮੈਨੂੰ ਚਿੰਤਾ ਪਈ
ਮੇਰੇ ਘਰ ਪੋਤੀ ਕੁਆਰੀ
ਸਲੋਨੀ ਬੇਟੀ ਵਰ ਮੰਗਦੀ

ਉੱਚੇ ਉੱਚੇ ਮਹਿਲ ਪੁਆਏ
ਛਤਾਵੇ ਰਾਜੇ ਰਾਵਟੀਆਂ
ਹਰਿਆ ਹਰਿਆ ਗੋਹਾ ਮੰਗਾਵੇ
ਲਿਆਏ ਰਾਜੇ ਰਾਵਟੀਆਂ
ਚਿੱਟੇ ਚਿੱਟੇ ਚਾਵਲ ਛੜਾਵੋ
ਸਦਾਓ ਰਾਜੇ ਰਾਵਟੀਆਂ
ਉੱਚੇ ਚੜ੍ਹ ਸੁੱਤਾ ਬੀਬੀ ਦਾ ਵੀਰਾ

ਕਾਹੇ ਤੈਨੂੰ ਨੀਂਦ ਪਈ
ਨਾ ਮੈਨੂੰ ਨੀਂਦ ਆਵੇ
ਕਿਹੀ ਮੈਨੂੰ ਚਿੰਤਾ ਪਈ
ਮੇਰੇ ਘਰ ਭੈਣ ਕੁਆਰੀ
ਸਲੋਨੀ ਬੇਟੀ ਵਰ ਮੰਗਦੀ

ਮੈਂ ਬਾਬਲ ਵਿਹੜੇ ਗਈ

ਜੀ ਸੁਹਾਗ ਮੰਗਣ ਗਈ
ਮੂਹੋਂ ਕਹਿ ਨਾ ਸਕਦੀ ਕੋਈ
ਬਾਬਲ ਵਰ ਦਿੱਤਾ ਹਰਵਾਲਾ
ਅੱਖਾਂ ਬਿੱਲੀਆਂ ਤੇ ਕੱਜਲ ਕਾਲਾ
ਸੋਹਣੀ ਸੂਰਤ ਰੱਬ ਰਖਵਾਲਾ
ਪਰ ਨਾਂ ਨਾ ਜਾਣਦੀ

ਮੈਂ ਵੀਰੇ ਵਿਹੜੇ ਰਾਣੀ
ਜੀ ਸੁਹਾਗ ਮੰਗਣ ਗਈ
ਮੂਹੋਂ ਕਹਿ ਨਾ ਸਕਦੀ ਕੋਈ
ਵੀਰੇ ਵਰ ਦਿੱਤਾ ਹਰ ਵਾਲਾ
ਅੱਖਾਂ ਬਿੱਲੀਆ ਤੇ ਕੱਜਲ ਕਾਲਾ
ਸੋਹਣੀ ਸੂਰਤ ਰੱਬ ਰਖਵਾਲਾ
ਪਰ ਨਾਂ ਨਾ ਜਾਣਦੀ

ਮੈਂ ਚਾਚੇ ਵਿਹੜੇ ਗਈ
ਜੀ ਸੁਹਾਗ ਮੰਗਣ ਗਈ
ਮੂਹੋਂ ਕਹਿ ਨਾ ਸਕਦੀ ਕੋਈ
ਚਾਚੇ ਵਰ ਦਿੱਤਾ ਹਰ ਵਾਲਾ
ਅੱਖਾਂ ਬਿੱਲੀਆਂ ਤੇ ਕੱਜਲ ਕਾਲਾ
ਸੋਹਣੀ ਸੂਰਤ ਰੱਬ ਰਖਵਾਲਾ
ਪਰ ਨਾਂ ਨਾ ਜਾਣਦੀ

ਮੈਂ ਮਾਮੇ ਵਿਹੜੇ ਗਈ
ਜੀ ਸੁਹਾਗ ਮੰਗਣ ਗਈ
ਮੂਹੋਂ ਕਹਿ ਨਾ ਸਕਦੀ ਕੋਈ

ਮਾਮੇ ਵਰ ਦਿੱਤਾ ਹਰਵਾਲਾ
ਅੱਖਾਂ ਬਿਲੀਆਂ ਤੇ ਕੱਜਲ ਕਾਲਾ
ਸੋਹਣੀ ਸੂਰਤ ਰੱਬ ਰਖਵਾਲਾ
ਪਰ ਨਾਂ ਨਾ ਜਾਣਦੀ

ਅਸੀਂ ਬਾਬੇ ਪੋਤੀਆਂ ਚਾਰ
ਚਾਰੇ ਲਾਡਲੀਆਂ
ਸਾਨੂੰ ਚੋਹਾਂ ਨੂੰ, ਸਾਨੂੰ ਚੋਹਾਂ ਨੂੰ
ਦਿੱਤੜਾ ਦਾਜ ਘੋੜੇ ਪਾਲਕੀਆਂ
ਅਸੀਂ ਜਾਣਾ ਅਸੀਂ ਜਾਣਾ
ਨਦੀਓ ਪਾਰ
ਵਿਚ ਪਹਾੜ
ਪਰਬਤ ਸਾਡੇ ਆਲ੍ਹਣੇ

ਅਸੀਂ ਬਾਬਲ ਧੀਆਂ ਚਾਰ
ਚਾਰੇ ਲਾਡਲੀਆਂ
ਸਾਨੂੰ ਚੋਹਾਂ ਨੂੰ, ਸਾਨੂੰ ਚੋਹਾਂ ਨੂੰ
ਦਿੱਤੜਾ ਦਾਜ ਘੋੜੇ ਪਾਲਕੀਆਂ
ਅਸੀਂ ਜਾਣਾ ਨਦੀਓ ਪਾਰ
ਵਿੱਚ ਪਹਾੜ
ਪਰਬਤ ਸਾਡੇ ਆਲ੍ਹਣੇ

ਅਸੀਂ ਵੀਰੇ ਭੈਣਾ ਚਾਰ
ਚਾਰੇ ਲਾਡਲੀਆਂ
ਸਾਨੂੰ ਚੋਹਾਂ ਨੂੰ, ਸਾਨੂੰ ਚੋਹਾਂ ਨੂੰ
ਦਿੱਤੜਾ ਘੋੜੇ ਪਾਲਕੀਆਂ
ਅਸੀਂ ਜਾਣਾ ਨਦੀਓ ਪਾਰ
ਵਿੱਚ ਪਹਾੜ
ਪਰਬਤ ਸਾਡੇ ਆਲ੍ਹਣੇ।

ਰੱਤੀਏ ਨੀ ਡੱਬੀਏ ਕੋਈ ਮੋਤੀਆ ਜੜੀਏ
ਰੱਖਦੀਏ ਗੋਦੀ ਵਿਚ ਪਾ ਕੋਈ

ਰੱਖਦੀ ਏ ਗੋਦੀ ਵਿਚ ਪਾ
ਆ ਨੀ ਮਾਏ ਆਪਾਂ ਗੱਲਾਂ ਕਰੀਏ
ਆਈ ਵਿਛੋੜੇ ਵਾਲੀ ਰਾਤ
ਨੀ ਮਾਏ ਆਈ ਵਿਛੋੜੇ ਵਾਲੀ ਰਾਤ
ਕੀਕਣ ਧੀਏ ਆਪਾਂ ਗੱਲਾਂ ਕਰੀਏ
ਸੱਜਣ ਖੜੇ ਬੂਹਿਓ ਬਾਹਰ

ਰੱਤੀਏ ਨੀ ਡੱਬੀਏ ਕੋਈ ਮੋਤੀਆ ਜੜੀਏ
ਰੱਖਦੀ ਏ ਗੋਦੀ ਵਿਚ ਪਾ ਨੀ ਅੜੀਏ
ਰੱਖਦੀਏ ਗੋਦੀ ਵਿਚ ਪਾ
ਆ ਨੀ ਭਾਬੋ ਕੋਈ ਗੱਲਾਂ ਕਰੀਏ
ਆਈ ਵਿਛੋੜੇ ਵਾਲੀ ਰਾਤ
ਕੀਕਣ ਨਣਦੇ ਆਪਾਂ ਗੱਲਾਂ ਕਰੀਏ
ਸੱਜਣ ਖੜ੍ਹੇ ਬੂਹਿਓ ਬਾਹਰ

ਰੱਤੀਏ ਨੀ ਡੱਬੀਏ ਕੋਈ ਮੋਤੀਆ ਜੜੀਏ
ਰੱਖਦੀ ਏ ਗੋਦੀ ਵਿਚ ਪਾ ਨੀ ਅੜੀਏ
ਰੱਖਦੀਏ ਗੋਦੀ ਵਿਚ ਪਾ
ਆ ਨੀ ਚਾਚੀ ਆਪਾਂ ਗੱਲਾਂ ਕਰੀਏ
ਆਈ ਵਿਛੋੜੇ ਵਾਲੀ ਰਾਤ
ਕੀਕਣ ਧੀਏ ਆਪਾਂ ਗੱਲਾਂ ਕਰੀਏ
ਸੱਜਣ ਖੜ੍ਹੇ ਬੂਹਿਓ ਬਾਹਰ



ਨੀ ਬੀਬੀ ਬਾਬਲ ਦਿਆਂ ਮਹਿਲਾਂ ਵਿੱਚ ਕਿਉਂ ਖੜ੍ਹੀ?
ਮੈਂ ਤਾਂ ਵੇਖਾ ਸੱਜਣ ਜੀ ਦੀ ਚਾਲ
ਸੱਜਣ ਆਏ ਹਸਤੀ ਚੜ੍ਹੀ
ਬਾਬਲ ਆਉਦਿਆਂ ਸੱਜਣਾਂ ਦੇ ਧੋਇਓ ਚਰਨ
ਜਲੇਬੀ ਦਿਓ ਰਸ ਭਰੀ

ਨੀ ਬੀਬੀ ਚਾਚੇ ਦਿਆਂ ਮਹਿਲਾਂ ਵਿੱਚ ਕਿਉਂ ਖੜ੍ਹੀ?
ਮੈਂ ਤਾਂ ਵੇਖਾ ਸੱਜਣ ਜੀ ਦੀ ਚਾਲ
ਸੱਜਣ ਆਏ ਹਸਤੀ ਚੜ੍ਹੀ
ਚਾਚਾ ਆਉਦਿਆਂ ਸੱਜਣਾਂ ਦੇ ਧੋਇਓ ਚਰਨ

ਜਲੇਬੀ ਦਿਓ ਰਸ ਭਰੀ

ਨੀ ਬੀਬੀ ਵੀਰੇ ਦਿਆਂ ਮਹਿਲਾਂ ਵਿੱਚ ਕਿਉਂ ਖੜ੍ਹੀ?
ਮੈਂ ਤਾਂ ਵੇਖਾ ਸੱਜਣ ਜੀ ਦੀ ਚਾਲ
ਸੱਜਣ ਆਏ ਹਸਤੀ ਚੜ੍ਹੀ
ਵੀਰਾ ਆਉਦਿਆਂ ਸੱਜਣਾਂ ਦੇ ਧੋਇਓ ਚਰਨ
ਜਲੇਬੀ ਦਿਓ ਰਸ ਭਰੀ

ਨੀ ਬੀਬੀ ਮਾਮੇ ਦਿਆਂ ਮਹਿਲਾਂ ਵਿੱਚ ਕਿਉਂ ਖੜ੍ਹੀ?
ਮੈਂ ਤਾਂ ਵੇਖਾ ਸੱਜਣ ਜੀ ਦੀ ਚਾਲ
ਸੱਜਣ ਆਏ ਹਸਤੀ ਚੜ੍ਹੀ
ਮਾਮਾ ਆਉਦਿਆਂ ਸੱਜਣਾਂ ਦੇ ਧੋਇਓ ਚਰਨ
ਜਲੇਬੀ ਦਿਓ ਰਸ ਭਰੀ

ਬੀਬੀ ਸੁੱਤੀ ਸੁੱਤੀ ਝੱਟ ਜਾਗ ਲੈ

ਆਪਣੇ ਬਾਬਲ ਕੋਲੋਂ ਕੁਝ ਮੰਗ ਲੈ
ਤੇਰਾ ਬਾਬਲ ਬੜਾ ਈ ਦਲੇਰ ਨੀ
ਲਖਦਾਤਾ ਤੇ ਬੜਾ ਈ ਅਮੀਰ ਨੀ
ਨੀ ਅਗਵਾੜੇ ਦਾ ਦਾਜ ਵਿਆਜ ਦਾ
ਮੇਰੀ ਬੀਬੀ ਦੇ ਮੱਥੇ ਭਾਗ ਭਲਾ

ਬੀਬੀ ਸੁੱਤੀ ਸੁੱਤੀ ਝੱਟ ਜਾਗ ਲੈ
ਆਪਣੇ ਵੀਰੇ ਕੋਲੋਂ ਕੁਝ ਮੰਗ ਲੈ
ਤੇਰਾ ਵੀਰਾ ਬੜਾ ਈ ਦਲੇਰ ਨੀ
ਲਖਦਾਤਾ ਤੇ ਬੜਾ ਈ ਅਮੀਰ ਨੀ
ਨੀ ਅਗਵਾੜੇ ਦਾ ਦਾਜ ਵਿਆਜ ਦਾ
ਮੇਰੀ ਬੀਬੀ ਦੇ ਮੱਥੇ ਭਾਗ ਭਲਾ

ਬੀਬੀ ਸੁੱਤੀ ਸੁੱਤੀ ਝੱਟ ਜਾਗ ਲੈ
ਆਪਣੇ ਮਾਮੇ ਕੋਲੋਂ ਕੁਝ ਮੰਗ ਲੈ
ਤੇਰਾ ਮਾਮਾ ਬੜਾ ਈ ਦਲੇਰ ਨੀ
ਲਖਦਾਤਾ ਤੇ ਬੜਾ ਈ ਅਮੀਰ ਨੀ
ਨੀ ਅਗਵਾੜੇ ਦਾ ਦਾਜ ਵਿਆਜ ਦਾ

ਮੇਰੀ ਬੀਬੀ ਦੇ ਮੱਥੇ ਭਾਗ ਭਲਾ

ਘੋੜੀਆਂ



ਜੀਵੇ ਬੰਨੜਾ ਓਮਰਾ ਸਾਰੀਆਂ

ਜੀਵੇ ਬੰਨੜਾ ਓਮਰਾ ਸਾਰੀਆਂ
ਵੇ ਤੇਰੇ ਗਾਨੇ ਤੋਂ ਮੈਂ ਵਾਰੀ ਆ
ਗਾਨੇ ਵਾਲੇ ਤੋਂ ਬਲਿਹਾਰੀ ਆ
ਜੀਵੇ ਬੰਨੜਾ ਓਮਰਾ ਸਾਰੀਆਂ
ਤੇਰੀ ਮਹਿੰਦੀ ਤੋਂ ਮੈਂ ਵਾਰੀ ਆ
ਮਹਿੰਦੀ ਵਾਲੇ ਤੋਂ ਬਲਿਹਾਰੀ ਆ
ਜੀਵੇ ਬੰਨੜਾ ਉਮਰਾਂ ਸਾਰੀਆਂ
ਤੇਰੀ ਘੋੜੀ ਤੋਂ ਮੈਂ ਵਾਰੀ ਆ
ਘੋੜੀ ਵਾਲੇ ਤੋਂ ਬਲਿਹਾਰੀ ਆ
ਜੀਵੇ ਬੰਨੜਾ ਉਮਰਾ ਸਾਰੀਆਂ
ਤੇਰੀ ਬੰਨੋਂ ਤੋਂ ਮੈਂ ਵਾਰੀ ਆ
ਬੰਨੋਂ ਵਾਲੇ ਤੋਂ ਬਲਿਹਾਰੀ ਆ
ਜੀਵੇ ਬੰਨੜਾ ਉਮਰਾ ਸਾਰੀਆਂ



ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ

ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ
ਤੇਰੇ ਬਾਬੇ ਹਜ਼ਾਰਾਂ ਦੀ ਮੁੱਲ ਲਈ
ਤੇਰੀ ਦਾਦੀ ਨੇ ਵਾਰੀ ਮੋਤੀ ਆਲੜ੍ਹੀ
ਹੀਰਿਆ ਨਾਲ ਜੜੀ ਵੇ ਵੀਰਾ
ਤੇਰੀ ਘੋੜੀ ਦਰਵਾਜੇ ਖੜ੍ਹੀ

ਤੇਰੇ ਬਾਬਲ ਹਜ਼ਾਰਾਂ ਦੀ ਮੁੱਲ ਲਈ
ਤੇਰੀ ਅੰਮਾ ਨੇ ਵਾਰੀ ਮੋਤੀਆਂ ਲੜੀ
ਮੋਤੀਆਂ ਦੀ ਲੜੀ ਹੀਰਿਆਂ ਨਾਲ ਜੜੀ
ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ।

ਤੇਰੇ ਨਾਨੇ ਹਜ਼ਾਰਾਂ ਦੀ ਮੁੱਲ ਲਈ

ਤੇਰੀ ਨਾਨੀ ਨੇ ਵਾਰੀ ਮੋਤੀਆਂ ਲੜੀ
ਮੋਤੀਆਂ ਦੀ ਲੜੀ ਹੀਰਿਆਂ ਨਾਲ ਜੜੀ
ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ।

ਤੇਰੇ ਮਾਮੇ ਹਜ਼ਾਰਾਂ ਦੀ ਮੁੱਲ ਲਈ
ਤੇਰੀ ਮਾਮੀ ਵਾਰੇ ਮੋਤੀਆਂ ਲੜੀ
ਮੋਤੀਆਂ ਦੀ ਲੜੀ ਹੀਰਿਆਂ ਨਾਲ ਜੜੀ
ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ।

ਤੇਰੇ ਤਾਏ ਹਜ਼ਾਰਾਂ ਦੀ ਮੁੱਲ ਲਈ
ਤੇਰੀ ਤਾਈ ਵਾਰੇ ਮੋਤੀਆਂ ਲੜੀ
ਮੋਤੀਆ ਦੀ ਲੜੀ ਹੀਰਿਆਂ ਨਾਲ ਜੜੀ
ਵੇ ਵੀਰਾ ਤੇਰੀ ਘੋੜੀ ਦਰਵਾਜੇ ਖੜ੍ਹੀ।

ਸੋਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ
ਜਦੋਂ ਲੱਗੀਆਂ ਵੀਰਾ ਤੈਨੂੰ ਮਾਈਆਂ
ਤੇਰੀ ਅੰਮੜੀ ਨੂੰ ਮਿਲਣ ਵਧਾਈਆਂ
ਲਟਕਦੇ ਵਾਲ ਸੁਣੀਦੇ
ਸੋਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।

ਤੇਰੇ ਸਿਰ ਤੇ ਸੱਜਣ ਲੜੀਆਂ ਵੇ
ਤੇਰੇ ਨਾਲ ਭੈਣਾਂ ਭਾਬੀਆਂ ਖੜੀਆਂ ਵੇ
ਲਟਕਦੇ ਵਾਲ ਸੋਨੇ ਦੇ
ਸੋਹਣਿਆ ਵੀਰਾ ਵੇ
ਤੈਨੂੰ ਘੋੜੀ ਚੜ੍ਹੇਨੀ ਆਂ

ਜਦ ਤੂੰ ਚੜ੍ਹਿਆ ਵੀਰਾ ਘੋੜੀ ਵੇ
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ
ਲਟਕਦੇ ਵਾਲ ਸੋਨੇ ਦੇ
ਸੋਹਣਿਆ ਵੀਰਾ ਵੇ
ਤੈਨੂੰ ਘੋੜੀ ਚੜ੍ਹੇਨੀ ਆਂ

ਜਦ ਲਈਆਂ ਵੀਰਾ ਤੂੰ ਲਾਵਾਂ ਵੇ

ਤੇਰੇ ਕੋਲ ਖਲੋਤੀਆਂ ਮਾਵਾਂ ਵੇ
ਲਟਕਦੇ ਵਾਲ ਸੋਨੇ ਦੇ
ਸੋਹਣਿਆ ਵੀਰਾ ਵੇ
ਤੈਨੂੰ ਘੋੜੀ ਚੜ੍ਹੇਨੀ ਆਂ

ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ
ਆ ਵੇ ਬੰਨਾ ਬੰਨ੍ਹ ਸ਼ਗਨਾਂ ਦਾ ਗਾਨਾ
ਗਾਨੇ ਦੇ ਫੁਸਣ ਚਾਰ
ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਆ ਵੇ ਬੰਨਾ ਲਾ ਸ਼ਗਨਾਂ ਦੀ ਮਹਿੰਦੀ
ਆ ਵੇ ਬੰਨਾ ਲਾ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ
ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਆ ਵੇ ਬੰਨਾ ਚੜ੍ਹ ਸ਼ਗਨਾਂ ਦੀ ਘੋੜੀ
ਆ ਵੇ ਬੰਨਾ ਚੜ੍ਹ ਸ਼ਗਨਾਂ ਦੀ ਘੋੜੀ
ਜੋੜੀ ਭਰਾਵਾਂ ਦੀ ਨਾਲ
ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਆ ਵੇ ਬੰਨਾ ਲੈ ਸ਼ਗਨਾਂ ਦੀਆਂ ਲਾਵਾਂ
ਆ ਵੇ ਬੰਨਾ ਲੈ ਸ਼ਗਨਾਂ ਦੀਆਂ ਲਾਵਾਂ
ਨਿੱਕੀ ਜਿਹੀ ਬੰਨੋਂ ਤੇਰੇ ਨਾਲ
ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਆ ਵੇ ਬੰਨਾ ਲਿਆ ਸ਼ਗਨਾਂ ਦੀ ਡੋਲੀ
ਆ ਵੇ ਬੰਨਾ ਲਿਆ ਸ਼ਗਨਾਂ ਦੀ ਡੋਲੀ
ਮਾਂ ਤੇਰੀ ਪਾਣੀ ਪੀਵੇ ਵਾਰ

ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ
ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਉਠ ਨੀ ਰਾਵੇਲ ਘੋੜੀ ਬਾਬਲ ਵਿਹੜੇ ਜਾਹ

ਮੇਰੇ ਬਾਬਲ ਦੇ ਮਨ ਸ਼ਾਦੀਆਂ
ਮੇਰੀ ਮਾਤਾ ਦੇ ਮਨ ਚਾਅ
ਨੀ ਘੋੜੀ ਪਈ ਆ ਸੁਵੱਲੜੇ ਰਾਹ
ਨੀ ਘੋੜੀ ਚੁਰਾਦੀਆਂ ਹਰਿਆਂ ਘਾਹ
ਨੀ ਘੋੜੀ ਪੀਂਦੀ ਠੰਡੜਾ ਨੀਰ
ਉੱਤੇ ਚੜ੍ਹਿਆ ਭੈਣਾਂ ਦਾ ਵੀਰ
ਹੱਥ ਵਿੱਚ ਰੇਸ਼ਮੀ ਰੁਮਾਲ
ਮੋਢੇ ਢਾਲ ਤੇ ਤਲਵਾਰ
ਸਾਰੀ ਜੰਨ ਦਾ ਸਰਦਾਰ
ਘੋੜੀ ਰਾਂਗਨੀ ਸਈਓ

ਉਠ ਨੀ ਰਾਵੇਲ ਘੋੜੀ ਨਾਨੇ ਵਿਹੜੇ ਜਾਹ
ਮੇਰੇ ਨਾਨੇ ਦੇ ਮਨ ਸ਼ਾਦੀਆਂ
ਮੇਰੀ ਨਾਨੀ ਦੇ ਮਨ ਚਾਅ
ਨੀ ਘੋੜੀ ਪਈ ਆ ਸੁਵੱਲੜੇ ਰਾਹ
ਨੀ ਘੋੜੀ ਚੁਰਾਦੀਆਂ ਹਰਿਆਂ ਘਾਹ
ਨੀ ਘੋੜੀ ਪੀਂਦੀ ਠੰਡੜਾ ਨੀਰ
ਉੱਤੇ ਚੜ੍ਹਿਆ ਭੈਣਾਂ ਦਾ ਵੀਰ
ਹੱਥ ਵਿੱਚ ਰੇਸ਼ਮੀ ਰੁਮਾਲ
ਮੋਢੇ ਢਾਲ ਤੇ ਤਲਵਾਰ
ਸਾਰੀ ਜੰਨ ਦਾ ਸਰਦਾਰ
ਘੋੜੀ ਰਾਂਗਨੀ ਸਈਓ

ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ

ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ

ਵੀਰਾ ਵੇ ਜੰਨ ਬਾਬਲ ਨਾਲ ਸਜੇ
ਵੀਰਾ ਵੇ ਮਾਤਾ ਵੇਲਾ ਵਾਰ ਨਾ ਰੱਜੇ
ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ

ਵੀਰਾ ਵੇ ਜੰਨ ਮਾਮੇ ਦੇ ਨਾਲ ਸਜੇ,
ਵੀਰਾ ਵੇ ਮਾਮੀ ਵੇਲਾ ਵਾਰ ਨਾ ਰੱਜੇ,
ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ।

ਵੀਰਾ ਵੇ ਜੰਨ ਫੁੱਫੜ ਨਾਲ ਸਜੇ
ਵੀਰਾ ਵੇ ਭੂਆ ਵੇਲਾ ਵਾਰ ਨਾ ਰੱਜੇ,
ਵੀਰਾ ਵੇ ਨੀਲੀ ਘੋੜੀ ਛਣ ਛਣ ਪੈਰ ਧਰੇ।

ਵੀਰਾ ਵੇ ਜੰਨ ਜੀਜੇ ਨਾਲ ਸਜੇ,
ਵੀਰਾ ਵੇ ਭੈਣ ਵੇਲਾ ਵਾਰ ਨਾ ਰੱਜੇ,
ਵੀਰਾ ਵੇ ਨੀਲੀ ਘੋੜੀ ਪੈਰ ਛਣ ਛਣ ਧਰੇ।

ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੂਰੋਂ ਦੂਰੋਂ ਭੈਣਾਂ ਆਈਆਂ ਤੇਰੇ ਸ਼ਗਨ ਮਨਾਣੇ ਨੂੰ
ਭੈਣਾਂ ਦੇ ਨਾਲ ਜੀਜੇ ਆਏ ਨਾਲ ਬਰਾਤ ਦੇ ਜਾਣੇ ਨੂੰ
ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੂਰੋਂ ਦੂਰੋਂ ਭਾਬੀਆਂ ਆਈਆਂ ਤੇਰੇ ਸ਼ਗਨ ਮਨਾਣੇ ਨੂੰ
ਭਾਬੀਆਂ ਦੇ ਨਾਲ ਵੀਰੇ ਆਏ ਨਾਲ ਬਰਾਤ ਦੇ ਜਾਣੇ ਨੂੰ
ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੂਰੋਂ ਦੂਰੋਂ ਭੂਆਂ ਆਈਆਂ, ਤੇਰੇ ਸ਼ਗਨ ਮਨਾਵੇ ਨੂੰ
ਭੂਆਂ ਦੇ ਨਾਲ ਫੁੱਫੜ ਆਏ, ਨਾਲ ਬਰਾਤ ਦੇ ਜਾਣੇ ਨੂੰ
ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੂਰੋਂ ਦੂਰੋਂ ਮਾਸੀਆਂ ਆਈਆਂ ਤੇਰੇ ਸ਼ਗਨ ਮਨਾਣੇ ਨੂੰ
ਮਾਸੀਆਂ ਦੇ ਨਾਲ ਮਾਸੜ ਆਏ ਨਾਲ ਬਰਾਤ ਦੇ ਜਾਣੇ ਨੂੰ
ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੂਰੋਂ ਦੂਰੋਂ ਮਾਮੀਆਂ ਆਈਆਂ ਤੇਰੇ ਸ਼ਗਨ ਮਨਾਣੇ ਨੂੰ
ਮਾਮੀਆਂ ਦੇ ਨਾਲ ਮਾਮੇ ਆਏ ਨਾਲ ਬਰਾਤ ਦੇ ਜਾਣੇ ਨੂੰ
ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਘੋੜੀ ਵੀ ਤਿਆਰ ਹੈ ਕਾਠੀ ਤਿਲੇਦਾਰ ਹੈ
ਆਜਾ ਮੇਰੇ ਵੀਰ ਨਾ ਤੇਰਾ ਇੰਤਜਾਰ ਹੈ।

ਦੇਸਾ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ
ਅੰਮੜੀ ਦੇ ਦਿਲ ਦਾ ਸਹਾਰਾ
ਨੀ ਵੀਰ ਮੇਰਾ ਘੋੜੀ ਚੜ੍ਹਿਆ
ਰਾਹ ਵਿਚ ਖੜ੍ਹੀ ਤੇਰੇ ਬਾਬਲ ਦੀ ਜਾਈਂ
ਦੇਦੇ ਵੇ ਦੇਦੇ ਵੀਰਾ ਵਾਂਗ ਫੜਾਈ,
ਵੱਸਦਾ ਰਹੇ ਤੇਰਾ ਦੁਆਰਾ ਨੀ
ਵੀਰ ਮੇਰਾ ਘੋੜੀ ਚੜ੍ਹਿਆ

ਦੂਰੋਂ ਤਾਂ ਆਈ ਤੇਰੀ ਭਾਬੋ ਵੇ ਰਾਣੀ
ਦੇਦੇ ਵੇ ਦੇਦੇ ਦਿਉਰਾ ਸ਼ੁਰਮਾ ਪਵਾਈ
ਭਰਿਆ ਰਹੇ ਤੇਰਾ ਦੁਆਰਾ ਨੀ
ਵੀਰ ਮੇਰਾ ਘੋੜੀ ਚੜ੍ਹਿਆ

ਨੱਚ ਨੱਚ ਅੱਜ ਮੇਰਾ ਦਿਲ ਨਹੀਓਂ ਰੱਜਦਾ
ਤੱਕ ਤੱਕ ਆਸਾਂ ਆਇਆ ਦਿਨ ਸਈਓ ਅੱਜ ਦਾ
ਵੱਸਦਾ ਰਹੇ ਵੀਰਾ ਤੇਰਾ ਦੁਆਰਾ ਨੀ
ਵੀਰ ਮੇਰਾ ਘੋੜੀ ਚੜ੍ਹਿਆ
ਘੋੜੀ ਚੜ੍ਹਿਆ ਨੀ ਸਇਓ ਘੋੜੀ ਚੜ੍ਹਿਆ

ਦੇਸਾਂ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ
ਨੀ ਵੀਰ ਮੇਰਾ ਘੋੜੀ ਚੜ੍ਹਿਆ
ਘੋੜੀ ਚੜ੍ਹਿਆ ਨੀ ਸਈਓ ਘੋੜੀ ਚੜ੍ਹਿਆ।



ਨਿੱਕੀ ਨਿੱਕੀ ਬੂੰਦੀ ਨਿੱਕਾ ਮੀਂਹ ਵੇ ਵਰ੍ਹੇ

ਨਦੀ ਦੇ ਕਿਨਾਰੇ ਘੋੜੀ ਘਾਹ ਵੇ ਚਰੇ
ਨਹਿਰ ਕਿਨਾਰੇ ਘੋੜੀ ਘਾਹ ਵੇ ਚਰੇ

ਦਾਦੀ ਸੁਹਾਗਣ ਬੂਹੇ ਢੋਲ ਧਰੇ
ਦਾਦੀ ਵੇ ਸੁਹਾਗਣ ਬੂਹੇ ਢੋਲ ਧਰੇ

ਭੂਆ ਵੇ ਸੁਹਾਗਣ ਰੱਬ ਦਾ ਨਾਮ ਜਪੇ
ਭੂਆ ਵੇ ਸੁਹਾਗਣ ਰੱਬ ਦਾ ਨਾਮ ਜਪੇ

ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ

ਦਸਾਂ ਦੀ ਬੋਰੀ ਤੇਰਾ ਬਾਪ ਫੜੇ
ਦਸਾਂ ਦੀ ਬੋਰੀ ਤੇਰਾ ਬਾਪ ਫੜੇ

ਘੋੜੀ ਦੇ ਉੱਤੇ ਮੇਰਾ ਵੀਰ ਚੜ੍ਹੇ
ਘੋੜੀ ਦੇ ਉਤੇ ਮੇਰਾ ਵੀਰ ਚੜ੍ਹੇ

ਭਾਬੀ ਵੇ ਸੁਹਾਗਣ ਤੇਰੇ ਸ਼ੁਰਮਾ ਪਾਵੇ
ਭਾਬੀ ਵੇ ਸੁਹਾਗਣ ਤੇਰੇ ਸ਼ੁਰਮਾ ਪਾਵੇ

ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ

ਨਾਲ ਭਰਾਵਾਂ ਤੇਰੀ ਘੋੜੀ ਸਜੇ
ਨਾਲ ਭਰਾਵਾਂ ਤੇਰੀ ਘੋੜੀ ਸਜੇ

ਮਾਮੇ ਤੇ ਚਾਚੇ ਤੇਰੀ ਜੰਨ ਚੜ੍ਹੇ
ਮਾਮੇ ਤੇ ਚਾਚੇ ਤੇਰੀ ਜੰਨ ਚੜ੍ਹੇ

ਫੁੱਫੜ ਤੇ ਜੀਜੇ ਭੰਗੜਾ ਪਾਉਣ ਖੜੇ
ਹਿਨਕ ਦੀ ਘੋੜੀ ਮਹਿਲੀ ਜਾਵੇ ਵੜੇ

ਨਿੱਕਾ ਜਿਹਾ ਸਾਲਾ ਤੇਰੀ ਸੇਵਾ ਕਰੇ
ਨਿੱਕਾ ਜਿਹਾ ਸਾਲਾ ਤੇਰੀ ਸੇਵਾ ਕਰੇ

ਸੋਹਣੀ ਜਿਹੀ ਬੰਨੋਂ ਨਾਲ ਤੂੰ ਲਾਵਾਂ ਲਵੇ
ਸੋਹਣੀ ਜਿਹੀ ਬੰਨੋਂ ਨਾਲ ਲਾਵਾਂ ਲਵੇ

ਰੱਤਾ ਰੱਤਾ ਡੋਲਾ ਮਹਿਲੀ ਆਣ ਵੜੇ।
ਰੱਤਾ ਰੱਤਾ ਡੋਲਾ ਮਹਿਲੀ ਆਣ ਵੜੇ

ਮਾਂ ਵੇ ਸੁਹਾਗਣ ਪਾਣੀ ਵਾਰ ਪੀਵੇ
ਮਾਂ ਵੇ ਸੁਹਾਗਣ ਪਾਣੀ ਵਾਰ ਪੀਵੇ

ਸ਼ਗਨਾਂ ਨਾਲ ਜੋੜੀ ਮਹਿਲੀ ਪੈਰ ਧਰੇ
ਸ਼ਗਨਾਂ ਨਾਲ ਜੋੜੀ ਮਹਿਲੀ ਪੈਰ ਧਰੇ

ਸਾਰਾ ਟੱਬਰ ਪਲ ਖੁਸ਼ੀ ਦੇ ਜੀਵੇ

ਨਿੱਕੀ ਨਿੱਕੀ ਬੂੰਦੀ ਨਿੱਕਾ ਮੀਂਹ ਵਰ੍ਹੇ
ਨਦੀ ਦੇ ਕਿਨਾਰੇ ਘੋੜੀ ਘਾਹ ਵੇ ਚਰੇ।

ਆਇਆ ਵੀਰ ਦਾ ਵਿਆਹ ਗਿੱਧਾ

ਪਾਓ ਕੁੜੀਓ
ਆਪ ਨੱਚੋ ਨਾਲ ਹੋਰਾਂ ਨੂੰ
ਨਚਾਓ ਅੜੀਓ।

ਕੀਤੀ ਰੱਬ ਨੇ ਜੋ ਮਿਹਰ
ਨਾ ਮੁੱਲ ਕੋਈ ਚਾਅ ਦਾ

ਮਾਪਿਆ ਨੂੰ ਸੌਂਕ ਕਿੱਡਾ
ਪੁੱਤ ਦੇ ਵਿਆਹ ਦਾ
ਮੇਰੀ ਅੰਮੜੀ ਨੂੰ ਨਾਲ
ਨਚਾਓ ਅੜੀਓ
ਆਇਆ ਵੀਰ ਦਾ ਵਿਆਹ
ਗਿੱਧਾ ਪਾਓ ਕੁੜੀਓ
ਆਪ ਨੱਚੋ ਨਾਲ ਹੋਰਾਂ ਨੂੰ
ਨਚਾਓ ਕੁੜੀਓ।

ਸ਼ਗਨਾਂ ਦੇ ਗੀਤ ਅੱਜ ਰੱਜ ਰੱਜ ਗਾਈਏ ਨੀ
ਕੇਸਰ ਨੂੰ ਘੋਲ ਘੋਲ ਮਹਿਕਾਂ ਖੰਡਾਈਏ ਨੀ
ਰਲ ਮੇਰੇ ਨਾਲ ਸ਼ਗਨ
ਮਨਾਓ ਅੜੀਓ
ਆਇਆ ਵੀਰ ਦਾ ਵਿਆਹ
ਗਿੱਧਾ ਪਾਓ ਕੁੜੀਓ
ਆਪ ਨੱਚੋ ਨਾਲ ਹੋਰਾਂ ਨੂੰ
ਨਚਾਓ ਕੁੜੀਓ।

ਢੋਲਕੀ ਵੀ ਵੱਜਦੀ ਤੇ ਨਾਲੇ ਢੋਲ ਵੱਜਿਆ
ਗਿੱਧਿਆਂ ਦੇ ਨਾਲ ਦੇਖੋ ਵਿਹੜਾ ਅੱਜ ਸੱਜਿਆ
ਅੱਡੀ ਮਾਰ ਮਾਰ ਧਰਤ
ਹਿਲਾਓ ਅੜੀਓ
ਆਇਆ ਵੀਰ ਦਾ ਵਿਆਹ
ਗਿੱਧਾ ਪਾਓ ਅੜੀਓ
ਆਪ ਨੱਚੋ ਨਾਲ ਹੋਰਾਂ ਨੂੰ
ਨਚਾਓ ਅੜੀਓ

ਸੋਹਣੀ ਜਿਹੀ ਭਰਜਾਈ ਮੇਰੀ ਕੱਲ ਇੱਥੇ ਆਵੇਗੀ
ਵੇਖ ਵੇਖ ਮੇਰੀ ਮਾਤਾ ਫੁਲੀ ਨਾ ਸਮਾਵੇਗੀ
ਆਉ ਖੁਸ਼ੀਆਂ ਦੇ ਗੀਤ
ਅੱਜ ਗਾਓ ਕੁੜੀਓ
ਆਇਆ ਵੀਰ ਦਾ ਵਿਆਹ
ਗਿੱਧਾ ਪਾਓ ਅੜੀਓ
ਆਪ ਨੱਚੋ ਨਾਲ ਹੋਰਾਂ ਨੂੰ

ਘੋੜੀ ਤਾਂ ਮੇਰੇ ਵੀਰ ਦੀ

ਗੰਗਾ ਜਮਨਾ ਤੋਂ ਆਈ
ਆਣ ਬੱਧੀ ਬਾਬੇ ਵਿਹੜੇ
ਜੀ ਲੋਕੀਂ ਦੇਣ ਵਧਾਈ
ਭੈਣਾਂ ਨੇ ਵੀਰਾ ਘੇਰਿਆ
ਦੇ ਜਾ ਵਾਂਗ ਫੜਾਈ
ਜੋ ਕੁਝ ਮੰਗਣਾ ਮੰਗ ਲੈ
ਭੈਣੇ ਦੇਰ ਨਾ ਲਾਈ
ਇਕ ਨੌ ਲੱਖਾਂ ਹਾਰ ਵੀਰਾ
ਵਿਚ ਹੀਰੇ ਜੜ੍ਹਤ ਜੜਾਈ
ਭਾਬੀਆਂ ਨੇ ਦੇਵਰ ਘੇਰਿਆ
ਦਿਉਰਾ ਦੇ ਜਾ ਸ਼ੁਰਮਾ ਪਵਾਈ
ਜੋ ਕੁਝ ਮੰਗਣਾ ਮੰਗ ਲੈ
ਭਾਬੋ ਦੇਰ ਨਾ ਲਾਈ
ਇਕ ਸੋਨੇ ਦਾ ਹਾਰ
ਵਿਚ ਮੋਤੀਆਂ ਜੜ੍ਹਤ ਜੜਾਈ।

ਘੋੜੀ ਤਾਂ ਮੇਰੇ ਵੀਰ ਦੀ
ਗੰਗਾ ਜਮਨਾ ਤੋਂ ਆਈ
ਆਣ ਬੱਧੀ ਨਾਨੇ ਵਿਹੜੇ
ਜੀ ਲੋਕੀਂ ਦੇਣ ਵਧਾਈ
ਭੈਣਾਂ ਨੇ ਵੀਰਾ ਘੇਰਿਆ
ਦੇ ਜਾ ਵਾਂਗ ਫੜਾਈ
ਜੋ ਕੁਝ ਮੰਗਣਾ ਮੰਗ ਲੈ
ਭੈਣੇ ਦੇਰ ਨਾ ਲਾਈ
ਇਕ ਨੌ ਲੱਖਾ ਹਾਰ ਵੀਰਾ
ਹੀਰੇ ਜੜ੍ਹਤ ਜੜਾਈ
ਭਾਬੀਆਂ ਨੇ ਦੇਵਰ ਘੇਰਿਆ
ਦਿਉਰਾ ਦੇ ਜਾ ਸ਼ੁਰਮਾ ਪਵਾਈ
ਜੋ ਕੁਝ ਮੰਗਣਾ ਮੰਗ ਲੈ
ਭਾਬੋ ਦੇਰ ਨਾ ਲਾਈ

ਇਕ ਸੋਨੇ ਦਾ ਹਾਰ
ਵਿਚ ਮੋਤੀਆਂ ਜੜ੍ਹਤ ਜੜਾਈ

ਘੋੜੀ ਤਾਂ ਮੇਰੇ ਵੀਰ ਦੀ
ਗੰਗਾ ਜਮਨਾ ਤੋਂ ਆਈ
ਆਣ ਬੱਧੀ ਮਾਸੀ ਵਿਹੜੇ
ਜੀ ਲੋਕੀਂ ਦੇਣ ਵਧਾਈ
ਭੈਣਾਂ ਨੇ ਵੀਰਾ ਘੇਰਿਆ
ਵੀਰਾ ਦੇ ਜਾ ਵਾਂਗ ਫੜਾਈ
ਜੋ ਕੁਝ ਮੰਗਣਾ ਮੰਗ ਲੈ
ਭੈਣੇ ਦੇਰ ਨਾ ਲਾਈ
ਇਕ ਨੌ ਲੱਖਾ ਹਾਰ ਵੀਰਾ
ਵਿੱਚ ਹੀਰਿਆ ਜੜ੍ਹਤ ਜੜਾਈ
ਭਾਬੀਆਂ ਦੇਵਰ ਘੇਰਿਆ
ਦੇ ਜਾ ਸ਼ੁਰਮਾ ਪਵਾਈ
ਜੋ ਕੁਝ ਮੰਗਣਾ ਮੰਗ ਲੈ
ਭਾਬੋ ਦੇਰ ਨਾ ਲਾਈ
ਇਕ ਸੋਨੇ ਦਾ ਹਾਰ
ਵਿਚ ਮੋਤੀਆਂ ਜੜ੍ਹਤ ਜੜਾਈ

ਘੋੜੀ ਤਾਂ ਮੇਰੇ ਵੀਰ ਦੀ
ਗੰਗਾ ਜਮਨਾ ਤੋਂ ਆਈ
ਆਣ ਬੱਧੀ ਭੂਆ ਵਿਹੜੇ
ਜੀ ਲੋਕੀਂ ਦੇਣ ਵਧਾਈ
ਭੈਣਾਂ ਨੇ ਵੀਰਾ ਘੇਰਿਆ
ਵੀਰਾ ਦੇ ਜਾ ਵਾਂਗ ਫੜਾਈ
ਜੋ ਕੁਝ ਮੰਗਣਾ ਮੰਗ ਲੈ
ਭੈਣੇ ਦੇਰ ਨਾ ਲਾਈ
ਇਕ ਨੌ ਲੱਖਾ ਹਾਰ
ਵੀਰਾ ਹੀਰਿਆਂ ਜੜ੍ਹਤ ਜੜਾਈ
ਭਾਬੀਆਂ ਦੇਵਰ ਘੇਰਿਆ
ਦੇ ਜਾ ਸ਼ੁਰਮਾ ਪਵਾਈ
ਜੋ ਕੁਝ ਮੰਗਣਾ ਮੰਗ ਲੈ
ਭਾਬੋ ਦੇਰ ਨਾ ਲਾਈ

ਇਕ ਸੋਨੇ ਦਾ ਹਾਰ
ਵਿਚ ਮੋਤੀਆਂ ਜੜ੍ਹਤ ਜੜਾਈ



ਘੋੜੀ ਇਕ ਲੱਖ ਦੀ ਘੋੜੀ ਦੋ ਲੱਖ ਦੀ
ਨੀ ਮੈਂ ਤਿੰਨ ਲੱਖ ਮੁੱਲ ਪੁਆਵਾਂ
ਘੋੜੀ ਦਾਣਾ ਮੰਗੇ
ਨੀ ਮੈਂ ਛੋਲਿਆਂ ਦੀ ਦਾਲ ਖੁਆਵਾਂ।

ਘੋੜੀ ਇਕ ਲੱਖ ਦੀ ਘੋੜੀ ਦੋ ਲੱਖ ਦੀ
ਨੀ ਮੈਂ ਤਿੰਨ ਲੱਖ ਮੁੱਲ ਪੁਆਵਾਂ
ਘੋੜੀ ਪਾਣੀ ਮੰਗੇ
ਨੀ ਮੈਂ ਅੰਮ੍ਰਿਤ ਘੋਲ ਪਿਲਾਵਾਂ

ਘੋੜੀ ਇਕ ਲੱਖ ਦੀ ਘੋੜੀ ਦੋ ਲੱਖ ਦੀ
ਨੀ ਮੈਂ ਤਿੰਨ ਲੱਖ ਮੁੱਲ ਪੁਆਵਾਂ
ਘੋੜੀ ਕਾਠੀ ਮੰਗੇ
ਨੀ ਮੈਂ ਕਾਠੀ ਤਿਲੇਦਾਰ ਬਣਾਵਾਂ

ਘੋੜੀ ਇਕ ਲੱਖ ਦੀ ਘੋੜੀ ਦੋ ਲੱਖ ਦੀ
ਨੀ ਮੈਂ ਤਿੰਨ ਲੱਖ ਮੱਲ ਪੁਆਵਾਂ
ਘੋੜੀ ਸਵਾਰ ਮੰਗੇ
ਨੀ ਲਾੜ੍ਹਾ ਵੀਰਾ ਉੱਤੇ ਬਿਠਾਵਾਂ

ਘੋੜੀ ਇਕ ਲਖ ਦੀ ਘੋੜੀ ਦੋ ਲੱਖ ਦੀ
ਨੀ ਮੈਂ ਤਿੰਨ ਲੱਖ ਮੁੱਲ ਪੁਆਵਾਂ



ਹਰਿਆ ਨੀ ਮਾਲਣ ਹਰਿਆ ਨੀ ਭੈਣੇ
ਹਰਿਆ ਤਾਂ ਭਾਗੀ ਭਰਿਆ ਨੀ ਹਾਂ
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ
ਸੋਈਓ ਦਿਹਾੜਾ ਭਾਗੀ ਭਰਿਆ ਨੀ ਹਾਂ।
ਜੰਮਦਾ ਤਾਂ ਹਰਿਆ ਪਟ ਲਪੇਟਿਆਂ
ਕੁੱਛੜ ਦਿੱਤਾ ਇਨ੍ਹਾਂ ਮਾਈਆਂ

ਨਾੜ੍ਹਾ ਤੇ ਧੋਤਾ ਹਰਿਆ ਪਟ ਲਪੇਟਿਆਂ
ਕੁੱਛੜ ਦਿਓ ਸਕੀਆਂ ਭੈਣਾਂ ਲੀਹਾਂ
ਕੀ ਕੁਝ ਮਿਲਿਆ ਦਾਈਆਂ ਤੇ ਮਾਈਆਂ
ਕੀ ਕੁਝ ਮਿਲਿਆ ਸਕੀਆਂ ਭੈਣਾਂ
ਪੰਜ ਰੁਪਈਏ ਇਨ੍ਹਾਂ ਦਾਈਆਂ ਤੇ ਮਾਈਆਂ
ਪੱਟ ਦਾ ਤੇਵਰ ਸਕੀਆਂ ਭੈਣਾਂ
ਪੁਛਦੀ ਤੇ ਪੁਛਾਉਂਦੀ ਮਾਲਣ ਗਲੀ ਚੋਂ ਆਈ
ਸ਼ਾਦੀ ਵਾਲਾ ਘਰ ਕਿਹੜਾ ਨੀ ਹਾਂ
ਉਚੇ ਤੰਬੂ ਸਬਜ ਕਨਾਤਾ
ਸ਼ਾਦੀ ਵਾਲਾ ਘਰ ਇਹੋ ਨੀ ਹਾਂ
ਆ ਮੇਰੀ ਮਾਲਣ ਬੈਠ ਦਲਹੀਜੇ
ਕਰ ਨੀ ਸਿਹਰੇ ਦਾ ਮੁੱਲ
ਇਕ ਲੱਖ ਚੰਬਾ ਤੇ ਇਕ ਲੱਖ ਮਰੂਆਂ
ਤਿੰਨ ਲੱਖ ਸਿਹਰੇ ਦਾ ਮੁੱਲ
ਲੈ ਮੇਰੀ ਮਾਲਣ ਬੰਨ ਨੀ ਸਿਹਰਾ
ਬੰਨ ਨੀ ਲਾਲ ਜੀ ਦੇ ਮੱਥੇ
ਹਰਿਆ ਨੀ ਮਾਲਣ ਹਰਿਆ ਨੀ ਭੈਣੇ
ਹਰਿਆ ਤਾਂ ਭਾਗੀ ਭਰਿਆ ਨੀ ਹਾਂ

ਘੋੜੀ ਸੋਂਹਦੀ ਕਾਠੀਆਂ ਦੇ ਨਾਲ

ਕਾਠੀ ਡੇਢ ਤੇ ਹਜ਼ਾਰ
ਉਮਰਾਵਾਂ ਦੀ ਹੁੰਦੀ ਚਾਲ
ਮੈਂ ਬਲਿਹਾਰੀ
ਵੇ ਮਾਂ ਦਿਆਂ ਸੁਰਜਣਾ
ਵਿੱਚ ਵਿੱਚ ਬਾਗਾਂ ਦੇ ਆਇਓ
ਚੋਟ ਨਗਾਰਿਆਂ ਤੇ ਲਾਇਓ
ਖਾਣਾ ਰਾਜਿਆਂ ਦਾ ਖਾਇਓ
ਮੈਂ ਬਲਿਹਾਰੀ
ਵੇ ਮਾਂ ਦਿਆਂ ਸੁਰਜਣਾ
ਛੈਲ ਨਵਾਬਾਂ ਦੇ ਘਰ ਢੁੱਕਣਾ
ਸਰਦਾਰਾਂ ਦੇ ਘਰ ਢੁੱਕਣਾ
ਉਮਰਾਵਾਂ ਦੀ ਤੇਰੀ ਚਾਲ
ਵਿਚ ਸਰਦਾਰਾਂ ਦੇ ਤੇਰਾ ਬੈਠਣਾ

ਚੀਰਾ ਤੇਰਾ ਵੇ ਵੀਰਾ ਸੋਹਣਾ
ਸੱਜਦਾ ਕਲਗੀਆ ਦੇ ਨਾਲ
ਕਲਗੀ ਡੇਢ ਤੇ ਹਜ਼ਾਰ
ਮੈਂ ਬਲਿਹਾਰੀ
ਵੇ ਮਾਂ ਦਿਆਂ ਸੁਰਜਣਾ
ਵਿੱਚ ਵਿੱਚ ਬਾਗਾਂ ਦੇ ਆਇਓ
ਚੋਟ ਨਗਾਰਿਆਂ ਤੇ ਲਾਇਓ
ਖਾਣਾ ਰਾਜਿਆਂ ਦਾ ਖਾਇਓ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਛੈਲ ਨਵਾਬਾਂ ਦੇ ਘਰ ਢੁੱਕਣਾ
ਸਰਦਾਰਾਂ ਦੇ ਘਰ ਢੁੱਕਣਾ
ਉਮਰਾਵਾਂ ਦੇ ਤੇਰੀ ਚਾਲ
ਵਿਚ ਸਰਦਾਰਾਂ ਦੇ ਤੇਰਾ ਬੈਠਣਾ

ਕੈਠਾਂ ਤੇਰਾ ਵੇ ਮੱਲਾ
ਸੋਹਣਾ ਸੱਜਦਾ ਜੁਗਨੀਆਂ ਦੇ ਨਾਲ
ਜੁਗਨੀ ਡੇਢ ਤੇ ਹਜ਼ਾਰ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਵਿੱਚ ਵਿੱਚ ਬਾਗਾਂ ਦੇ ਆਇਓ
ਚੋਟ ਨਗਾਰਿਆਂ ਤੇ ਲਾਇਓ
ਧੀ ਸਰਦਾਰਾਂ ਦੀ ਲੈ ਆਇਓ
ਅਹਿਲਕਾਰਾਂ ਦੀ ਲੈ ਆਇਓ
ਖਾਣਾ ਰਾਜਿਆਂ ਦਾ ਖਾਇਓ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਛੈਲ ਨਵਾਬਾਂ ਦੇ ਘਰ ਢੁੱਕਣਾ
ਸਰਦਾਰਾਂ ਦੇ ਘਰ ਢੁੱਕਣਾ
ਉਮਰਾਵਾਂ ਦੀ ਤੇਰੀ ਚਾਲ
ਵਿਚ ਸਰਦਾਰਾਂ ਦੇ ਤੇਰਾ ਬੈਠਣਾ

ਜੁੱਤੀ ਤੇਰੀ ਵੇ ਮੱਲਾ

ਸੋਹਣੀ ਵਾਹਵਾਂ ਜੜੀ ਤਿੱਲੇ ਨਾਲ
ਕੋਈ ਸੋਹਣੀ ਜਿਹੀ ਤੇਰੀ ਚਾਲ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਸੁਰਜਣਾ ਵਿੱਚ ਵਿੱਚ ਬਾਗਾਂ ਦੇ ਆਇਓ
ਚੋਟ ਨਗਾਰਿਆਂ ਤੇ ਲਾਇਓ
ਪੁੱਤ ਸਰਦਾਰਾਂ ਦੇ ਅਖਵਾਇਓ
ਅਹਿਲਕਾਰਾਂ ਦੇ ਅਖਵਾਇਓ
ਧੀ ਰਾਜਿਆਂ ਦੀ ਲੈ ਆਇਓ
ਅਹਿਲਕਾਰਾਂ ਦੀ ਲੈ ਆਇਓ
ਖਾਣਾ ਰਾਜਿਆਂ ਦਾ ਖਾਇਓ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਛੈਲ ਨਵਾਬਾਂ ਦੇ ਘਰ ਢੁੱਕਣਾ
ਸਰਦਾਰਾਂ ਦੇ ਘਰ ਢੁੱਕਣਾ
ਉਮਰਾਵਾਂ ਦੀ ਤੇਰੀ ਚਾਲ
ਵਿੱਚ ਸਰਦਾਰਾਂ ਦੇ ਤੇਰਾ ਬੈਠਣਾ

ਜਾਮਾ ਤੇਰਾ ਵੇ ਵੀਰਾ
ਸੋਹਣਾ ਸੱਜਦਾ ਤਣੀਆਂ ਦੇ ਨਾਲ
ਤਣੀਆਂ ਡੇਢ ਤੇ ਹਜ਼ਾਰ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ
ਵਿੱਚ ਵਿੱਚ ਬਾਗਾਂ ਦੇ ਆਇਓ
ਚੋਟ ਨਗਾਰਿਆਂ ਤੇ ਲਾਇਓ
ਖਾਣਾ ਰਾਜਿਆਂ ਦਾ ਖਾਇਓ
ਮੈਂ ਬਲਿਹਾਰੀ ਵੇ
ਮਾਂ ਦਿਆ ਸੁਰਜਣਾ
ਛੈਲ ਨਵਾਬਾਂ ਦੇ ਘਰ ਢੁੱਕਣਾ
ਸਰਦਾਰਾਂ ਦੇ ਘਰ ਢੁੱਕਣਾ
ਧੀ ਸਰਦਾਰਾਂ ਦੀ ਲੈ ਆਇਓ
ਅਹਿਲਕਾਰਾਂ ਦੀ ਲੈ ਆਇਓ
ਉਮਰਾਵਾਂ ਦੀ ਤੇਰੀ ਚਾਲ
ਵਿਚ ਸਰਦਾਰਾਂ ਦੇ ਤੇਰਾ ਬੈਠਣਾ



ਚੁੱਗ ਲਿਆਇਓ ਚੰਬਾ ਤੇ ਗੁਲਾਬ

ਜੀ ਚੁੱਗ ਲਿਆਇਓ
ਗੁੰਦ ਲਿਆਓ ਜੀ ਗੁੰਦ ਲਿਆਇਓ ਜੀ
ਸਿਰਾਂ ਦੇ ਸਿਹਰੇ

ਵੀਰਾ ਕੀ ਕੁਝ ਪੜ੍ਹਦੀਆਂ ਸਾਲੀਆਂ
ਕੀ ਕੁਝ ਪੜ੍ਹੇ ਤੇਰੀ ਨਾਰ
ਜੀ ਚੁੱਗ ਲਿਆਇਓ ਚੰਬਾ ਤੇ ਗੁਲਾਬ
ਜੀ ਚੁਗ ਲਿਆਇਓ
ਭੈਣੇ ਸਾਲੀਆਂ ਪੜ੍ਹਦੀਆਂ ਪੋਥੀਆਂ
ਮੇਰੀ ਨਾਰ ਪੜ੍ਹੇ ਦਰਬਾਰ
ਜੀ ਚੁੱਗ ਲਿਆਇਓ ਚੰਬਾ ਤੇ ਗੁਲਾਬ
ਜੀ ਚੁੱਗ ਲਿਆਇਓ

ਵੀਰਾ ਕੀ ਕੁਝ ਕੱਢਦੀਆਂ ਸਾਲੀਆ
ਕੀ ਕੁਝ ਕੱਢੇ ਤੇਰੀ ਨਾਰ
ਭੈਣੇ ਸਾਲੀਆਂ ਕੱਢਦੀਆਂ ਚਾਂਦਰਾ
ਮੇਰੀ ਨਾਰ ਕੱਢੇ ਰੁਮਾਲ
ਜੀ ਚੁੱਗ ਲਿਆਇਓ ਚੰਬਾ ਤੇ ਗੁਲਾਬ
ਜੀ ਚੁੱਗ ਲਿਆਇਓ

ਵੀਰਾ ਕੀ ਕੁਝ ਖਾਂਦੀਆਂ ਸਾਲੀਆਂ
ਤੇ ਕੀ ਕੁਝ ਖਾਂਵੇ ਤੇਰੀ ਨਾਰ
ਭੈਣੇ ਸਾਲੀਆਂ ਖਾਂਦੀਆਂ ਦਾਲ ਫੁੱਲਕਾ
ਮੇਰੀ ਨਾਰ ਖਾਵੇ ਕਬਾਬ
ਜੀ ਚੁੱਗ ਲਿਆਇਓ ਚੰਬਾ ਤੇ ਗੁਲਾਬ
ਜੀ ਚੁਗ ਲਿਆਇਓ



ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ

ਚਾਂਦੀ ਦੇ ਪਾਖੜ ਪਾਏ ਰਾਮਾ
ਬਾਬਾ ਵਿਆਵਣ ਪੋਤੇ ਨੂੰ ਚੱਲਿਆ

ਲੱਠੇ ਨੇ ਖੜ ਖੜ ਲਾਈ ਆ
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪਾਖੜ ਪਾਏ ਰਾਮਾ
ਬਾਬਲ ਵਿਆਵਣ ਬੇਟੇ ਨੂੰ ਚੱਲਿਆ
ਘੁੰਗਰੂਆਂ ਛਣ ਛਣ ਲਾਈ ਰਾਮਾ
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪਾਖੜ ਪਾਏ ਰਾਮਾ
ਮਾਮਾ ਵਿਆਵਣ ਭਾਣਜੇ ਨੂੰ ਚੱਲਿਆ
ਛਾਪਾਂ ਲਿਸ਼ ਲਿਸ਼ ਲਾਈ ਰਾਮਾ
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪਾਖੜ ਪਾਏ ਰਾਮਾ
ਚਾਚਾ ਵਿਆਵਣ ਭਤੀਜੇ ਨੂੰ ਚੱਲਿਆ
ਰੱਥਾਂ ਗੱਡੀਆਂ ਨੇ ਖੜ ਖੜ ਲਾਈ ਰਾਮਾ
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾ
ਚਾਂਦੀ ਦੇ ਪਾਖੜ ਪਾਏ ਰਾਮਾ
ਵੱਡਾ ਵੀਰ ਵਿਆਵਣ ਛੋਟੇ ਨੂੰ ਚੱਲਿਆ
ਉਨ੍ਹਾਂ ਨੇ ਧੂੜ ਉਡਾਈ ਰਾਮਾ
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪਾਖੜ ਪਾਏ ਰਾਮਾ

ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਇਸਦੇ ਬਾਬੇ ਨੇ ਹਜਾਰੀ ਲੈ ਕੇ ਦਿੱਤੀ
ਦਾਦੀ ਰਾਣੀ ਪਰੋਵੇ ਮੋਤੀਆਂ
ਲੜੀ ਸੁੱਚਿਆਂ ਨਾਲ ਜੜੀ।

ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਇਹ ਦੇ ਮਾਮੇ ਨੇ ਹਜਾਰੀ ਲੈ ਕੇ ਦਿੱਤੀ
ਮਾਮੀ ਰਾਣੀ ਪਰੋਵੇ ਮੋਤੀਆਂ
ਲੜੀ ਸੁੱਚਿਆਂ ਨਾਲ ਜੜੀ

ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਇਹਦੇ ਬਾਬਲ ਨੇ ਹਜਾਰੀ ਲੈ ਕੇ ਦਿੱਤੀ
ਮਾਤਾ ਰਾਣੀ ਪਰੋਵੇ ਮੋਤੀਆਂ

ਲੜੀ ਸੁੱਚਿਆਂ ਨਾਲ ਜੜੀ

ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਇਹਦੇ ਚਾਚੇ ਨੇ ਹਜਾਰੀ ਲੈ ਕੇ ਦਿੱਤੀ
ਚਾਚੀ ਰਾਣੀ ਪਰੋਵੇ ਮੋਤੀਆਂ
ਲੜੀ ਸੁੱਚਿਆਂ ਨਾਲ ਜੜੀ

ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਫੁੱਫੜ ਨੇ ਹਜਾਰੀ ਲੈ ਕੇ ਦਿੱਤੀ
ਭੂਆ ਰਾਣੀ ਪਰੋਵੇ ਮੋਤੀਆਂ
ਲੜੀ ਸੁੱਚਿਆਂ ਨਾਲ ਜੜੀ
ਮੇਰੇ ਵੀਰੇ ਦੀ ਘੋੜੀ ਦਰਵਾਜੇ ਖੜ੍ਹੀ
ਚੀਰੇ ਵਾਲੇ ਦੀ ਘੋੜੀ ਦਰਵਾਜੇ ਖੜ੍ਹੀ।

ਵੀਰਾ ਇਕ ਭੇਜਣ ਘੋੜੀ

ਹਰਿਆਂ ਬਾਗਾਂ ਤੋਂ ਆਈ ਵੇ
ਵੀਰਾ ਇਕ ਭੇਜਣ ਘੋੜੀ
ਹਰਿਆਂ ਬਾਗਾਂ ਤੋਂ ਆਈ ਵੇ

ਵੀਰਾ ਘੋੜੀ ਘਾਹ ਨਾ ਖਾਂਦੀ
ਮੰਗਦੀ ਦੁੱਧ ਛੁਆਰਾ ਵੇ
ਵੀਰਾ ਇਕ ਭੇਜਣ ਘੋੜੀ
ਨਵਿਆਂ ਸ਼ਹਿਰਾਂ ਤੋਂ ਆਈ ਵੇ

ਵੀਰਾਂ ਘੋੜੀ ਪਾਣੀ ਨਾ ਪੀਂਦੀ
ਖਾਂਦੀ ਦੁੱਧ ਮਲਾਈ ਵੇ
ਵੀਰਾ ਇਕ ਭੇਜਣ ਘੋੜੀ
ਨਵਿਆਂ ਸ਼ਹਿਰਾਂ ਤੋਂ ਆਈ ਵੇ

ਵੀਰਾ ਘੋੜੀ ਧੁੱਪ ਨਾ ਸਹਿੰਦੀ
ਚਰਦੀ ਮਰੂਏ ਦੀ ਛਾਂਵੇ ਵੇ
ਵੀਰਾ ਇਕ ਭੇਜਣ ਘੋੜੀ
ਹਰਿਆਂ ਬਾਗਾਂ ਤੋਂ ਆਈ ਵੇ

ਵੀਰਾ ਘੋੜੀ ਭਾਰ ਨਾ ਸਹਿੰਦੀ
ਮੰਗ ਦੀ ਪਤਲਾ ਸਿਪਾਹੀ ਵੇ
ਵੀਰਾ ਇਕ ਭੇਜਣ ਘੋੜੀ
ਹਰਿਆਂ ਬਾਗਾਂ ਤੋਂ ਆਈ ਵੇ

ਘੋੜੀ ਤੈਨੂੰ ਲੈ ਦਿੰਨੀ ਆਂ
ਕਾਠੀ ਸਿੱਟ ਨੀ ਗਿਆ
ਰੋਕੋ ਰੋਕੋ ਸਹੇਲੀਓ
ਵੀਰਾਂ ਰੁੱਸ ਨੀ ਗਿਆ।

ਵਿਹੜੇ ਪਾਣੀ ਬਰਾਗਦੀ
ਨਾ ਮੈਂ ਸੁੱਤੀ ਨਾ ਮੈਂ ਜਾਗਦੀ
ਵੀਰਾ ਲੰਘ ਨੀ ਗਿਆ
ਵੀਰਾ ਪੁੱਤ ਸੀ ਨਵਾਬ ਦਾ
ਬਾਗੀ ਸੌਂ ਨੀ ਗਿਆ
ਭਾਬੋਂ ਗੁੱਡਾ ਸੀ ਦਾਖ ਦਾ
ਵੀਰ ਫੁੱਲ ਸੀ ਗੁਲਾਬ ਦਾ
ਬਾਗੀ ਖਿੜ ਨੀ ਗਿਆ

ਸਿਹਰਾ ਤੈਨੂੰ ਮੈਂ ਦਿੰਨੀ ਆਂ
ਕਲਗੀ ਸਿਟ ਨੀ ਗਿਆ
ਰੋਕੋ ਰੋਕੋ ਸਹੇਲੀਓ
ਵੀਰਾ ਰੁੱਸ ਨੀ ਗਿਆ
ਵਿਹੜੇ ਪਾਣੀ ਬਰਾਗਦੀ
ਨਾ ਮੈਂ ਸੁੱਤੀ ਨਾ ਮੈਂ ਜਾਗਦੀ
ਵੀਰਾ ਲੰਘ ਨੀ ਗਿਆ
ਵੀਰਾ ਪੁੱਤ ਸੀ ਨਵਾਬ ਦਾ
ਬਾਗੀ ਸੌਂ ਨੀ ਗਿਆ
ਭਾਬੋ ਗੁੱਡਾ ਸੀ ਦਾਖ ਦਾ
ਵੀਰਾ ਫੁੱਲ ਸੀ ਗੁਲਾਬ ਦਾ
ਬਾਗੀ ਖਿੜ ਨੀ ਗਿਆ

ਜਾਮਾ ਤੈਨੂੰ ਮੈਂ ਦਿੰਨੀ ਆਂ
ਬਟਣ ਸੁੱਟ ਨੀ ਗਿਆ
ਰੋਕੋ ਰੋਕੋ ਸਈਓ
ਵੀਰਾ ਰੁੱਸ ਨੀ ਗਿਆ
ਵਿਹੜੇ ਪਾਣੀ ਬਰਾਗਦੀ
ਨਾ ਮੈਂ ਸੁੱਤੀ ਨਾ ਮੈਂ ਜਾਗਦੀ
ਵੀਰਾ ਲੰਘ ਨੀ ਗਿਆ
ਵੀਰਾ ਪੁੱਤ ਸੀ ਨਵਾਬ ਦਾ
ਬਾਗੀ ਸੌਂ ਨੀ ਗਿਆ
ਭਾਬੋ ਗੁੱਡਾ ਸੀ ਦਾਖ ਦਾ
ਵੀਰਾ ਫੁੱਲ ਸੀ ਗੁਲਾਬ ਦਾ
ਬਾਗੀ ਖਿੜ ਨੀ ਗਿਆ

ਚੰਦਾ ਵੇ ਤੇਰਾ ਸਿਰ ਦਾ ਚੀਰਾ

ਸੋਹਣਿਆ ਵੇ ਕਲਗੀ ਲੱਗੇ ਪਿਆਰੀ
ਵਰ੍ਹੇ ਵਰਖਾ ਭਰੇ ਕਿਆਰੀ
ਸੋਹਣਿਆ ਵੇ ਬੂੰਦਾਂ ਲੱਗੇ ਪਿਆਰੀ
ਵੱਜਣ ਵਾਜੇ ਹੋਵਣ ਖੁਸ਼ੀਆਂ
ਚੰਦਾ ਵੇ ਚਾਂਦੀ ਲੱਗੇ ਪਿਆਰੀ

ਸੋਹਣਿਆ ਵੇ ਤੇਰੇ ਗਲ ਦੀ ਵਰਦੀ
ਚੰਦਾ ਵੇ ਪਹਾੜੀ ਲੱਗੇ ਪਿਆਰੀ
ਵਰ੍ਹੇ ਵਰਖਾ ਭਰੇ ਕਿਆਰੀ
ਸੋਹਣਿਆ ਵੇ ਬੂੰਦਾਂ ਲੱਗੇ ਪਿਆਰੀ
ਵੱਜਣ ਵਾਜੇ ਹੋਵਣ ਖੁਸ਼ੀਆਂ
ਚੰਦਾ ਵੇ ਚਾਂਦੀ ਲੱਗੇ ਪਿਆਰੀ

ਸੋਹਣਿਆ ਵੇ ਤੇਰੇ ਪੈਰ ਦੀ ਜੁੱਤੀ
ਚੰਦਾ ਵੇ ਨੋਕ ਲੱਗੇ ਪਿਆਰੀ
ਵਰ੍ਹੇ ਵਰਖਾ ਭਰੇ ਕਿਆਰੀ
ਸੋਹਣਿਆ ਵੇ ਬੂੰਦਾਂ ਲੱਗੇ ਪਿਆਰੀ
ਵੱਜਣ ਵਾਜੇ ਹੋਵਣ ਖੁਸ਼ੀਆ
ਚੰਦਾ ਵੇ ਚਾਂਦੀ ਲੱਗੇ ਪਿਆਰੀ

ਸੋਹਣਿਆ ਵੇ ਤੇਰੇ ਗਲ ਦਾ ਕੈਂਠਾ
ਚੰਦਾ ਵੇ ਜੁਗਨੀ ਲੱਗੇ ਪਿਆਰੀ
ਵਰ੍ਹੇ ਵਰਖਾ ਭਰੇ ਕਿਆਰੀ
ਸੋਹਣਿਆ ਵੇ ਬੂੰਦਾਂ ਲੱਗੇ ਪਿਆਰੀ
ਵੱਜਣ ਵਾਜੇ ਹੋਵਣ ਖੁਸ਼ੀਆਂ
ਚੰਦਾ ਵੇ ਚਾਂਦੀ ਲੱਗੇ ਪਿਆਰੀ

ਘੋੜੀਆਂ ਵਛੇਰੀਆਂ ਵੇ ਮੱਲਾ
ਚੁਗਣ ਨਦੀਆਂ ਤੋਂ ਪਾਰ ਵੇ
ਬਾਬਲ ਦਾ ਤੂੰ ਲਾਡਲਾ
ਓ ਮੱਲਾ ਘੋੜੀ ਲੈ ਦਿਆ ਲਾਲ ਵੇ

ਘੋੜੀਆਂ ਵਛੇਰੀਆਂ ਵੇ ਮੱਲਾ
ਚੁਗਣ ਨਦੀਆਂ ਤੋਂ ਪਾਰ ਵੇ
ਨਾਨੇ ਦਾ ਤੂੰ ਲਾਡਲਾ
ਵੇ ਮੱਲਾ ਘੋੜੀ ਲੈ ਦਿਆ ਲਾਲ ਵੇ

ਘੋੜੀਆਂ ਵਛੇਰੀਆਂ ਵੇ ਮੱਲਾ
ਚੁਗਣ ਨਦੀਆਂ ਤੋਂ ਪਾਰ ਵੇ
ਫੁੱਫੜ ਦਾ ਤੂੰ ਲਾਡਲਾ
ਘੋੜੀ ਲੈ ਦਿਆ ਲਾਲ ਵੇ

ਘੋੜੀਆਂ ਵਛੇਰੀਆਂ ਵੇ ਵੀਰਾ
ਚੁਗਣ ਨਦੀਓ ਪਾਰ ਵੇ
ਦਾਦੀ ਦਾ ਤੂੰ ਲਾਡਲਾ
ਦਾਦਾ ਘੋੜੀ ਲੈ ਦੇਵੇ ਲਾਲ ਵੇ

ਘੋੜੀਆਂ ਵਛੇਰੀਆਂ ਵੇ ਮੱਲਾ
ਚੁਗਣ ਨਦੀਓ ਪਾਰ ਵੇ
ਭੈਣਾ ਦਾ ਤੂੰ ਲਾਡਲਾ
ਮਾਂ ਘੋੜੀ ਲੈ ਦੇਵੇ ਲਾਲ ਵੇ

ਘੋੜੀਆਂ ਵਛੇਰੀਆਂ ਮੱਲਾ
ਚੁਗਣ ਨਦੀਓ ਪਾਰ ਵੇ
ਭੂਆ ਤੂੰ ਲਾਡਲਾ
ਮਾਸੀ ਘੋੜੀ ਲੈ ਦੇਵੇ ਲਾਲ ਵੇ

ਕਿਧਰੋਂ ਤਾਂ ਉੱਠੀ ਆ ਬਦਲੀ ਵੇ ਵੀਰਾ

ਮੈਂ ਵਾਰੀ ਕਿਧਰੋਂ ਦਾ ਉੱਠਿਆ ਸਾਵਣ ਦਾ ਮੀਂਹ?
ਲਹਿੰਦਿਓਂ ਤਾਂ ਉੱਠੀ ਬਦਲੀ ਨੀ ਭੈਣੇ ਮੈਂ ਵਾਰੀ
ਚੜ੍ਹਦਿਓਂ ਤਾਂ ਉੱਠਿਆ ਮੀਂਹ ਮੈਂ ਵਾਰੀ

ਰਾਹ ਵਿਚ ਡੇਰਾ ਭੈਣਾ ਨੇ ਲਾਇਆ
ਲੰਘੇਂਗਾ ਤੂੰ ਕਿਹੜੇ ਰਾਹ ਵੇ ਵੀਰਾ?
ਭੈਣਾਂ ਦਾ ਲਾਗ ਮੈਂ ਭੈਣਾਂ ਨੂੰ ਦੇਵਾ
ਲੰਘਾਂਗਾ ਮੈਂ ਘੋੜੀ ਦੁੜਾ ਨੀ ਭੈਣੇ

ਰਾਹ ਵਿੱਚ ਡੇਰਾ ਸਾਲੀਆਂ ਨੇ ਲਾਇਆ
ਲੰਘੇਂਗਾ ਕਿਹੜੇ ਰਾਹ ਵੇ ਵੀਰਾ
ਲੰਘੇਗਾ ਕਿਹੜੇ ਰਾਹ?
ਫੜ੍ਹ ਫੜ੍ਹ ਸਾਲੀਆਂ ਮੈਂ ਵੀਰਾ ਨੂੰ ਦੇਵਾ
ਲੰਘਾਂਗਾ ਮੈਂ ਘੋੜੀ ਦੁੜਾ ਨੀ ਭੈਣੇ
ਲੰਘਾਂਗਾ ਘੋੜੀ ਦੁੜਾ

ਕਿਸਦਾ ਬਣਿਆ ਫੁੱਲਾਂ ਦਾ ਸਿਹਰਾ
ਕਿਸਦਾ ਬਣਿਆ ਹਾਰ ਸਿੰਗਾਰ?
ਵੀਰੇ ਦਾ ਬਣਿਆ ਫੁੱਲਾਂ ਦਾ ਸਿਹਰਾ
ਭਾਬੋ ਦਾ ਬਣਿਆ ਹਾਰ ਸਿੰਗਾਰ
ਕਿਸ ਨੂੰ ਸੱਜਦਾ ਏ ਫੁੱਲਾਂ ਦਾ ਸਿਹਰਾ
ਕਿਸਨੂੰ ਸੱਜਦਾ ਏ ਹਾਰ ਸਿੰਗਾਰ
ਵੀਰੇ ਨੂੰ ਸੱਜਿਆ ਫੁੱਲਾਂ ਦਾ ਸਿਹਰਾ
ਭਾਬੋ ਨੂੰ ਨੀ ਭੈਣੇ
ਤੇਰੀ ਭਾਬੋ ਨੂੰ ਸੱਜਿਆ ਹਾਰ ਸਿੰਗਾਰ।
ਤੈ ਚੜ੍ਹਨਾ ਵੀਰਾ ਘੋੜੀ ਆਈ
ਕੀਨ੍ਹੇ ਮੰਗੀ ਵੀਰਾ ਕੀਹਨੇ ਮੰਗਾਈ

ਬਾਬੇ ਮੰਗੀ ਪੋਤੇ ਮੰਗਾਈ ਵੀਰਾ
ਇਸ ਘੋੜੀ ਦਾ ਕੀ ਐ ਮੁੱਲ ਵੀਰਾ
ਲੱਖ ਦੇਵੇਗਾ ਲਾੜੇ ਦਾ ਬਾਬਾ ਭੈਣੋ
ਲੱਖ ਦੇਵੇਗਾ ਤਾਂ ਜਸ ਪਾਵੇਗਾ ਭੈਣੋ।

ਤੈ ਚੜ੍ਹਨਾ ਵੀਰਾ ਘੋੜੀ ਆਈ
ਕੀਨ੍ਹੇ ਮੰਗੀ ਵੀਰਾ ਕੀਨ੍ਹੇ ਮੰਗਾਈ
ਦਾਦੀ ਮੰਗੀ ਪੋਤੇ ਮੰਗਾਈ
ਇਸ ਘੋੜੀ ਦਾ ਕੀ ਐ ਮੁੱਲ ਵੀਰਾ
ਲੱਖ ਦੇਵੇਗਾ ਲਾੜੇ ਦਾ ਨਾਨਾ ਭੈਣੋ
ਲੱਖ ਦੇਵੇਗਾ ਤਾਂ ਜਸ ਪਾਵੇਗਾ ਭੈਣੋ।

ਤੈਂ ਚੜ੍ਹਨਾ ਵੀਰਾ ਘੋੜੀ ਆਈ
ਕਿਨ੍ਹੇ ਮੰਗੀ ਵੀਰਾ ਕੀਨ੍ਹੇ ਮੰਗਾਈ
ਚਾਚੇ ਮੰਗੀ ਭਤੀਜੇ ਮੰਗਾਈ
ਇਸ ਘੋੜੀ ਦਾ ਕੀ ਐ ਮੁੱਲ ਵੀਰਾ
ਲੱਖ ਦੇਵੇਗਾ ਲਾੜੇ ਦਾ ਚਾਚਾ ਭੈਣੋ
ਲੱਖ ਦੇਵੇਗਾ ਤਾਂ ਸੁੱਖ ਪਾਵੇਗਾ ਭੈਣੋ।

ਤੈ ਚੜ੍ਹਨਾ ਵੀਰਾ ਘੋੜੀ ਆਈ
ਕੀਨ੍ਹੇ ਮੰਗੀ ਵੀਰਾ ਕਿਨ੍ਹੇ ਮੰਗਾਈ
ਮਾਮੇ ਮੰਗੀ ਭਾਣਜੇ ਮੰਗਾਈ ਵੀਰਾ
ਇਸ ਘੋੜੀ ਦਾ ਕੀ ਐ ਮੁੱਲ ਵੀਰਾ।
ਇਕ ਲੱਖ ਦੇਵੇਗਾ ਲਾੜੇ ਦਾ ਮਾਮਾ ਭੈਣੋ
ਇਕ ਲੱਖ ਦੇਵੇਗਾ ਤਾਂ ਜਸ ਪਾਵੇਗਾ ਭੈਣੋ।

ਜੋੜੀ ਨਾਲ ਕੁੰਡ ਅੜੇ

ਕੁੰਡਿਆ ਨਾਲ ਜੰਜੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ

ਵੇ ਵੀਰਾ ਜੇ ਤੂੰ ਚੜ੍ਹਿਆ ਖਾਰੇ
ਤੇਰਾ ਬਾਪੂ ਰੁਪਈਏ ਵਾਰੇ
ਵੇ ਲਾਲ ਜੀਵੇ ਜੀਵੇ
ਜੀਵੇ ਜਵਾਨੀਆਂ ਮਾਣ
ਹੱਥ ਵਿਚ ਗਾਨਾ
ਤੇ ਮੂੰਹ ਵਿੱਚ ਪਾਨ
ਜੋੜੀ ਨਾਲ ਕੁੰਡ ਅੜੇ
ਕੁੰਡਿਆ ਨਾਲ ਜੰਜੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ

ਵੇ ਵੀਰਾ ਜੇ ਤੂੰ ਲਈਆਂ ਲਾਵਾਂ
ਤੈਥੋਂ ਮੈਂ ਬਲਿਹਾਰੇ ਜਾਵਾਂ
ਵੇ ਲਾਲ ਜੀਵੇ ਜੀਵੇ
ਜੀਵੇ ਜਵਾਨੀਆਂ ਮਾਣ
ਹੱਥ ਵਿਚ ਗਾਨਾ
ਤੇ ਮੂੰਹ ਵਿਚ ਪਾਨ
ਜੋੜੀ ਨਾਲ ਕੁੰਡ ਅੜੇ
ਕੁੰਡਿਆ ਨਾਲ ਜੰਜੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ

ਵੇ ਵੀਰਾ ਜਦ ਤੂੰ ਵਿਆਹ ਕੇ ਘਰ ਆਇਆ
ਸੋਹਣੀ ਜਿਹੀ ਬੰਨੋ ਤੇਰੇ ਨਾਲ
ਵੇ ਲਾਲ ਜੀਵੇ ਜੀਵੇ
ਜੀਵੇ ਜਵਾਨੀਆਂ ਮਾਣ
ਹੱਥ ਵਿਚ ਗਾਨਾ
ਤੇ ਮੂੰਹ ਵਿਚ ਪਾਨ
ਜੋੜੀ ਨਾਲ ਕੁੰਡ ਅੜੇ
ਕੁੰਡਿਆ ਨਾਲ ਜੰਜੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ

ਵੇ ਵੀਰਾ ਜਦ ਤੂੰ ਲਿਆਇਆ ਡੋਲੀ

ਮਾਂ ਨੇ ਪਾਣੀ ਪੀਤਾ ਵਾਰ
ਵੇ ਲਾਲ ਜੀਵੇ ਜੀਵੇ
ਜੀਵੇ ਜਵਾਨੀਆਂ ਮਾਣ
ਹੱਥ ਵਿਚ ਗਾਨਾ
ਤੇ ਮੂੰਹ ਵਿਚ ਪਾਨ
ਜੋੜੀ ਨਾਲ ਕੁੰਡ ਅੜੇ
ਕੁੰਡਿਆ ਨਾਲ ਜੰਜੀਰ
ਵੇ ਲੋਕੋਂ ਹੱਥ ਜੋੜੋ
ਜਿਉਣ ਭੈਣਾ ਦੇ ਵੀਰ

ਵਹੁਟੀ ਘੁੰਡ ਪਰ ਘੁੰਡ ਦੇ ਕਿਨਾਰੇ

ਪਰ ਜੰਝਾ ਦੇ ਲਾੜੇ ਪਰ ਲਾੜੇ ਸਰਵਾਲੇ ਪਰ
ਸੱਚੇ ਨੀ ਮੈਂ ਵਾਰ ਵਾਰ ਪਈ ਡੋਲ੍ਹਦੀ,
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ।
ਵੀਰਾ ਜੇ ਤੂੰ ਚੜ੍ਹਿਆ ਖਾਰੇ, ਤੇਰਾ ਬਾਪ ਰੁਪਈਏ ਵਾਰੇ
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ,
ਸੁੱਚੇ ਨੀ ਮੈਂ ਵਾਰ ਵਾਰ ਪਈ ਡੋਲਦੀ।
ਵੀਰਾ ਜੇ ਤੂੰ ਚੜ੍ਹਿਆ ਘੋੜੀ ਤੇਰੇ ਨਾਲ ਭਰਾਵਾਂ ਦੀ ਜੋੜੀ
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ,
ਸੁੱਚੇ ਨੀ ਮੈਂ ਵਾਰ ਵਾਰ ਪਈ ਡੋਲਦੀ
ਵੀਰਾ ਜੇ ਤੂੰ ਵੱਢੀ ਜੰਡੀ, ਤੇਰੀ ਮਾਂ ਨੇ ਸ਼ੱਕਰ ਵੰਡੀ
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ,
ਸੁੱਚੇ ਨੀ ਮੈਂ ਵਾਰ ਵਾਰ ਪਈ ਡੋਲਦੀ।
ਵੀਰਾ ਜੇ ਤੂੰ ਲਈਆਂ ਲਾਵਾਂ, ਤੈਥੋਂ ਮੈਂ ਬਲਿਹਾਰੀ ਜਾਵਾਂ
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ,
ਸੁੱਚੇ ਨੀ ਮੈਂ ਵਾਰ ਵਾਰ ਪਈ ਡੋਲਦੀ।
ਵਹੁਟੀ ਦੇ ਘੁੰਡ ਪਰ ਘੁੰਡ ਦੇ ਕਿਨਾਰੇ ਪਰ
ਜੰਝਾਂ ਦੇ ਲਾੜੇ ਪਰ ਲਾੜੇ ਦੇ ਸਰਵਾਲੇ ਪਰ
ਸੁੱਚੇ ਨੀ ਮੈਂ ਵਾਰ ਵਾਰ ਪਈ ਡੋਲਦੀ,
ਹੀਰੇ ਨੀ ਮੈਂ ਵਾਰ ਵਾਰ ਪਈ ਡੋਲਦੀ।



ਚੰਬਾ ਖਿੜਿਆ ਮਾਲਣ ਚੁਗਦੀ ਕਿਉਂ ਨਹੀਂ?
ਤੂੰ ਵੀ ਚੁਗ ਲਿਆ ਲਾੜੇ ਦਾ ਦੜੀਏ
ਕਿਵੇਂ ਚੁਗਾਂ ਨੀ ਦਾਦਾ ਰੁੱਸਿਆ ਫਿਰੇ
ਨੀ ਮਨਾ ਲਵੋ ਨੀ ਜੰਞ ਸੋਹਣੀ ਸਜੇ

ਚੰਬਾ ਖਿੜਿਆ ਮਾਲਣ ਚੁਗਦੀ ਕਿਉਂ ਨਹੀਂ?
ਤੂੰ ਵੀ ਚੁਗ ਲਿਆ ਨੀ ਲਾੜੇ ਅੰਕੜੀਏ
ਕਿਵੇਂ ਚੁਗਾਂ ਨੀ ਬਾਬਲ ਰੁੱਸਿਆ ਫਿਰੇ
ਨੀ ਮਨਾ ਲਵੋ ਨੀ ਜੰਞ ਸੋਹਣੀ ਸਜੇ

ਚੰਬਾ ਖਿੜਿਆ ਮਾਲਣ ਚੁਗਦੀ ਕਿਉਂ ਨਹੀਂ?
ਤੂੰ ਵੀ ਚੁਗ ਲਿਆ ਨੀ ਲਾੜੇ ਮਾਮੜੀਏ
ਕਿਵੇਂ ਚੁਗਾਂ ਨੀ ਮਾਮਾ ਰੁੱਸਿਆ ਫਿਰੇ
ਨੀ ਮਨਾ ਲਵੋ ਨੀ ਜੰਞ ਸੋਹਣੀ ਸਜੇ



ਜੇ ਵੀਰ ਆਇਆ ਮਾਏ ਲੰਮੀ ਲੰਮੀ ਰਾਹੀਂ ਨੀ
ਘੋੜਾ ਤਾਂ ਬੱਧਾ ਵੀਰ ਨੇ ਹੇਠ ਫਲਾਹੀਂ ਨੀ
ਭੈਣਾ ਨੇ ਵੀਰ ਸਿੰਗਾਰਿਆ ਈ
ਮਾਏ ਭਾਬੀਆਂ ਨੇ ਦੇਵਰ ਘੋੜੀ ਚਾੜ੍ਹਿਆ ਈ
ਸਤਿਗੁਰਾਂ ਕਾਜ ਸਵਾਰਿਆ ਈ।

ਜੇ ਵੀਰ ਆਇਆ ਮਾਏ ਨਦੀਏ ਕਿਨਾਰੇ ਨੀ
ਨਦੀ ਤਾਂ ਦਿੰਦੀ ਵੀਰ ਨੂੰ ਠੰਡੇ ਹੁਲਾਰੇ ਨੀ
ਭੈਣਾ ਨੇ ਵੀਰ ਸਿੰਗਾਰਿਆ ਈ
ਮਾਏ ਭਾਬੀਆਂ ਦੇਵਰ ਘੋੜੀ ਚਾੜ੍ਹਿਆ ਈ
ਸਤਿਗੁਰਾਂ ਕਾਜ ਸਵਾਰਿਆ ਈ।

ਜੇ ਵੀਰ ਆਇਆ ਮਾਏ ਸਹੁਰਿਆ ਦੀਆਂ ਗਲੀਆਂ ਨੀ
ਸੱਸ ਤਾਂ ਚੁੰਮੇ ਵੀਰੇ ਦੇ ਸਿਹਰੇ ਦੀਆਂ ਲੜੀਆਂ ਨੀ
ਭੈਣਾ ਵੀਰ ਸਿੰਗਾਰਿਆ ਈ
ਮਾਏ ਭਾਬੀਆ ਦੇਵਰ ਘੋੜੀ ਚਾੜ੍ਹਿਆ ਈ

ਸਤਿਗੁਰਾਂ ਕਾਜ ਸਵਾਰਿਆ ਈ।

ਜੇ ਵੀਰ ਆਇਆ ਸਹੁਰਿਆ ਦਰਵਾਜੇ ਨੀ
ਨੱਚਣ ਕੰਜਰੀਆਂ ਤੇ ਵੱਜਣ ਵਾਜੇ ਨੀ
ਭੈਣਾ ਨੇ ਵੀਰ ਸ਼ਿੰਗਾਰਿਆ ਈ
ਮਾਏ ਭਾਬੀਆ ਦੇਵਰ ਘੋੜੀ ਚਾੜ੍ਹਿਆ ਈ
ਸਤਿਗੁਰਾਂ ਕਾਜ ਸਵਾਰਿਆ ਈ।

ਜੇ ਵੀਰ ਆਇਆ ਮਾਏ ਛੱਪੜ ਕੰਢੇ ਨੀ
ਸਾਲੀਆਂ ਵੇਖ ਵੀਰ ਥਰ ਥਰ ਕੰਬੇ ਨੀ
ਭੈਣਾ ਨੇ ਵੀਰ ਸ਼ਿੰਗਾਰਿਆ ਈ।

ਵੀਰਾ ਤੈਨੂੰ ਲੱਗੀਆਂ ਮਾਈਆਂ
ਤੇਰੀ ਮਾਂ ਨੂੰ ਮਿਲਣ ਵਧਾਈਆਂ
ਵੇ ਲਾਹੌਰੋ ਫਿਰ ਆਈ ਕਾਨ੍ਹਾ
ਤੇਰੇ ਹੱਥ ਰੰਗੀਲਾ ਗਾਨਾ
ਤੇਰੇ ਸਿਰ ਅਸਮਾਨੀ ਚੀਰਾ
ਵੇ ਮੈਂ ਸੱਦਕੇ ਜਾਨੀ ਆ ਵੀਰਾ।

ਵੀਰਾ ਜਦ ਤੂੰ ਚੜ੍ਹਿਆ ਖਾਰੇ
ਤੇਰਾ ਬਾਪੂ ਰੁਪਈਏ ਵਾਰੇ
ਵੇ ਲਾਹੌਰੋ ਫਿਰ ਆਈ ਕਾਨ੍ਹਾ
ਤੇਰੇ ਹੱਥ ਰੰਗੀਲਾ ਗਾਨਾ
ਤੇਰੇ ਸਿਰ ਅਸਮਾਨੀ ਚੀਰਾ
ਵੇ ਮੈਂ ਸੱਦਕੇ ਜਾਨੀ ਆ ਵੀਰਾ।

ਵੀਰਾ ਜਦ ਤੂੰ ਵੱਢੀ ਜੰਡੀ
ਤੇਰੀ ਮਾਂ ਨੇ ਸ਼ੱਕਰ ਵੰਡੀ
ਵੇ ਲਾਹੌਰੋ ਫਿਰ ਆਈ ਕਾਨ੍ਹਾ
ਤੇਰੇ ਹੱਥ ਰੰਗੀਲਾ ਗਾਨਾ
ਤੇਰੇ ਸਿਰ ਅਸਮਾਨੀ ਚੀਰਾ
ਵੇ ਮੈਂ ਸੱਦਕੇ ਜਾਨੀ ਆ ਵੀਰਾ।

ਵੀਰਾ ਜਦ ਤੂੰ ਚੜ੍ਹਿਆ ਘੋੜੀ
ਤੇਰੇ ਨਾਲ ਭਰਾਵਾਂ ਜੋੜੀ
ਵੇ ਲਾਹੌਰੋ ਫਿਰ ਆਈ ਆ ਕਾਨ੍ਹਾ
ਤੇਰੇ ਹੱਥ ਸ਼ਗਨਾਂ ਦਾ ਗਾਨਾ
ਤੇਰੇ ਸਿਰ ਅਸਮਾਨੀ ਚੀਰਾ
ਵੇ ਮੈਂ ਸਦਕੇ ਜਾਨੀ ਆ ਵੀਰਾ।
ਵੀਰਾ ਜਦ ਤੂੰ ਆਦੀ ਡੋਲੀ
ਤੇਰੀ ਬੰਨੋ ਤੋਂ ਮੈਂ ਘੋਲੀ
ਵੇ ਲਾਹੌਰੋ ਫਿਰ ਆਈ ਕਾਨ੍ਹਾ
ਤੇਰੇ ਹੱਥ ਰੰਗੀਲਾ ਗਾਨਾ
ਤੇਰੇ ਸਿਰ ਅਸਮਾਨੀ ਚੀਰਾ
ਵੇ ਮੈਂ ਸਦਕੇ ਜਾਨੀ ਆ ਵੀਰਾ।

ਵੀਰਾ ਤੇਰੇ ਸਾਹੇ ਦਾ ਵੇਲਾ

ਮੈਂ ਪਾਧੇ ਦਾ ਆਹਰ ਕਰ ਆਈ ਆ
ਕਰ ਆਈ ਆ
ਮੈਂ ਭਰ ਲੱਡੂਆਂ ਦੇ ਥਾਲ
ਸ਼ਰੀਕੇ ਵੰਡ ਆਈ ਆ
ਮੈਨੂੰ ਸਤਿਗੁਰੂ ਨੇ ਲਾਇਆ ਭਾਗ
ਮੁਰਾਦਾਂ ਮੰਨ ਆਈ ਆ

ਜੇ ਵੀਰਾ ਤੇਰੇ ਖਾਰੇ ਦਾ ਵੇਲਾ
ਮੈਂ ਮਾਮੇ ਦਾ ਆਹਰ ਪਾਹਰ ਕਰ ਆਈ ਆ
ਕਰ ਆਈ ਆ
ਮੈਂ ਭਰ ਲੱਡੂਆਂ ਦੇ ਥਾਲ
ਸ਼ਰੀਕੇ ਵੰਡ ਆਈ ਆ
ਮੈਨੂੰ ਸਤਿਗੁਰੂ ਲਾਇਆ ਭਾਗ
ਮੁਰਾਦਾਂ ਮੰਨ ਆਈ ਆ

ਜੇ ਵੀਰਾ ਤੇਰਾ ਜੰਞ ਦਾ ਵੇਲਾ
ਮੈਂ ਜਾਨੀਆ ਦਾ ਆਹਰ ਪਾਹਰ ਕਰ ਆਈ ਆ
ਕਰ ਆਈ ਆ
ਮੈਂ ਭਰ ਲੱਡੂਆਂ ਦੇ ਥਾਲ

ਸ਼ਰੀਕੇ ਵੰਡ ਆਈ ਆ
ਮੈਨੂੰ ਸਤਿਗੁਰੂ ਲਾਇਆ ਭਾਗ
ਮੁਰਾਦਾਂ ਮੰਨ ਆਈ ਆ



ਵੀਰਾ ਘੋੜੀ ਆਣ ਬੱਧੀ ਤੇਰੀ ਲਿਆਈ

ਵੀਰਾ ਵੇ ਜੀਹਨੇ ਪੁੰਨ ਕੀਤੀ ਕੁੜਮਾਈ
ਦੇਨੀ ਆ ਲਾਗੀਆਂ ਦੇ ਲਾਗ
ਵੰਡਦੀਆਂ ਮੋਤੀਆਂ ਦੇ ਥਾਲ
ਲੜ ਮਲ ਕੇਸਰੀ ਦਾ ਚਾਅ
ਵੇ ਮੱਲਾ ਮਾਏ ਵੇਖਣੇ ਦਾ ਚਾਅ।

ਵੇ ਵੀਰਾ ਘੋੜੀ ਆਣ ਬੱਧੀ ਤੇਰੇ ਚਾਚੇ
ਜੰਨ ਪਹਿਨ ਖਲੋਤੀ ਆ ਲਾਚੇ
ਦੇਨੀ ਆ ਲਾਗੀਆਂ ਦੇ ਲਾਗ
ਵੰਡਦੀਆਂ ਮੋਤੀਆਂ ਦੇ ਥਾਲ
ਲੜ ਮਲ ਕੇਸਰੀ ਦਾ ਚਾਅ
ਵੇ ਮੱਲਾ ਚਾਚੀ ਵੇਖਣੇ ਦਾ ਚਾਅ।

ਵੇ ਵੀਰਾ ਘੋੜੀ ਆਣ ਬੱਧੀ ਤੇਰੇ ਵੀਰੇ
ਜੰਨ ਪਹਿਨ ਖਲੋਤੀ ਆ ਚੀਰੇ
ਦੇਨੀ ਆ ਲਾਗੀਆਂ ਦੇ ਲਾਗ
ਵੰਡਦੀਆਂ ਮੋਤੀਆਂ ਦੇ ਥਾਲ
ਲੜ ਮਲ ਕੇਸਰੀ ਦਾ ਚਾਅ
ਵੇ ਮੱਲਾ ਭਾਬੋ ਵੇਖਣੇ ਦਾ ਚਾਅ



ਸਈਓ ਵੀਰੇ ਦੀ ਟਸਰੀ ਕਮੀਜ

ਸਹੁਰੇ ਜਾਣੇ ਨੂੰ
ਵੀਰਾ ਮਾਤਾ ਨੂੰ ਕਰ ਲੈ ਤਿਆਰ
ਸ਼ਗਨ ਮਨਾਉਣੇ ਨੂੰ
ਵੀਰਾਂ ਬਾਬਲ ਨੂੰ ਕਰ ਲੈ ਤਿਆਰ
ਜੰਨੇ ਜਾਣੇ ਨੂੰ
ਵੀਰਾ ਮਹਿਲੀ ਖੜ੍ਹੀ ਮੁਟਿਆਰ

ਲਾਵਾਂ ਲੈਣੇ ਨੂੰ

ਸਈਓ ਵੀਰੇ ਦੀ ਟਸਰੀ ਕਮੀਰ
ਸਹੁਰੇ ਜਾਣੇ ਨੂੰ
ਵੀਰਾ ਭੈਣਾ ਨੂੰ ਕਰ ਲੈ ਤਿਆਰ
ਸ਼ਗਨ ਮਨਾਉਣੇ ਨੂੰ
ਵੀਰਾ ਜੀਜੇ ਨੂੰ ਕਰ ਲੈ ਤਿਆਰ
ਜੰਨੇ ਜਾਣੇ ਨੂੰ
ਵੀਰਾ ਮਹਿਲੀ ਖੜ੍ਹੀ ਮੁਟਿਆਰ
ਲਾਵਾਂ ਲੈਣੇ ਨੂੰ।

ਸਈਓ ਵੀਰੇ ਦੀ ਟਸਰੀ ਕਮੀਜ਼
ਸਹੁਰੇ ਜਾਣੇ ਨੂੰ
ਵੀਰਾ ਮਾਸੀ ਨੂੰ ਕਰ ਲੈ ਤਿਆਰ
ਸ਼ਗਨ ਮਨਾਉਣੇ ਨੂੰ
ਵੀਰਾ ਮਾਸੜ ਨੂੰ ਕਰ ਲੈ ਤਿਆਰ
ਜੰਨੇ ਜਾਣੇ ਨੂੰ
ਵੀਰਾ ਮਹਿਲੀ ਖੜ੍ਹੀ ਮੁਟਿਆਰ
ਲਾਵਾਂ ਲੈਣੇ ਨੂੰ

ਸਈਓ ਵੀਰੇ ਦੀ ਟਸਰੀ ਕਮੀਜ
ਸਹੁਰੇ ਜਾਣੇ ਨੂੰ

ਬਾਬਲ ਰਾਜੇ ਨੇ ਬਾਗ ਲਵਾਇਆ

ਮਾਲਣ ਚੁਗਦੀ ਏ ਕਲੀਆਂ
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ
ਮੇਰੇ ਰਾਮ ਚੰਦਰ ਜੀ ਦਾ ਸਿਹਰਾ
ਨੀ ਚੁਰਾਸੀ ਨੇ ਲੜੀਆਂ ਤੂੰ ਚੁਣ ਤੂੰ ਗੁੰਦ

ਵੀਰੇ ਰਾਜੇ ਨੇ ਬਾਗ ਲਵਾਇਆ
ਮਾਲਣ ਚੁਗਦੀ ਏ ਕਲੀਆਂ
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ
ਮੇਰੇ ਰਾਮ ਚੰਦਰ ਜੀ ਦਾ ਸਿਹਰਾ

ਚੁਰਾਸੀ ਨੇ ਲੜੀਆਂ ਨੀ ਤੂੰ ਚੁਣ ਤੂੰ ਗੁੰਦ

ਮਾਮੇ ਰਾਜੇ ਬਾਗ ਲਵਾਇਆ
ਮਾਲਣ ਚੁਗਦੀ ਏ ਕਲੀਆਂ
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ
ਮੇਰੇ ਰਾਮ ਚੰਦਰ ਜੀ ਦਾ ਸਿਹਰਾ
ਚੁਰਾਸੀ ਨੇ ਲੜੀਆਂ ਨੀ ਤੂੰ ਚੁਣ ਨੀ ਤੂੰ ਗੁੰਦ

ਚਾਚੇ ਰਾਜੇ ਨੇ ਬਾਗ ਲਿਵਾਇਆ
ਮਾਲਣ ਚੁਗਦੀ ਏ ਕਲੀਆਂ
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ
ਮੇਰੇ ਰਾਮ ਚੰਦਰ ਜੀ ਦਾ ਸਿਹਰਾ
ਚੁਰਾਸੀ ਨੇ ਲੜੀਆਂ ਨੀ ਤੂੰ ਚੁਣ ਨੀ ਤੂੰ ਗੁੰਦ

ਮਾਸੜ ਰਾਜੇ ਨੇ ਬਾਗ ਲਿਵਾਇਆ
ਮਾਲਣ ਚੁਗਦੀ ਏ ਕਲੀਆਂ
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ
ਮੇਰੇ ਰਾਮ ਚੰਦਰ ਜੀ ਦਾ ਸਿਹਰਾ
ਚੁਰਾਸੀ ਨੇ ਲੜੀਆਂ ਨੀ ਤੂੰ ਚੁਣ ਨੀ ਤੂੰ ਗੁੰਦ

ਮੇਰੇ ਵਿਹੜੇ ਦਿਆ ਨਿੰਬੂਆ ਤੇਰੀ ਠੰਡੜੀ ਛਾਂ ਵੇ
ਮੋਢੇ ਤੀਰ ਕਮਾਣ ਤੀਰ ਚਲਾਉਂਦਾ ਈ ਜਾਵੇ।

ਮੇਰੇ ਵਿਹੜੇ ਦਿਆ ਨਿੰਬੂਆ, ਤੇਰੀ ਠੰਡੜੀ ਛਾਂ ਵੇ
ਭਤੀਜਾ ਕਿਸਦਾ ਕਹੀਏ ਕੀ ਰੱਖਿਆ ਏ ਨਾਂ ਵੇ
ਭਤੀਜਾ ਚਾਚੇ ਦਾ ਕਹੀਏ ਨੈਵੀ ਰੱਖਿਆ ਏ ਨਾਂ ਵੇ।
ਹੱਥ ਕੰਗਣਾ ਦੀ ਜੋੜੀ ਬਾਂਹ ਲਟਕਾਉਂਦਾ ਈ ਜਾਵੇ
ਮੋਢੇ ਤੀਰ ਕਮਾਣ ਤੀਰ ਚਲਾਉਂਦਾ ਈ ਜਾਵੇ।

ਵੀਰਾ ਸ਼ਗਨਾਂ ਵਾਲੀ ਰਾਤ, ਗਲੀਏ ਨਾ ਫਿਰ ਵੇ
ਭੈਣੇ ਗਿਆ ਸੀ ਮੈਂ ਪਾਂਧੇ ਦੇ ਪਾਸ, ਸਾਹਾ ਸੁਧਾਵਣ ਨੂੰ
ਵੀਰਾ ਸਾਹਾ ਸੁਧਾਵੇ ਤੇ ਬਾਪ, ਤੈਨੂੰ ਕਾਹਦਾ ਫਿਕਰ ਪਿਆ

ਵੀਰਾ ਸ਼ਗਨਾਂ ਵਾਲੀ ਰਾਤ ਗਲੀਏ ਨਾ ਫਿਰ ਵੇ
ਭੈਣੇ ਗਿਆ ਸੀ ਮੈਂ ਸੁਨਿਆਰੇ ਪਾਸ ਗਹਿਣੇ ਲਿਆਵਣ ਨੂੰ
ਵੀਰਾ ਗਹਿਣੇ ਲਿਆਵੇ ਤੇਰਾ ਬਾਪ, ਤੈਨੂੰ ਕਾਹਦਾ ਫਿਕਰ ਪਿਆ।

ਵੀਰਾ ਸ਼ਗਨਾਂ ਵਾਲੀ ਰਾਤ ਗਲੀਏ ਨਾ ਫਿਰ ਵੇ
ਭੈਣੇ ਗਿਆ ਸੀ ਮੈਂ ਦਰਜੀ ਪਾਸ, ਜੋੜਾ ਸੁਆਵਣੇ ਨੂੰ
ਵੀਰਾ ਜੋੜਾ ਸੁਆਵੇ ਤੇਰਾ ਬਾਪ, ਤੈਨੂੰ ਕਾਹਦਾ ਫਿਕਰ ਪਿਆ

ਵੀਰਾ ਸ਼ਗਨਾਂ ਵਾਲੀ ਰਾਤ ਗਲੀਏ ਨਾ ਫਿਰ ਵੇ
ਭੈਣੇ ਗਿਆ ਸੀ ਲਲਾਰੀ ਪਾਸ ਚੀਰਾ ਰੰਗਾਣੇ ਨੂੰ
ਵੀਰਾਂ ਚੀਰਾ ਰੰਗਾਵੇ ਤੇਰਾ ਬਾਪ, ਤੈਨੂੰ ਕਾਹਦਾ ਫਿਕਰ ਪਿਆ
ਵੀਰਾਂ ਸ਼ਗਨਾਂ ਵਾਲੀ ਰਾਤ ਗਲੀਏ ਨਾ ਫਿਰ ਵੇ

ਘੋੜੀ ਚੜ੍ਹ ਕੇ ਚੱਲਿਆ ਸੁਣ ਵੀਰ ਮੇਰਾ
ਵੇਖਣ ਸਹੁਰੜੇ ਵੀਰਾ ਪਿੰਡ ਵੇ
ਕਿਦਾ ਦੀਆਂ ਡਿੱਠੀਆਂ ਗਲੀਆਂ ਵੀਰ ਮੇਰਿਆ?
ਕਿਦਾ ਦੀ ਲੱਗਦੀ ਜੂਹ ਵੇ?
ਚਾਣਨ ਛਿੜਕਿਆ ਸੁਣ ਵੀਰ ਮੇਰਾ
ਸੱਤ ਰੰਗੀ ਦਿਸਦੀ ਜੂਹ ਵੇ
ਕਿੱਥੇ ਬਹਿੰਦੀਆਂ ਸਾਲੀਆਂ ਸੁਣ ਵੀਰ ਮੇਰਾ
ਕਿੱਥੇ ਬਹਿੰਦੀ ਨਾਰ ਤੇਰੀ?
ਤਣੀ ਹੇਠ ਬਹਿੰਦੀਆਂ ਸਾਲੀਆਂ ਭੈਣੇ
ਪਲੰਘੀ ਬਹਿੰਦੀ ਮੇਰੀ ਨਾਰ ਭੈਣੇ
ਕੀ ਕੁਝ ਖਾਦੀਆ ਸਾਲੀਆ ਸੁਣ ਵੀਰ ਮੇਰਾ
ਕੀ ਕੁਝ ਖਾਂਦੀ ਤੇਰੀ ਨਾਰ ਵੇ?
ਚੂਰੀ ਖਾਂਦੀਆਂ ਸਾਲੀਆਂ ਸੁਣ ਭੈਣ ਮੇਰੀ
ਮੇਵੇ ਖਾਂਦੜੀ ਮੇਰੀ ਨਾਰ ਭੈਣੇ
ਘੋੜੀ ਚੜ੍ਹ ਕੇ ਚੱਲਿਆ ਸੁਣ ਵੀਰ ਮੇਰਾ
ਵੇਖਣ ਸਹੁਰੜੇ ਵੀਰਾ ਪਿੰਡ ਵੇ

ਕਾਲੀ ਤਾਂ ਛੱਤਰੀ ਵਾਲਿਆ ਰਾਜਾ
ਕੀ ਆ ਜੋ ਤੇਰਾ ਨਾਮ ਨੀ ਹੋ?
ਮੇਰਾ ਤਾਂ ਨਾ ਪੁੱਛੋਦਿਓ ਕੁੜੀਓ
ਗੁਰਬੰਸ ਆ ਮੇਰਾ ਨਾਮ ਨੀ ਹੋ।
ਪੈਸਾ ਤਾਂ ਕਰ ਦੇਵੀ ਠੀਕਰੀ ਰਾਜਾ
ਦਿਲ ਕਰੀਂ ਦਰਿਆ ਵੇ ਰਾਜਾ
ਗਗਨ ਪੁੱਤ ਨੂੰ ਵਿਆਹ ਕੇ ਸੋਭਾ ਲੈ ਘਰ ਆ

ਕਾਲੀ ਤਾਂ ਛੱਤਰੀ ਵਾਲਿਆ ਰਾਜਾ
ਕੀ ਆ ਤੇਰਾ ਨਾਮ ਨੀ ਹੋ
ਮੇਰਾ ਤਾਂ ਨਾ ਪੁੱਛੋਦਿਓ ਕੁੜੀਓ
ਮੱਖਣ ਸਿੰਘ ਮੇਰਾ ਨਾ ਹੋ
ਪੈਸਾ ਤਾਂ ਕਰ ਦਿਓ ਠੀਕਰੀ ਰਾਜਾ
ਦਿਲ ਕਰੀਂ ਦਰਿਆ
ਰਾਜਨ ਪੁੱਤ ਨੂੰ ਵਿਆਹ ਕੇ ਸੋਭਾ ਲੈ ਘਰ ਆ।

ਕਾਲੀ ਤਾਂ ਛੱਤਰੀ ਵਾਲਿਆ ਰਾਜਾ
ਕੀ ਆ ਤੇਰਾ ਨਾ ਹੋ
ਮੇਰਾ ਤਾਂ ਨਾ ਪੁੱਛੋਦੀਓ ਕੁੜੀਓ
ਇਕਬਾਲ ਤਾਂ ਮੇਰਾ ਨਾ ਹੋ
ਪੈਸਾ ਤਾਂ ਕਰ ਦਿਓ ਠੀਕਰੀ ਰਾਜਾ
ਦਿਲ ਕਰੀਂ ਦਰਿਆ ਵੇ ਰਾਜਾ
ਲਵ ਪੁੱਤ ਨੂੰ ਵਿਆਹ ਕੇ ਸੋਭਾ ਲੈ ਘਰ ਆ

ਆਪਣੇ ਵੀਰੇ ਤੋਂ ਕੀ ਕੁਝ ਵਾਰਾਂ
ਜੋ ਵਾਰਾਂ ਸੋ ਥੋੜਾ ਏ
ਪੰਜ ਰੁਪਈਏ ਗਿਣ ਗਿਣ ਵਾਰਾਂ
ਸੱਠਾਂ ਦਾ ਸਿਲਮ ਸਿਤਾਰਾ ਏ
ਨਾਲ ਵੀਰੇ ਦੇ ਬਾਬਲ ਸੋਹਣੇ
ਮਾਤਾ ਦਾ ਚਮਕਾਰਾ ਏ
ਆਪਣੇ ਵੀਰੇ ਤੋਂ ਕੀ ਕੁੱਝ ਵਾਰਾਂ

ਜੋ ਵਾਰਾਂ ਸੋ ਥੋੜਾ ਏ
ਪੰਜ ਰੁਪਈਏ ਗਿਣ ਵਾਰਾਂ
ਸੱਠਾ ਦਾ ਸਿਲਮ ਸਿਤਾਰਾ ਏ
ਨਾਲ ਵੀਰੇ ਦੇ ਚਾਚਾ ਸੋਹ ਵੇ
ਚਾਚੀ ਦਾ ਚਮਕਾਰਾ ਏ
ਆਪਣੇ ਵੀਰੇ ਤੋਂ ਕੀ ਕੁਝ ਵਾਰਾਂ
ਜੋ ਵਾਰਾਂ ਸੋ ਥੋੜਾ ਏ
ਪੰਜ ਰੁਪਈਏ ਗਿਣ ਗਿਣ ਵਾਰਾਂ
ਸੱਠਾ ਦਾ ਸਿਲਮ ਸਿਤਾਰਾ ਏ
ਨਾਲ ਵੀਰੇ ਦੇ ਮਾਮਾ ਸੋਹ ਵੇ
ਮਾਮੀ ਦਾ ਚਮਕਾਰਾ ਏ
ਆਪਣੇ ਵੀਰੇ ਤੋਂ ਕੀ ਕੁਝ ਵਾਰਾਂ
ਜੋ ਵਾਰਾਂ ਸੋ ਥੋੜਾ ਏ।

ਚੰਦਨ ਚੌਕੀ ਡਹਾਵਾਂ ਨੀ ਮੈਂ ਵਿਹੜੇ ਡਹਾਵਾਂ
ਵਿਹੜੇ ਵਿਚ ਡਹਾਵਾਂ ਸੋਹਣਾ ਲਾਲ ਨਹਾਵੇ
ਨੀ ਉਹਦੀ ਮਾਤਾ ਨੂੰ ਸੋਦ ਜੀਹਦਾ ਪੁੱਤ ਨਹਾਵੇ
ਉਹਦੇ ਬਾਬਲ ਨੂੰ ਸੱਦੋ ਬੋਰੀ ਦੰਮਾ ਦੀ ਵਾਰੇ
ਚੰਦਨ ਚੌਕੀ ਡਹਾਵਾਂ ਨੀ ਮੈਂ ਵਿਹੜੇ ਡਹਾਵਾਂ
ਵਿਹੜੇ ਵਿਚ ਡਹਾਵਾਂ ਸੋਹਣਾ ਲਾਲ ਨਹਾਵੇ
ਨੀ ਉਹਦੀ ਭਾਬੋ ਨੂੰ ਸੱਦੋ ਜੀਹਦਾ ਦੇਵਰ ਨਹਾਵੇ
ਉਹਦੇ ਵੀਰੇ ਨੂੰ ਸੱਦੋ ਬੋਰੀ ਦੰਮਾ ਵਾਰੇ
ਚੰਦਨ ਚੌਕੀ ਡਹਾਵਾਂ, ਨੀ ਮੈਂ ਵਿਹੜੇ ਡਹਾਵਾਂ
ਵਿਹੜੇ ਵਿਚ ਡਹਾਵਾਂ ਸੋਹਣਾ ਲਾਲ ਨਹਾਵੇ
ਨੀ ਉਹਦੀ ਭੈਣ ਨੂੰ ਸੱਦੋ ਜੀਹਦਾ ਵੀਰ ਨਹਾਵੇ
ਉਹਦੇ ਜੀਜੇ ਨੂੰ ਸੱਦੋ ਬੋਰੀ ਦੰਮਾ ਦੀ ਵਾਰੇ।
ਚੰਦਨ ਚੌਕੀ ਡਹਾਵਾਂ, ਨੀ ਮੈਂ ਵਿਹੜੇ ਵਿਚ ਡਹਾਵਾਂ
ਵਿਹੜੇ ਵਿਚ ਡਹਾਵਾਂ ਸੋਹਣਾ ਲਾਲ ਨਹਾਵੇ
ਨੀ ਉਹਦੀ ਮਾਮੀ ਨੂੰ ਸੱਦੋ ਜੀਹਦਾ ਦੋਹਤਾ ਨਹਾਵੇ
ਉਹਦੇ ਮਾਮੇ ਨੂੰ ਸੱਦੋ, ਬੋਰੀ ਦੰਮਾ ਦੀ ਵਾਰੇ।

ਘੋੜੀ ਤੇਰੀ ਵੇ ਵੀਰਾ ਹਰਿਆਂ ਬਾਗਾਂ ਨੂੰ ਜਾਵੇ

ਤੇਰਾ ਕੌਣ ਜੁ ਰਸੀਆ ਵੇ ਘੋੜੀ ਮੋੜ ਲਿਆਵੇ
ਤੇਰਾ ਬਾਬਾ ਰਸੀਆ ਵੇ ਘੋੜੀ ਮੋੜ ਲਿਆਵੇ
ਦਾਦੀ ਜਾਂਦੀ ਆ ਸਕਦੀ ਵੇ ਇਹ ਦਿਨ ਨਿੱਤ ਨਿੱਤ ਆਵੇ।

ਘੋੜੀ ਤੇਰੀ ਵੇ ਵੀਰਾ ਹਰਿਆਂ ਬਾਗਾਂ ਨੂੰ ਜਾਵੇ
ਤੇਰਾ ਕੌਣ ਜੁ ਰਸੀਆ ਵੇ ਘੋੜੀ ਮੋੜ ਲਿਆਵੇ
ਤੇਰਾ ਬਾਬਲ ਰਸੀਆ ਵੇ ਘੋੜੀ ਮੋੜ ਲਿਆਵੇ
ਮਾਂ ਜਾਂਦੀ ਆ ਸੱਦਕੇ ਵੇ ਇਹ ਦਿਨ ਨਿੱਤ ਨਿੱਤ ਆਵੇ।

ਘੋੜੀ ਤੇਰੀ ਵੇ ਵੀਰਾ ਹਰਿਆਂ ਬਾਗਾਂ ਨੂੰ ਜਾਵੇ
ਤੇਰਾ ਕੌਣ ਜੋ ਰਸੀਆ ਘੋੜੀ ਮੋੜ ਲਿਆਵੇ
ਤੇਰਾ ਵੀਰ ਜੋ ਰਸੀਆ ਘੋੜੀ ਮੋੜ ਲਿਆਵੇ
ਭਾਬੋ ਜਾਂਦੀ ਆ ਸੱਦਕੇ ਵੇ ਇਹ ਦਿਨ ਨਿੱਤ ਨਿੱਤ ਆਵੇ
ਘੋੜੀ ਤੇਰੀ ਵੀਰਾ ਵੇ ਹਰਿਆਂ ਬਾਗਾਂ ਨੂੰ ਜਾਵੇ।

ਮੱਲਾ ਤੂੰ ਬਣਿਆ ਤੇਰੀ ਘੋੜੀ ਬਣੀ

ਘੋੜੀ ਨਾਲ ਤਾਂ ਲਗੜੇ ਛਾਬੇ ਵੇ
ਵੇ ਤੂੰ ਨਾ ਡਰ ਮਾਂ ਦਿਆ ਲਾਡਲਿਆ
ਤੇਰਾ ਕਾਜ ਸਵਾਰਨ ਤੇਰੇ ਬਾਬੇ ਵੇ
ਘੋੜੀ ਚਾੜ੍ਹਨਗੇ ਪੈਸੇ ਸੁੱਟਣਗੇ
ਸੋਹਣਾ ਢੁੱਕਣਗੇ
ਡੋਲਾ ਲੈ ਵੇ ਘਰਾ ਨੂੰ ਆਵਣਗੇ।

ਮੱਲਾ ਤੂੰ ਬਣਿਆ ਤੇਰੀ ਘੋੜੀ ਬਣੀ
ਘੋੜੀ ਨਾਲ ਤਾਂ ਲਗੜੇ ਜਾਮੇ ਵੇ
ਵੇ ਤੂੰ ਨਾ ਡਰ ਮਾਂ ਦਿਆ ਲਾਡਲਿਆ
ਤੇਰਾ ਕਾਜ ਸਵਾਰਨ ਤੇਰੇ ਮਾਮੇ ਵੇ
ਘੋੜੀ ਚਾੜ੍ਹਨਗੇ ਪੈਸੇ ਸੁੱਟਣਗੇ
ਸੋਹਣਾ ਢੁੱਕਣਗੇ
ਡੋਲਾ ਲੈ ਵੇ ਘਰਾ ਨੂੰ ਆਵਣਗੇ।

ਮੱਲਾ ਤੂੰ ਬਣਿਆ ਤੇਰੀ ਘੋੜੀ ਬਣੀ
ਘੋੜੀ ਨਾਲ ਤਾਂ ਲਗੜੇ ਲਾਚੇ ਵੇ
ਵੇ ਤੂੰ ਨਾ ਡਰ ਮਾਂ ਦਿਆ ਲਾਡਲਿਆ
ਤੇਰਾ ਕਾਜ ਸਵਾਰਨ ਤੇਰੇ ਚਾਚੇ ਵੇ
ਘੋੜੀ ਚਾੜ੍ਹਨਗੇ ਪੈਸੇ ਸੁੱਟਣਗੇ
ਸੋਹਣਾ ਢੁੱਕਣਗੇ
ਡੋਲਾ ਲੈ ਵੇ ਘਰਾ ਨੂੰ ਆਵਣਗੇ
ਵੀਰਾ ਤੂੰ ਬਣਿਆ ਤੇਰੀ ਘੋੜੀ ਬਣੀ
ਵੀਰਾ ਤੂੰ ਬਣਿਆ ਤੇਰੀ ਘੋੜੀ ਬਣੀ।

ਜੇ ਤੈਨੂੰ ਘੋੜੀ ਦਾ ਚਾਅ ਵੇ ਵੀਰਾ ਬੰਨਿਆ
ਤੇਰੀ ਕਾਠੀ ਸਜਾਵਣ ਆਈਆਂ
ਵੇ ਅੱਗੇ ਭੈਣਾ ਤੇ ਭਰਜਾਈਆਂ
ਵੇ ਪਿੱਛੇ ਤਾਇਆ ਚਾਚਿਆ ਦੀਆਂ ਜਾਈਆਂ
ਵੇ ਪਿੱਛੇ ਆਂਢਣਾ ਗੁਆਂਢਣਾ ਵੀ ਆਈਆਂ
ਵੇ ਵੀਰਾ ਬੰਨਿਆ
ਜੇ ਤੈਨੂੰ ਚੀਰੇ ਦਾ ਚਾਅ ਵੇ ਵੀਰਾ ਬੰਨਿਆ
ਤੇਰੀ ਕਲਗੀ ਸਜਾਵਣ ਆਈਆਂ
ਵੇ ਅੱਗੇ ਭੈਣਾ ਪਿੱਛੇ ਭਰਜਾਈਆਂ
ਵੇ ਪਿੱਛੇ ਤਾਇਆ ਚਾਚਿਆ ਦੀਆਂ ਜਾਈਆਂ
ਵੇ ਪਿੱਛੇ ਤਾਇਆ ਆਂਢਣਾ ਗੁਆਂਢਣਾ ਵੀ ਆਈਆਂ
ਵੇ ਵੀਰਾ ਬੰਨਿਆ
ਜੇ ਤੈਨੂੰ ਸਿਹਰੇ ਦਾ ਚਾਅ ਵੇ ਵੀਰਾ ਬੰਨਿਆ
ਤੇਰੀਆ ਕਲੀਆਂ ਸਜਾਵਣ ਆਈਆਂ
ਵੇ ਅੱਗੇ ਭੈਣਾ ਪਿੱਛੇ ਭਰਜਾਈਆਂ
ਤੇ ਪਿੱਛੇ ਤਾਇਆ ਚਾਚਿਆ ਦੀਆਂ ਜਾਈਆਂ
ਵੇ ਪਿੱਛੇ ਆਂਢਣਾ ਗੁਆਂਢਣਾ ਵੀ ਆਈਆਂ
ਵੇ ਵੀਰਾ ਬੰਨਿਆ।

ਉੱਪਰ ਤਾਂ ਵਾੜੇ ਤੈਨੂੰ ਸਦੀਏ, ਨੀ ਸਾਲੂ ਵਾਲੀਏ
ਆ ਕੇ ਸਾਹਾ ਨੀ ਸਦਾ ਦਿਲਾਂ ਵਿਚ ਵਸ ਰਹੀਏ

ਸਾਹਾ ਸੁਧਾਵਣ ਤੇਰੇ ਬਾਪ ਦਾਦੇ
ਚੀਰੇ ਵਾਲਿਆ ਵੇ
ਜਿਨ੍ਹਾਂ ਦੇ ਮਨ ਚਾਉ ਦਿਲਾਂ ਵਿਚ ਵਸ ਰਹੀਏ

ਉੱਪਰ ਤਾਂ ਵਾੜੇ ਤੈਨੂੰ ਸਦੀਏ ਨੀ ਸਾਲੂ ਵਾਲੀਏ
ਆ ਕੇ ਤਾਂ ਵਰੀ ਨੀ ਬਣਾ ਦਿਲਾਂ ਵਿਚ ਵਸ ਰਹੀ ਏ
ਵਰੀ ਬਨਾਵਣ ਤੇਰੀ ਭੂਆ ਤੇ ਭੈਣਾ
ਚੀਰੇ ਵਾਲਿਆ ਵੇ
ਜਿਨ੍ਹਾਂ ਦੇ ਮਨ ਚਾਉ ਦਿਲਾਂ ਵਿਚ ਵਸ ਰਹੀਏ।

ਉੱਪਰ ਤਾਂ ਵਾੜੇ ਤੈਨੂੰ ਸਦੀਏ ਨੀ ਸਾਲੂ ਵਾਲੀਏ
ਆ ਕੇ ਚੱਕੀ ਨੀ ਧਰਾ, ਦਿਲਾਂ ਵਿਚ ਵਸ ਰਹੀਏ
ਚੱਕੀ ਧਰਾਉਣ ਤੇਰੀਆਂ ਚਾਚੀਆਂ ਤਾਈਆਂ
ਚੀਰੇ ਵਾਲਿਆ ਵੇ
ਜਿਨ੍ਹਾਂ ਦੇ ਮਨ ਚਾਉ ਦਿਲਾਂ ਵਿਚ ਵਸ ਰਹੀਏ।

ਆਪਣੇ ਵੀਰੇ ਦੇ ਸ਼ਗਨ ਮਨਾ ਰਹੀ ਆ
ਸੁੱਖੀ ਲੱਧੜੇ ਦੀਆਂ ਘੋੜੀਆ ਗਾ ਰਹੀ ਆ

ਲਿਆਵੋ ਨੀ ਲਿਆਵੋ ਚੰਦਨ ਦੀ ਚੌਕੀ ਮੇਰੇ ਵੀਰੇ
ਮੇਰੇ ਵੀਰੇ ਨੂੰ ਖਾਰੇ ਚੜ੍ਹਾ ਰਹੀ ਆ
ਸੁੱਖੀ ਲੱਧੜੇ ਦੀਆਂ ਘੋੜੀਆ ਗਾ ਰਹੀ ਆ
ਆਪਣੇ ਵੀਰੇ ਦੇ ਸ਼ਗਨ ਮਨਾ ਰਹੀ ਆ

ਲਿਆਵੋ ਨੀ ਲਿਆਵੋ ਰੇਸ਼ਮ ਦਾ ਜੋੜਾ
ਮੈਂ ਵੀਰੇ ਨੂੰ ਜੋੜਾ ਪਹਿਨਾ ਰਹੀ ਆ
ਰਾਜੇ ਵੀਰੇ ਦੇ ਸ਼ਗਨ ਮਨਾ ਰਹੀ ਆ
ਸੁੱਖੀ ਲੱਧੜੇ ਦੀਆਂ ਘੋੜੀਆ ਗਾ ਰਹੀ ਆ।

ਲਿਆਵੋ ਲਿਆਵੋ ਨੀ ਜੰਮੂ ਦਾ ਮੋਤੀਆ
ਮੇਰੇ ਵੀਰੇ ਨੂੰ ਸਿਹਰਾ ਬਨ੍ਹਾ ਰਹੀ ਆ
ਰਾਜੇ ਵੀਰੇ ਦੇ ਸ਼ਗਨ ਮਨਾ ਰਹੀ ਆ
ਸੁੱਖੀ ਲੱਧੜੇ ਦੀਆਂ ਘੋੜੀਆ ਗਾ ਰਹੀ ਆ।

ਲਿਆਵੋ ਲਿਆਵੋ ਨੀ ਦਿੱਲੀ ਦੀਆਂ ਮੋਹਰਾਂ
ਮੈਂ ਵੀਰੇ ਨੂੰ ਨਿੰਉਂਦਾ ਪਾ ਰਹੀ ਆ
ਰਾਜੇ ਵੀਰੇ ਦੇ ਸ਼ਗਨ ਮਨਾ ਰਹੀ ਆ
ਸੁੱਖੀ ਲੱਧੜੇ ਦੀਆਂ ਘੋੜੀਆ ਗਾ ਰਹੀ ਆ।



ਵੀਰਾ ਤੇਰੇ ਚੀਰੇ ਨੂੰ ਅਤਰ ਲਗਾ ਦਿੰਨੀ ਆਂ

ਚੰਦਾ ਵੇ ਸੋਹਣਿਆ
ਤੂੰ ਬੰਨ੍ਹ ਵੇ ਰਾਣੀ ਬੇਗਮ ਦੇ ਜਾਇਆ
ਚੰਦਾ ਵੇ ਤੇਰਾ ਰਾਜ ਸਵਾਇਆ
ਵੀਰਾ ਮੈਂ ਤੇਰੇ ਸ਼ਗਨ ਮਨਾਉਂਦੀ ਆਂ
ਤੇਰੀਆਂ ਭਾਬੀਆਂ ਹਰੀ ਮੰਗਲ ਗਾਉਂਦੀ ਆਂ
ਘੋੜੀ ਚੜ੍ਹਦੇ ਦੇ ਸ਼ੁਰਮਾ ਪਾਉਂਦੀ ਆਂ।

ਤੇਰੀ ਕਲਗੀ ਨੂੰ ਅਤਰ ਲਗਾ ਦਿੰਨੀ ਆਂ
ਕਲਗੀ ਵਾਲੇ ਨੂੰ ਅਤਰ ਲਗਾ ਦਿੰਨੀ ਆਂ
ਚੰਦਾ ਵੇ ਸੋਹਣਿਆ
ਤੂੰ ਪਹਿਨ ਵੇ ਰਾਣੀ ਬੇਗਮ ਦੇ ਜਾਇਆ
ਚੰਦਾ ਵੇ ਤੇਰਾ ਰੂਪ ਸਵਾਇਆ
ਵੀਰਾ ਵੇ ਮੈਂ ਤੇਰੇ ਸ਼ਗਨ ਮਨਾਉਂਦੀ ਆਂ
ਤੇਰੀਆਂ ਭਾਬੀਆਂ ਹਰੀ ਮੰਗਲ ਗਾਉਂਦੀ ਆਂ
ਘੋੜੀ ਚੜ੍ਹਦੇ ਨੂੰ ਸ਼ੁਰਮਾ ਪਾਉਂਦੀ ਆਂ

ਵੀਰਾ ਵੇ ਤੇਰੇ ਕੰਠੇ ਨੂੰ ਅਤਰ ਲਗਾ ਦਿੰਨੀ ਆਂ
ਕੰਠੇ ਵਾਲੇ ਨੂੰ ਅਤਰ ਲਗਾ ਦਿੰਨੀ ਆਂ
ਚੰਦਾ ਵੇ ਸੋਹਣਿਆ
ਤੂੰ ਪਹਿਨ ਵੇ ਰਾਣੀ ਬੇਗਮ ਦੇ ਜਾਇਆ
ਚੰਦਾ ਵੇ ਚੜ੍ਹਿਆ ਰੂਪ ਸਵਾਇਆ
ਵੀਰਾ ਤੇਰੇ ਸ਼ਗਨ ਮਨਾਉਂਦੀ ਆਂ
ਤੇਰੀਆਂ ਭਾਬੀਆਂ ਹਰੀ ਮੰਗਲ ਪਾਉਂਦੀ ਆਂ

ਰਾਜਾ ਕਹਿੰਦਾ ਰਾਣੀਏ, ਸੁਣ ਮੇਰੀ ਬਾਤ,
ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦੇਈਏ
ਪਾਂਧੇ ਕੋਲ ਜਾਈਏ ਵੇ ਰਾਜਾ ਸਾਹਾ ਸੁਧਾਈਏ,
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ
ਪੁੱਤਰਾਂ ਦਾ ਜੰਮਣਾ ਵੇ ਰਾਜਾ ਨੂੰਹਾਂ ਦਾ ਆਵਣਾ,
ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਓਂ।

ਰਾਜਾ ਕਹਿੰਦਾ ਰਾਣੀਏ, ਸੁਣ ਮੇਰੀ ਬਾਤ,
ਨੀ ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦੇਈਏ
ਦਰਜੀ ਬਿਠਾਈਏ ਵੇ ਰਾਜਾ ਕੱਪੜੇ ਸੁਆਈਏ,
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ
ਪੁੱਤਰਾਂ ਦਾ ਜੰਮਣਾ, ਵੇ ਰਾਜਾ ਨੂੰਹਾਂ ਦਾ ਆਵਣਾ,
ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਓਂ।

ਰਾਜਾ ਕਹਿੰਦਾ ਰਾਣੀਏ, ਸੁਣ ਮੇਰੀ ਬਾਤ ਨੀ,
ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦੇਈਏ
ਸੁਨਿਆਰੇ ਦੇ ਜਾਈਏ, ਵੇ ਰਾਜਾ ਗਹਿਣੇ ਬਨਾਈਏ,
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ
ਪੁੱਤਰਾਂ ਦਾ ਜੰਮਣਾ, ਵੇ ਰਾਜਾ ਨੂੰਹਾਂ ਦਾ ਆਵਣਾ,
ਇੰਦਰ ਦੀ ਵਰਖਾ ਵੇ ਰਾਜ ਨਿੱਤ ਨਹੀਓਂ।

ਰਾਜਾ ਕਹਿੰਦਾ ਰਾਣੀਏ, ਸੁਣ ਮੇਰੀ ਬਾਤ ਨੀ,
ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦੇਈਏ
ਮਾਲਣ ਦੇ ਜਾਈਏ ਸਿਹਰਾ ਗੁੰਦਵਾਈਏ,
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ
ਪੁੱਤਰਾ ਦਾ ਜੰਮਣਾ, ਵੇ ਰਾਜਾ ਨੂੰਹਾਂ ਦਾ ਆਵਣਾ,
ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਓਂ।

ਦੂਰੋਂ ਲਾਹੌਰੋ ਮੈਂ ਪਾਂਧਾ ਮੰਗਾਉਨੀ ਆਂ
ਮੈਂ ਵੀਰੇ ਜੀ ਦਾ ਸਾਹਾ ਸੁਧਾ ਲੈਨੀ ਆਂ
ਆ ਵੇ ਵੀਰਾ ਬਾਗੀ ਸੈਰ ਕਰੇਦਿਆ
ਆ ਵੇ ਵੀਰਾ ਭਾਈਆ ਨਾਲ ਖੇਡਦਿਆ

ਆ ਵੇ ਵੀਰਾ ਮੁੱਖੋਂ ਪਾਨ ਚਬੇਦਿਆ
ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ।

ਦੂਰੋਂ ਲਾਹੌਰੋ ਮੈਂ ਦਰਜੀ ਮੰਗਾਉਨੀ ਆਂ
ਮੈਂ ਵੀਰੇ ਜੀ ਦਾ ਜਾਮਾ ਸੁਆ ਲੈਨੀ ਆਂ
ਆ ਵੇ ਵੀਰਾ ਬਾਗੀ ਸੈਰ ਕਰੇਦਿਆ
ਆ ਵੇ ਵੀਰਾ ਭਾਈਆ ਨਾਲ ਖੇਡਦਿਆ
ਆ ਵੇ ਵੀਰਾ ਮੁੱਖੋਂ ਪਾਨ ਚਬੇਦਿਆ
ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ।

ਦੂਰੋਂ ਲਾਹੌਰੋ ਮੈਂ ਲਾਲਾਰੀ ਮੰਗਾਉਨੀ ਆਂ
ਮੈਂ ਵੀਰੇ ਜੀ ਦਾ ਚੀਰਾ ਰੰਗਾ ਲੈਨੀ ਆਂ
ਆ ਵੇ ਵੀਰਾ ਬਾਗੀ ਸੈਰ ਕਰੇਦਿਆ
ਆ ਵੇ ਵੀਰਾ ਭਾਈਆ ਨਾਲ ਖੇਡਦਿਆ
ਆ ਵੇ ਵੀਰਾ ਮੁੱਖੋਂ ਪਾਨ ਚਬੇਦਿਆ
ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ।

ਦੂਰੋਂ ਲਾਹੌਰੋ ਮੈਂ ਗਾਨਾ ਮੰਗਾਉਨੀ ਆਂ
ਮੈਂ ਵੀਰੇ ਜੀ ਦਾ ਗਾਨਾ ਬੰਨ ਦੇਨੀ ਆਂ
ਆ ਵੇ ਵੀਰਾ ਬਾਗੀ ਸੈਰ ਕਰੇਦਿਆ
ਆ ਵੇ ਵੀਰਾ ਭਾਈਆ ਨਾਲ ਖੇਡਦਿਆ
ਆ ਵੇ ਵੀਰਾ ਮੁੱਖੋਂ ਪਾਨ ਚਬੇਦਿਆ
ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ।
ਦੂਰੋਂ ਲਾਹੌਰੋ ਮੈਂ ਘੋੜੀ ਮੰਗਾਉਨੀ ਆਂ
ਮੈਂ ਵੀਰੇ ਨੂੰ ਘੋੜੀ ਚੜ੍ਹਾ ਲੈਨੀ ਆਂ
ਆ ਵੇ ਵੀਰਾ ਬਾਗੀ ਸੈਰ ਕਰੇਦਿਆ
ਆ ਵੇ ਵੀਰਾ ਭਾਈਆ ਨਾਲ ਖੇਡਦਿਆ
ਆ ਵੇ ਵੀਰਾ ਮੁੱਖੋਂ ਪਾਨ ਚਬੇਦਿਆ
ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ
ਮੈਂ ਵੀਰੇ ਨੂੰ ਜੰਞ ਚੜ੍ਹਾ ਲੈਨੀ ਆਂ